@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1
Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Wednesday, 1 December 2024

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 1 ਜਨਵਰੀ 2025, 18 ਪੋਹ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 52, qpatrika@gmail.com ਫੋਨ : 9971359517 www.qaumipatrika.org

## ਗੁਰਦੁਆਰਾ ਪਹੁੰਚੀ ਮੁੱਖ ਮੰਤਰੀ ਆਤਿਸ਼ੀ, ਗ੍ਰੰਥੀਆਂ ਦਾ 'ਆਪ' ਸਰਕਾਰ ਦੀ ਯੋਜਨਾ ਲਈ ਕੀਤਾ ਰਜਿਸਟਰੇਸ਼ਨ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 31 ਦਸੰਬਰ। ਦਿੱਲੀ ਦੀ ਮੁੱਖ ਮੰਤਰੀ ਆਤਿਸ਼ੀ ਨੇ ਆਮ ਆਦਮੀ ਪਾਰਟੀ (ਆਪ) ਸਰਕਾਰ ਵਲੋਂ ਹਾਲ 'ਚ ਐਲਾਨ ਸਨਮਾਨ ਰਾਸ਼ੀ ਦੇਣ ਨਾਲ ਸੰਬੰਧਤ ਯੋਜਨਾ ਲਈ ਮੰਗਲਵਾਰ ਨੂੰ ਕਰੋਲ ਬਾਗ ਖੇਤਰ ਸਥਿਤ ਇਕ ਗੁਰਦੁਆਰੇ ਦੇ ਗ੍ਰੰਥੀਆਂ ਦਾ ਰਜਿਸਟਰੇਸ਼ਨ ਕੀਤਾ। ਆਤਿਸ਼ੀ ਨੇ ਆਪਣੇ ਦੌਰੇ ਦੌਰਾਨ, ਮੱਧ ਦਿੱਲੀ 'ਚ ਸੰਤ ਸੁਜਾਨ ਸਿੰਘ ਮਹਾਰਾਜ ਗੁਰਦੁਆਰੇ 'ਚ ਮੱਥਾ ਟੇਕਿਆ। 'ਆਪ' ਮੁਖੀ ਕੇਜਰੀਵਾਲ ਨੇ ਸੋਮਵਾਰ ਨੂੰ ਐਲਾਨ ਕੀਤਾ ਕਿ ਜੇਕਰ ਉਨ੍ਹਾਂ ਦੀ ਪਾਰਟੀ ਦਿੱਲੀ 'ਚ ਮੁੜ ਸੱਤਾ 'ਚ ਆਉਂਦੀ ਹੈ ਤਾਂ ਮੰਦਰਾਂ ਦੇ ਪੁਜਾਰੀਆਂ ਅਤੇ ਗੁਰਦੁਆਰਿਆਂ ਦੇ ਗ੍ਰੰਥੀਆਂ ਨੂੰ 18 ਹਜਾਰ ਰੁਪਏ ਮਹੀਨਾਵਾਰ ਸਨਮਾਨ ਰਾਸ਼ੀ ਦਿੱਤੀ ਜਾਵੇਗੀ। ਕੇਜਰੀਵਾਲ ਨੇ ਮੰਗਲਵਾਰ ਨੂੰ ਇੱਥੇ ਕਸ਼ਮੀਰੀ ਗੇਟ ਆਈਐੱਸਬੀਟੀ ਕੋਲ ਸਥਿਤ ਮਰਘਟ ਵਾਲੇ ਬਾਬਾ ਮੰਦਰ ਦੇ ਪੁਜਾਰੀ ਦਾ ਰਜਿਸਟਰੇਸ਼ਨ ਕਰਨ ਦੇ ਨਾਲ ਹੀ ਦਿੱਲੀ ਸਰਕਾਰ ਦੀ 'ਪੁਜਾਰੀ ਗ੍ਰੰਥੀ ਸਨਮਾਨ ਯੋਜਨਾ' ਦੀ ਸ਼ੁਰੂਆਤ ਕੀਤੀ। ਕੇਜਰੀਵਾਲ ਨੇ ਕਿਹਾ ਕਿ 'ਆਪ' ਜੇਕਰ ਦਿੱਲੀ 'ਚ ਵਿਧਾਨ ਸਭਾ ਚੋਣਾਂ ਤੋਂ ਬਾਅਦ ਮੁੜ ਸੱਤਾ



'ਚ ਆਉਂਦੀ ਹੈ ਤਾਂ ਸਾਰੇ ਹਿੰਦੂ ਮੰਦਰ ਦੇ ਪੁਜਾਰੀਆਂ ਅਤੇ ਗ੍ਰੰਥੀਆਂ ਨੂੰ 18 ਹਜਾਰ ਰੁਪਏ ਦੀ ਮਹੀਨਾਵਾਰ ਸਨਮਾਨ ਰਾਸ਼ੀ ਦਿੱਤੀ ਜਾਵੇਗੀ। ਕੇਜਰੀਵਾਲ ਨੇ ਕਿਹਾ ਕਿ 'ਆਪ' ਵਰਕਰਾਂ ਵਲੋਂ ਸ਼ਹਿਰ ਭਰ ਦੇ ਹੋਰ ਮੰਦਰਾਂ ਅਤੇ ਗੁਰਦੁਆਰਿਆਂ 'ਚ ਰਜਿਸਟਰੇਸ਼ਨ ਕੀਤਾ ਜਾਵੇਗਾ।

## ਮਹਾਕੁੰਭ 'ਚ ਭਗਵਾਨ ਸ਼ਿਵ ਦੇ ਵਿਸ਼ਾਲ ਡਮਰੂ ਅਤੇ ਤ੍ਰਿਸ਼ੂਲ ਦੇ ਜਰੂਰ ਕਰੋ ਦਰਸ਼ਨ : ਯੋਗੀ

ਲਖਨਊ 31 ਦਸੰਬਰ। ਉੱਤਰ ਪ੍ਰਦੇਸ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੇ ਦਫਤਰ ਨੇ ਮੰਗਲਵਾਰ ਨੂੰ ਲੋਕਾਂ ਨੂੰ ਪ੍ਰਯਾਗਰਾਜ ਵਿਚ ਮਹਾਕੁੰਭ ਵਿਚ ਪਹੁੰਚ ਕੇ ਕਾਂਸੀ ਅਤੇ ਹੋਰ ਧਾਤਾਂ ਨਾਲ ਬਣੇ ਭਗਵਾਨ ਸ?ਿਵ ਦੇ ਵਿਸਾਲ ਡਮਰੂ ਅਤੇ ਤ੍ਰਿਸੂਲ ਦੇ ਦਰਸਨ ਕਰਨ ਲਈ ਅਪੀਲ ਕੀਤੀ। ਮੁੱਖ ਮੰਤਰੀ ਦਫਤਰ ਨੇ ਮੰਗਲਵਾਰ ਨੂੰ ਸੋਸਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇਕ ਪੋਸਟ 'ਚ ਕਿਹਾ,"ਲੋਕ ਵਿਸਵਾਸ ਦੇ ਮਹਾਨ ਤਿਉਹਾਰ 'ਪ੍ਰਯਾਗਰਾਜ ਮਹਾਕੁੰਭ' 'ਚ ਆਉਣ ਵਾਲੇ ਸਰਧਾਲੂਆਂ ਲਈ ਕਈ ਆਕਰਸਕ ਸਥਾਨ ਵਿਕਸਿਤ ਕੀਤੇ ਗਏ ਹਨ।" ਇਸੇ ਪੋਸਟ ਨੇ ਕਿਹਾ,"ਇਸ ਐਪੀਸੋਡ 'ਚ ਝੂੰਸੀ 'ਚ ਸਥਾਪਿਤ ਭਗਵਾਨ ਸ?ਿਵ ਦਾ ਵਿਸਾਲ ਡਮਰੂ ਅਤੇ ਤ੍ਰਿਸੂਲ ਖਿੱਚ ਦਾ ਕੇਂਦਰ ਬਣ ਰਹੇ ਹਨ। ਮਹਾਕੁੰਭ 'ਚ ਆਓ, ਕਾਂਸੀ ਅਤੇ ਹੋਰ ਧਾਤਾਂ ਦੇ ਬਣੇ ਇਸ ਡਮਰੂ ਅਤੇ ਤ੍ਰਿਸੂਲ ਦੇ ਦਰਸਨ ਕਰੋ।" ਹਰ 12 ਸਾਲ ਬਾਅਦ ਆਯੋਜਿਤ ਹੋਣ ਵਾਲਾ ਮਹਾਕੁੰਭ ਇਸ ਵਾਰ ਪ੍ਰਯਾਗਰਾਜ 'ਚ 13 ਜਨਵਰੀ ਤੋਂ 26 ਫਰਵਰੀ 2025 ਦਰਮਿਆਨ ਆਯੋਜਿਤ ਕੀਤਾ ਜਾਵੇਗਾ। ਇਕ ਮਾਹਰ ਨੇ ਦੱਸਿਆ ਕਿ ਤ੍ਰਿਵੇਣੀਪੁਰਮ, ਝੂੰਸੀ 'ਚ 2 ਓਵਰਹੈੱਡ ਬ੍ਰਿਜਾਂ ਦੇ ਵਿਚਕਾਰ ਖਾਲੀ ਥਾਂ ਨੂੰ ਦੋ ਪਾਰਕਾਂ ਵਜੋਂ ਵਿਕਸਿਤ ਕੀਤਾ ਜਾ ਰਿਹਾ ਹੈ ਅਤੇ ਦੋਵਾਂ ਪਾਰਕਾਂ ਦੇ ਵਿਚਕਾਰ ਇਕ ਕੰਕਰੀਟ ਪਲੇਟਫਾਰਮ ਬਣਾਇਆ ਗਿਆ ਹੈ। ਇਸ ਵਿਚ ਇਕ ਥੜ੍ਹੇ 'ਤੇ ਇਕ ਵਿਸਾਲ ਡਮਰੂ ਅਤੇ ਤ੍ਰਿਸ਼ੂਲ ਲਗਾਇਆ ਗਿਆ ਸੀ, ਜਿਸ ਦਾ ਵਜਨ ਤਿੰਨ ਟਨ ਸੀ।




May God bless you with a safe, healthy, and joyous New Year.

*Editor : GURCHARAN SINGH BABBAR*

## ਹੈਰੋਇਨ ਤਸਕਰੀ 'ਚ ਸ਼ਾਮਲ 2 ਨਾਈਜੀਰੀਅਨ ਨਾਗਰਿਕ ਗ੍ਰਿਫਤਾਰ

ਨਵੀਂ ਦਿੱਲੀ 31 ਦਸੰਬਰ। ਦਿੱਲੀ ਪੁਲਸ ਨੇ 2 ਨਾਈਜੀਰੀਅਨ ਨਾਗਰਿਕਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਕਬਜੇ 'ਚੋਂ ਕਥਿਤ ਤੌਰ 'ਤੇ 442 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਇਕ ਅਧਿਕਾਰੀ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਗ੍ਰਿਫਤਾਰ ਕੀਤੇ ਗਏ ਵਿਅਕਤੀ, ਅਮਾਨਸ ਓਸੇਰੇਟਿਨ ਉਰਫ ਫਰੇਡ ਅਤੇ ਥਾਮਪਸਨ ਉਰਫ ਐਮੇਕਾ ਕਥਿਤ ਤੌਰ 'ਤੇ ਦਿੱਲੀ-ਰਾਸਟਰੀ ਰਾਧਾਨੀ ਖੇਤਰ (ਐੱਨਸੀਆਰ) 'ਚ ਹੈਰੋਇਨ ਵੰਡਣ ਵਾਲੇ ਇਕ ਗਿਰੋਹ ਨਾਲ ਜੁੜੇ ਹੋਏ ਸਨ। ਪੁਲਸ ਦੇ ਡਿਪਟੀ ਕਮਿਸਨਰ (ਦੱਖਣ-ਪੱਛਮੀ) ਰਵੀ ਕੁਮਾਰ ਸਿੰਘ ਨੇ ਦੱਸਿਆ ਕਿ 26 ਦਸੰਬਰ ਨੂੰ ਸੂਚਨਾ ਮਿਲੀ ਕਿ ਇਕ ਕਾਰ ਆਸਰਮ ਰਿੰਗ ਰੋਡ ਨੇੜੇ ਆਏਗੀ। ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਪੁਲਸ ਟੀਮ ਨੇ ਫਰੇਡ ਨੂੰ ਕਾਬੂ ਕਰ ਲਿਆ ਅਤੇ ਕਾਰ ਦੀ ਤਲਾਸੀ ਦੌਰਾਨ ਉਸ ਦੀ ਜੈਕੇਟ ਦੀ ਜੇਬ 'ਚੋਂ 442 ਗ੍ਰਾਮ ਹੈਰੋਇਨ ਬਰਾਮਦ ਹੋਈ। ਉਨ੍ਹਾਂ ਦੱਸਿਆ ਕਿ ਫਰੇਡ ਨੇ ਇਸ 'ਚ ਉਸ ਦੇ ਸਹਿਯੋਗੀ ਥਾਮਪਸਨ ਦੇ ਸ਼ਾਮਲ ਹੋਣ ਦਾ ਖੁਲਾਸਾ ਕੀਤਾ, ਜਿਸ ਤੋਂ ਬਾਅਦ ਉਸ ਨੂੰ ਵੀ ਨਿਲੋਥੀ ਐਕਸਟੇਂਸ਼ਨ 'ਚ ਗ੍ਰਿਫਤਾਰ ਕਰ ਲਿਆ ਗਿਆ। ਨਸ਼ੀਲੇ ਪਦਾਰਥਾਂ ਦੇ ਲੈਣ-ਦੇਣ ਲਈ ਇਸਤੇਮਾਲ ਕੀਤੇ ਗਏ ਚਾਰ ਮੋਬਾਇਲ ਫੋਨ ਵੀ ਜਬਤ ਕੀਤੇ ਗਏ। ਪੁਲਸ ਨੇ ਕਿਹਾ ਕਿ ਗ੍ਰਿਫਤਾਰ ਕੀਤੇ ਗਏ ਵਿਅਕਤੀ ਕਈ ਸੂਬਿਆਂ 'ਚ ਨਸ਼ੀਲੇ ਪਦਾਰਥ ਵੰਡਣ ਵਾਲੇ ਗਿਰੋਹ ਨੂੰ ਚਲਾਉਂਦੇ ਸਨ। ਪੁਲਸ ਨੇ ਦੱਸਿਆ ਕਿ ਫਰੇਟ (47) ਉੱਤਰ ਪ੍ਰਦੇਸ਼ ਦੇ ਗ੍ਰੇਟਰ ਨੋਇਡਾ 'ਚ ਰਹਿ ਰਿਹਾ ਸੀ ਪਰ ਉਹ ਮੂਲ ਰੂਪ ਨਾਲ ਨਾਈਜੀਰੀਆ ਦਾ ਵਾਸੀ ਹੈ। ਫਰੇਡ ਡਾਕਟਰੀ ਇਲਾਜ ਲਈ 2014 'ਚ ਭਾਰਤ ਆਇਆ ਸੀ। ਪੁਲਸ ਅਨੁਸਾਰ ਥਾਮਪਸਨ (47) ਵੀ ਮੈਡੀਕਲ ਕਾਰਨਾਂ ਕਰ ਕੇ 2021 'ਚ ਭਾਰਤ ਆਇਆ ਸੀ ਅਤੇ ਵੀਜਾ ਮਿਆਦ ਖਤਮ ਹੋਣ ਦੇ ਬਾਵਜੂਦ ਇੱਥੋਂ ਨਹੀਂ ਗਿਆ।

## ਓਪੀ ਚੌਟਾਲਾ ਦੀ ਰਸਮ ਪੱਗੜੀ, ਵੱਡੀ ਨੂੰਹ ਨੇ ਤੇਰ੍ਹਵੀਂ ਦੀਆਂ ਰਸਮਾਂ ਨਿਭਾਈਆਂ

**ਏਜੰਸੀਆਂ**

ਹਰਿਆਣਾ ਡੈਸਕ 31 ਦਸੰਬਰ। ਹਰਿਆਣਾ ਦੇ 5 ਵਾਰ ਮੁੱਖ ਮੰਤਰੀ ਰਹਿ ਚੁੱਕੇ ਓਪੀ ਚੌਟਾਲਾ ਦਾ ਅੱਜ ਸਿਰਸਾ ਦੇ ਪਿੰਡ ਚੌਟਾਲਾ 'ਚ ਰਸਮ ਪੱਗੜੀ ਅਤੇ ਸਰਧਾਂਜਲੀ ਸਭਾ ਹੋ ਰਹੀ ਹੈ। ਇੱਥੇ ਚੌਟਾਲਾ ਪਿੰਡ 'ਚ ਸਥਿਤ ਚੌਧਰੀ ਸਾਹਿਬਰਾਮ ਸਟੇਡੀਅਮ 'ਚ ਵਾਟਰ ਪਰੂਫ ਪੰਡਾਲ ਲਗਾਇਆ ਗਿਆ ਹੈ। ਓਪੀ ਚੌਟਾਲਾ ਦੀ ਤੇਰ੍ਹਵੀਂ ਦੀ ਰਸਮ 'ਚ ਘਰ ਦੀ ਵੱਡੀ ਨੂੰਹ ਨੈਨਾ ਚੌਟਾਲਾ ਨੇ ਗਊ ਪੂਜਾ ਦੀ ਰਸਮ ਅਦਾ ਕੀਤੀ। ਮੀਟਿੰਗ 'ਚ 10 ਹਜਾਰ ਲੋਕਾਂ ਦੇ ਖਾਣੇ ਦਾ ਪ੍ਰਬੰਧ ਹੈ। ਉਨ੍ਹਾਂ ਲਈ ਪੰਜ ਤਰ੍ਹਾਂ ਦੀਆਂ ਰੋਟੀਆਂ ਬਣਾਈਆਂ ਜਾ ਰਹੀਆਂ ਹਨ। ਸੀਐੱਮ ਨਾਇਬ ਸੈਣੀ, ਭਾਜਪਾ ਦੇ ਰਾਸਟਰੀ ਪ੍ਰਧਾਨ ਅਤੇ ਕੇਂਦਰੀ ਮੰਤਰੀ ਜੇਪੀ ਨੱਢਾ, ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਅ ਅਤੇ ਰਾਜਸਥਾਨ ਦੇ ਮੁੱਖ ਮੰਤਰੀ ਭਜਨ ਲਾਲ ਸਰਮਾ ਪਹੁੰਚੇ ਹਨ। ਪ੍ਰਸਾਸਨ ਨੇ ਸਿਰਸਾ 'ਚ ਧਾਰਾ 163 ਲਾਗੂ ਕਰ ਦਿੱਤੀ ਹੈ। ਚੌਟਾਲਾ ਪਿੰਡ ਦੇ ਆਲੇ-ਦੁਆਲੇ 5 ਕਿਲੋਮੀਟਰ ਦੇ ਖੇਤਰ 'ਚ ਡਰੋਨ ਅਤੇ ਗਲਾਈਡਰ ਉਡਾਉਣ 'ਤੇ ਪਾਬੰਦੀ ਹੈ। ਇਸ ਤੋਂ ਇਲਾਵਾ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਅਤੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ



ਬਾਦਲ ਪਹੁੰਚੇ ਹਨ। ਹਰਿਆਣਾ ਦੇ ਲੋਹ ਪੁਰਸ ਅਤੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ ਚੌਟਾਲਾ ਦੀ ਰਸਮ ਪੱਗੜੀ 'ਚ ਵਿਸਾਲ ਵਾਟਰਪਰੂਫ ਟੈਂਟਾਂ ਦੇ ਨਾਲ-ਨਾਲ ਧਾਰਮਿਕ ਅਤੇ ਸਰਧਾਂਜਲੀ ਪ੍ਰੋਗਰਾਮਾਂ ਲਈ ਵੱਖਰੀਆਂ ਸਟੇਜਾਂ ਬਣਾਈਆਂ ਗਈਆਂ ਹਨ। ਸਰਧਾਂਜਲੀ ਸਮਾਗਮ 'ਚ ਆਉਣ ਵਾਲਿਆਂ ਲਈ ਖਾਣੇ ਅਤੇ ਜਲੇਬੀ ਦਾ ਵਿਸੇਸ ਪ੍ਰਬੰਧ ਕੀਤਾ ਗਿਆ ਹੈ। ਇਸ ਮੌਕੇ ਪੰਜਾਬ ਦੇ ਸਾਬਕਾ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਮੇਤ ਹਰਿਆਣਾ, ਰਾਜਸਥਾਨ ਅਤੇ ਦਿੱਲੀ ਦੇ ਕਈ ਆਗੂ ਮੌਜੂਦ ਹਨ। ਕੜਾਕੇ ਦੀ ਸਰਦੀ ਦੇ ਬਾਵਜੂਦ ਸਰਧਾਂਜਲੀ ਸਮਾਗਮ ਲਈ ਪਿੰਡ ਚੌਟਾਲਾ 'ਚ ਤਿਆਰੀਆਂ ਜੋਰਾਂ 'ਤੇ ਹਨ। ਪ੍ਰੋਗਰਾਮ ਨੂੰ ਲੈ ਕੇ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ। ਹਰਿਆਣਾ ਪੁਲਸ ਦੀਆਂ 12 ਕੰਪਨੀਆਂ, 15 ਡੀਐੱਸਪੀ ਅਤੇ 9 ਡਿਊਟੀ ਮੈਜਿਸਟ੍ਰੇਟ ਤਾਇਨਾਤ ਕੀਤੇ ਗਏ ਹਨ। ਥਾਣਾ ਸਦਰ ਡੱਬਵਾਲੀ ਦੇ ਇੰਚਾਰਜ ਬ੍ਰਹਮ ਪ੍ਰਕਾਸ ਨੇ ਦੱਸਿਆ ਕਿ ਵੀਆਈਪੀ ਵਾਹਨਾਂ ਲਈ 2 ਸਪੈਸਲ ਪਾਰਕਿੰਗ ਅਤੇ ਹੋਰ ਵਾਹਨਾਂ ਲਈ ਪੰਜ ਵੱਖ-ਵੱਖ ਪਾਰਕਿੰਗ ਸਥਾਨ ਬਣਾਏ ਗਏ ਹਨ।

## ਦੇਸ਼ ਦੀ ਰੱਖਿਆ ਬਰਾਮਦ ਇਕ ਦਹਾਕੇ 'ਚ 21000 ਕਰੋੜ ਰੁਪਏ ਤੋਂ ਪਾਰ : ਰਾਜਨਾਥ

ਮਹੂ 31 ਦਸੰਬਰ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਭਾਰਤ ਦੀ ਰੱਖਿਆ ਬਰਾਮਦ ਇਕ ਦਹਾਕਾ ਪਹਿਲਾਂ 2,000 ਕਰੋੜ ਰੁਪਏ ਸੀ ਜੋ ਹੁਣ ਵੱਧ ਕੇ 21,000 ਕਰੋੜ ਰੁਪਏ ਨੂੰ ਵੀ ਪਾਰ ਕਰ ਗਈ ਹੈ। ਦੋ ਸਦੀਆਂ ਪੁਰਾਣੀ ਮੱਧ ਪ੍ਰਦੇਸ ਦੀ ਮਹੂ ਛਾਉਣੀ ਦੇ ਆਰਮੀ ਵਾਰ ਕਾਲਜ 'ਚ ਅਧਿਕਾਰੀਆਂ ਨੂੰ ਸੋਮਵਾਰ ਸੰਬੋਧਨ ਕਰਦਿਆਂ ਰਾਜਨਾਥ ਨੇ ਕਿਹਾ ਕਿ 2029 ਤੱਕ ਰੱਖਿਆ ਬਰਾਮਦ ਨੂੰ 50,000 ਕਰੋੜ ਰੁਪਏ ਤੱਕ ਲਿਜਾਣ ਦਾ ਟੀਚਾ ਮਿੱਥਿਆ ਗਿਆ ਹੈ। ਫੌਜੀ ਸਿਖਲਾਈ ਕੇਂਦਰ ਭਵਿੱਖ ਦੀਆਂ



ਚੁਣੌਤੀਆਂ ਦਾ ਸਾਹਮਣਾ ਕਰਨ ਲਈ ਜਵਾਨਾਂ ਨੂੰ ਤਿਆਰ ਕਰਨ 'ਚ ਅਹਿਮ ਭੂਮਿਕਾ ਨਿਭਾ ਰਹੇ ਹਨ। ਉਨ੍ਹਾਂ ਕਿਹਾ ਕਿ ਭਾਰਤ 'ਚ ਬਣੇ ਸਾਜੋ-ਸਾਮਾਨ ਨੂੰ ਦੂਜੇ ਦੇਸਾਂ 'ਚ ਭੇਜਿਆ ਜਾ ਰਿਹਾ ਹੈ। ਜੰਗ 'ਚ ਬੁਨਿਆਦੀ ਤਬਦੀਲੀਆਂ ਦਾ ਜ?ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸੂਚਨਾ ਜੰਗ, ਆਰਟੀਫੀਸੀਅਲ ਇੰਟੈਲੀਜੈਂਸ (ਏ.ਆਈ.) ਆਧਾਰਿਤ ਜੰਗ, ਅਖੌਤੀ ਜੰਗ, ਪੁਲਾੜ ਜੰਗ ਤੇ ਸਾਈਬਰ ਹਮਲੇ ਵਰਗੇ ਗੈਰ-ਰਵਾਇਤੀ ਤਰੀਕੇ ਵੱਡੀ ਚੁਣੌਤੀ ਬਣ ਰਹੇ ਹਨ।

## ਭਾਰਤ ਨੇ 2035 ਤੱਕ ਆਪਣਾ ਪੁਲਾੜ ਸਟੇਸ਼ਨ ਬਣਾਉਣ ਵੱਲ ਵਧਾਏ ਕਦਮ

ਨੈਸ਼ਨਲ ਡੈਸਕ 31 ਦਸੰਬਰ। ਸਾਲ 2035 ਤੱਕ ਦੋ-ਭਾਰਤੀ ਪੁਲਾੜ ਸਟੇਸਨ ਹਕੀਕਤ ਬਣ ਜਾਣ, ਇਸਰੋ ਇਸ ਪਾਸੇ ਤੇਜੀ ਨਾਲ ਕਦਮ ਵਧਾ ਰਿਹਾ ਹੈ। ਇਸ ਦੇ ਲਈ ਪਹਿਲਾ ਕਦਮ ਪੁਲਾੜ 'ਚ ਦੋ ਯਾਨਾਂ ਨੂੰ ਜੋੜਨ ਦੀ ਸਮਰੱਥਾ ਨੂੰ ਪ੍ਰਾਪਤ ਕਰਨਾ ਹੈ, ਯਾਨੀ ਡੌਕਿੰਗ। ਸਪੇਡੈਕਸ ਮਿਸਨ ਭਾਰਤ ਦੀ ਇਸ ਸਮਰੱਥਾ ਦਾ ਪ੍ਰਤੀਬਿੰਬ ਹੈ। ਸਪੇਡੈਕਸ ਅਸਲ 'ਚ ਸਪੇਸ ਡੌਕਿੰਗ ਪ੍ਰਯੋਗ ਲਈ ਇਕ ਸੰਖੇਪ ਸ਼ਬਦ ਹੈ। ਇਸ ਪ੍ਰਯੋਗ ਤਹਿਤ ਇਸਰੋ ਨੇ ਦੋ ਛੋਟੇ ਪੁਲਾੜ ਯਾਨਾਂ ਨੂੰ ਜੋੜਨ ਦੀ ਯੋਜਨਾ ਬਣਾਈ ਹੈ। ਇਸ ਦੇ ਤਹਿਤ ਨਾ ਸਿਰਫ ਦੋ ਪੁਲਾੜ ਯਾਨਾਂ ਨੂੰ ਜੋੜਨਾ ਹੈ, ਸਗੋਂ ਜੁੜਨ ਤੋਂ ਬਾਅਦ ਉਨ੍ਹਾਂ ਦਾ ਪੂਰਾ ਕੰਟਰੋਲ ਅਤੇ ਸਫਲਤਾ ਨਾਲ ਵੱਖ ਕਰਨਾ ਵੀ ਹੈ। ਸਪੇਡੈਕਸ ਮਿਸਨ ਤਹਿਤ ਪੁਲਾੜ 'ਚ ਡੌਕਿੰਗ ਕਰਨ ਵਾਲੇ ਦੋਵੇਂ ਯਾਨਾਂ ਦਾ ਵਜਨ 220-220 ਕਿਲੋਗ੍ਰਾਮ ਹੈ। ਦੋਵੇਂ ਯਾਨ ਪੂਰੀ ਤਰ੍ਹਾਂ ਡੌਕਿੰਗ ਸਮਰੱਥਾ ਨਾਲ ਲੈਸ ਹਨ ਅਤੇ ਇਨ੍ਹਾਂ 'ਚੋਂ ਕੋਈ ਵੀ ਇਕ ਯਾਨ ਸਰਗਰਮ ਰਹਿੰਦੇ ਹੋਏ ਡੌਕਿੰਗ ਕਰਨ ਦੇ ਸਮਰੱਥ ਹੈ। ਇਨ੍ਹਾਂ ਦੋਵੇਂ ਯਾਨਾਂ 'ਚ ਸੋਲਰ ਪੈਨਲ, ਲਿਥੀਅਮ ਦੀਆਂ ਬੈਟਰੀਆਂ ਅਤੇ ਰੋਬਸਟ ਪਾਵਰ ਮੈਨੇਜਮੈਂਟ ਸਿਸਟਮ ਹੈ। ਇਸ ਤੋਂ ਇਲਾਵਾ ਐਟੀਟਿਊਡ ਐਂਡ ਓਰਬਿਟ ਕੰਟਰੋਲ ਸਿਸਟਮ ਹੈ, ਜਿਸ 'ਚ ਕਈ ਤਰ੍ਹਾਂ ਦੇ ਸੈਂਸਰ ਹਨ, ਜਿਨ੍ਹਾਂ 'ਚ ਸਟਾਰ ਸੈਂਸਰ, ਸਨ (ਸੂਰਜ) ਸੈਂਸਰ, ਮੈਗਨੇਟੋਮੀਟਰ ਅਤੇ ਐਕਟੂਆਰੇਰਸ ਅਤੇ ਥ੍ਰਸਟਰ ਸ਼ਾਮਲ ਹਨ।

## ਕੇਰਲ ਦੀ ਨਰਸ ਨਿਮਿਸ਼ਾ ਨੂੰ ਬਚਾਉਣ ਦੀ ਕੋਸ਼ਿਸ਼ ਨਾਕਾਮ, ਯਮਨ ਦੇ ਰਾਸ਼ਟਰਪਤੀ ਨੇ ਫਾਂਸੀ ਨੂੰ ਦਿੱਤੀ ਮਨਜ਼ੂਰੀ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 31 ਦਸੰਬਰ। ਯਮਨ ਵਿਚ ਕੰਮ ਕਰਨ ਗਈ ਇਕ ਭਾਰਤੀ ਨਰਸ ਨਿਮਿਸ਼ਾ ਪ੍ਰਿਆ ਨੂੰ ਕਤਲ ਦੇ ਮਾਮਲੇ ਵਿਚ ਮੌਤ ਦੀ ਸਜਾ ਨੂੰ ਯਮਨ ਦੇ ਰਾਸ਼ਟਰਪਤੀ ਵੱਲੋਂ ਮਨਜੂਰੀ ਦੇ ਦਿੱਤੀ ਗਈ ਹੈ। ਸੋਮਵਾਰ ਨੂੰ, ਯਮਨ ਦੇ ਰਾਸਟਰਪਤੀ ਰਸਦ ਅਲ-ਅਲੀਮੀ ਨੇ ਕੇਰਲ ਦੀ ਨਰਸ ਲਈ ਮੌਤ ਦੀ ਸਜਾ ਦੇ ਅੰਤਿਮ ਆਦੇਸ 'ਤੇ ਦਸਤਖਤ ਕੀਤੇ। ਰਿਪੋਰਟਾਂ ਮੁਤਾਬਕ ਉਸ ਨੂੰ ਇਕ ਮਹੀਨੇ ਦੇ ਅੰਦਰ ਮੌਤ ਦੀ ਸਜਾ ਦਿੱਤੀ ਜਾਵੇਗੀ। ਨਿਮਿਸਾ 2017 ਤੋਂ ਯਮਨ ਦੀ ਜੇਲ੍ਹ ਵਿੱਚ ਬੰਦ ਹੈ। ਯਮਨ ਦੇ ਰਾਸਟਰਪਤੀ ਦਾ ਇਹ ਫੈਸਲਾ ਪ੍ਰਿਆ ਦੇ ਪਰਿਵਾਰ ਲਈ ਵੱਡਾ ਝਟਕਾ ਹੈ। ਪਰਿਵਾਰ ਆਪਣੀ 36 ਸਾਲਾ ਧੀ ਨੂੰ ਮੌਤ ਦੀ ਸਜਾ ਤੋਂ ਬਚਾਉਣ ਲਈ ਕਾਫੀ ਸਮੇਂ ਤੋਂ ਕੋਸ?ਿਸ ਕਰ ਰਿਹਾ ਸੀ। ਨਿਮਿਸਾ ਨੂੰ ਬਚਾਉਣ ਲਈ ਬਲੱਡ ਮਨੀ ਦੇਣ ਦੀ ਕੋਸ?ਿਸ ਕੀਤੀ ਗਈ ਅਤੇ ਰਾਸਟਰਪਤੀ ਤੋਂ ਮਾਫੀ ਵੀ ਮੰਗੀ ਗਈ ਪਰ ਨਾ ਤਾਂ ਬਲੱਡ ਮਨੀ 'ਤੇ ਗੱਲ ਬਣੀ ਅਤੇ ਨਾ ਹੀ ਰਾਸਟਰਪਤੀ ਤੋਂ ਮਾਫੀ ਮਿਲ ਸਕੀ। ਉਥੇ ਹੀ ਭਾਰਤ ਨੇ ਮੰਗਲਵਾਰ ਨੂੰ ਕਿਹਾ ਕਿ ਉਹ ਯਮਨ ਵਿਚ ਮੌਤ ਦੀ ਸਜਾ ਦਾ ਸਾਹਮਣਾ ਕਰ ਰਹੀ ਭਾਰਤੀ ਨਰਸ ਦੇ ਮਾਮਲੇ ਵਿਚ ਸਬੰਧਤ ਵਿਕਲਪਾਂ ਦੀ ਖੋਜ ਕਰਨ ਲਈ ਹਰ ਸੰਭਵ ਸਹਾਇਤਾ ਮੁਹੱਈਆ ਕਰਵਾ ਰਿਹਾ ਹੈ। ਵਿਦੇਸ ਮੰਤਰਾਲਾ () ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ, 'ਅਸੀਂ ਯਮਨ



ਵਿੱਚ ਸ੍ਰੀਮਤੀ ਨਿਮਿਸਾ ਪ੍ਰਿਆ ਦੀ ਸਜਾ ਤੋਂ ਜਾਣੂ ਹਾਂ। ਅਸੀਂ ਸਮਝਦੇ ਹਾਂ ਕਿ ਪ੍ਰਿਆ ਦਾ ਪਰਿਵਾਰ ਸਬੰਧਤ ਵਿਕਲਪਾਂ 'ਤੇ ਵਿਚਾਰ ਕਰ ਰਿਹਾ ਹੈ।' ਜੈਸਵਾਲ ਨੇ ਮੀਡੀਆ ਦੇ ਸਵਾਲ ਦੇ ਜਵਾਬ 'ਚ ਕਿਹਾ ਕਿ ਸਰਕਾਰ ਇਸ ਮਾਮਲੇ 'ਚ ਹਰ ਸੰਭਵ ਮਦਦ ਕਰ ਰਹੀ ਹੈ। ਜ?ਿਕਰਯੋਗ ਹੈ ਕਿ ਕੇਰਲ ਦੇ ਪਲੱਕੜ ਜ?ਿਲ੍ਹੇ ਦੀ ਰਹਿਣ ਵਾਲੀ ਨਿਮਿਸਾ ਪ੍ਰਿਆ ਨੂੰ ਯਮਨ ਦੇ ਨਾਗਰਿਕ ਤਲਾਲ ਅਬਦੋ ਮਹਿਦੀ ਦੇ ਕਤਲ ਕੇਸ ਵਿੱਚ ਸਾਲ 2017 ਵਿੱਚ ਮੌਤ ਦੀ ਸਜਾ ਸੁਣਾਈ ਗਈ ਸੀ। ਜਾਣਕਾਰੀ ਮੁਤਾਬਕ ਪ੍ਰਿਆ 2012 'ਚ ਨਰਸ ਦੇ ਤੌਰ 'ਤੇ ਯਮਨ ਗਈ ਸੀ। ਸਾਲ 2015 ਵਿੱਚ ਨਿਮਿਸਾ ਅਤੇ ਤਲਾਲ ਨੇ ਮਿਲ ਕੇ ਉੱਥੇ ਇੱਕ ਕਲੀਨਿਕ ਸੁਰੂ ਕੀਤਾ ਸੀ। ਤਲਾਲ ਨੇ ਧੋਖੇ ਨਾਲ ਕਲੀਨਿਕ ਵਿੱਚ ਆਪਣਾ ਨਾਮ ਸੇਅਰਧਾਰਕ ਵਜੋਂ ਸਾਮਲ ਕਰਕੇ ਆਮਦਨ ਦਾ ਅੱਧਾ ਹਿੱਸਾ ਹੜੱਪਣ ਦੀ ਕੋਸ?ਿਸ ਕੀਤੀ ਅਤੇ ਖੁਦ ਨੂੰ ਨਿਮਿਸਾ ਦੇ ਪਤੀ ਵਜੋਂ ਪੇਸ਼ ਕੀਤਾ। ਜਦੋਂ ਨਿਮਿਸਾ ਨੇ ਇਸ ਬਾਰੇ ਪੁੱਛਿਆ ਤਾਂ ਦੋਵਾਂ ਵਿਚਾਲੇ ਝਗੜਾ ਸੂਰੂ ਹੋ ਗਿਆ। ਤਲਾਲ ਨੇ ਉਸ ਨਾਲ ਕੁੱਟਮਾਰ ਅਤੇ ਜਿਨਸੀ ਸੋਸਣ ਕਰਨਾ ਸੁਰੂ ਕਰ ਦਿੱਤਾ। ਇਸ ਪ੍ਰੇਸਾਨੀ ਤੋਂ ਤੰਗ ਆ ਕੇ ਨਿਮਿਸਾ ਨੇ ਜੁਲਾਈ 2017 'ਚ ਤਲਾਲ ਨੂੰ ਨਸੀਲਾ ਟੀਕਾ ਲਗਾ ਦਿੱਤਾ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਨਿਮਿਸਾ ਦਾ ਕਹਿਣਾ ਹੈ ਕਿ ਉਸ ਦਾ ਉਸ ਨੂੰ ਮਾਰਨ ਦਾ ਇਰਾਦਾ ਨਹੀਂ ਸੀ ਅਤੇ ਉਸ ਦਾ ਮਕਸਦ ਤਲਾਲ ਤੋਂ ਆਪਣਾ ਪਾਸਪੋਰਟ ਵਾਪਸ ਲੈਣਾ ਸੀ। ਨਿਮਿਸਾ ਦੀ ਮਾਂ ਪ੍ਰੇਮਕੁਮਾਰ ਨੇ ਯਮਨ ਜਾ ਕੇ ਆਪਣੀ ਧੀ ਨੂੰ ਬਚਾਉਣ ਦੀ ਹਰ ਸੰਭਵ ਕੋਸ?ਿਸ ਕੀਤੀ ਪਰ ਯਮਨ ਦੀ ਹੇਠਲੀ ਅਦਾਲਤ ਨੇ ਨਿਮਿਸਾ ਨੂੰ ਦੋਸੀ ਪਾਇਆ ਅਤੇ ਉਸ ਨੂੰ ਮੌਤ ਦੀ ਸਜਾ ਸੁਣਾਈ।

## ਸਰਹੱਦ ਪਾਰ ਬੈਠੇ ਅੱਤਵਾਦੀਆਂ ਦੇ 2 ਹੈਂਡਲਰਾਂ ਦੀ ਜਾਇਦਾਦ ਕੁਰਕ

ਜੰਮੂ 31 ਦਸੰਬਰ। ਜੰਮੂ ਕਸ਼ਮੀਰ ਪੁਲਸ ਨੇ ਫਰਾਰ ਹੋਣ ਤੋਂ ਬਾਅਦ ਪਾਕਿਸਤਾਨ ਦੇ ਕਬਜੇ ਵਾਲੇ ਜੰਮੂ ਕਸ਼ਮੀਰ (ਪੀਓਜੇਕੇ) 'ਚ ਬੈਠ ਕੇ ਆਪਣੀਆਂ ਗਤੀਵਿਧੀਆਂ ਨੂੰ ਅੰਜਾਮ ਦੇਣ ਵਾਲੇ, ਅੱਤਵਾਦੀਆਂ ਦੇ 2 ਹੈਂਡਲਰਾਂ ਦੀ ਰਾਜੌਰੀ ਸਥਿਤ ਜਾਇਦਾਦ ਕੁਰਕ ਕਰ ਲਈ ਹੈ। ਅਧਿਕਾਰੀਆਂ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਇਕ ਪੁਲਸ ਬੁਲਾਰੇ ਨੇ ਦੱਸਿਆ ਕਿ ਕੁਰਕ ਕੀਤੀ ਗਈ 6 ਕਨਾਲ ਅਤੇ 18 ਮਰਲਾ ਜਮੀਨ ਥਾਣਾ ਮੰਡੀ ਤਹਿਸੀਲ ਦੇ ਭੱਟੀਆਂ ਪਿੰਡ ਦੇ ਇਸ਼ਤਿਆਕ ਅਹਿਮਦ ਅਤੇ ਉਸੇ ਪਿੰਡ ਦੇ ਜਾਹਿਦ ਅਲੀ ਖਾਨ ਦੀ ਹੈ। ਉਨ੍ਹਾਂ ਕਿਹਾ,"ਪਾਕਿਸਤਾਨ 'ਚ ਰਹਿ ਰਹੇ ਅੱਤਵਾਦੀਆਂ ਦੇ ਇਨ੍ਹਾਂ ਹੈਂਡਲਰਾਂ 'ਤੇ ਰਾਸ਼ਟਰ ਵਿਰੋਧੀ ਅਨਸਰਾਂ ਦੀ ਹਮਾਇਤ ਕਰਨ ਨਾਲ ਜੁੜੀਆਂ ਗਤੀਵਿਧੀਆਂ 'ਚ ਸ਼ਾਮਲ ਹੋਣ ਦਾ ਦੋਸ਼ ਹੈ। ਜਾਇਦਾਦਾਂ ਦੀ ਕੁਰਕੀ ਖੇਤਰ 'ਚ ਸਰਗਰਮ ਪਾਕਿਸਤਾਨੀ ਹੈਂਡਲਰਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਦੇ ਨੈੱਟਵਰਕ ਨੂੰ ਖਤਮ ਕਰਨ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦਾ ਹਿੱਸਾ ਹੈ।" ਕੁਰਕੀ ਦੀ ਕਾਰਵਾਈ ਮਾਲੀਆ ਅਧਿਕਾਰੀਆਂ ਦੀ ਮੌਜੂਦਗੀ 'ਚ ਸੋਮਵਾਰ ਨੂੰ ਕੀਤੀ ਗਈ।

## ਛਾਪੇਮਾਰੀ ਦੌਰਾਨ 6.6 ਕਰੋੜ ਰੁਪਏ ਦੀਆਂ ਨਕਲੀ ਦਵਾਈਆਂ ਜਬਤ

ਨਵੀਂ ਦਿੱਲੀ 31 ਦਸੰਬਰ। ਕੇਂਦਰੀ ਡਰੱਗ ਸਟੈਂਡਰਡ ਕੰਟਰੋਲ ਆਰਗੇਨਾਈਜੇਸ਼ਨ (ਸੀਡੀਐੱਸਸੀਓ) ਅਤੇ ਡਰੱਗ ਕੰਟਰੋਲ ਡਾਇਰੈਕਟੋਰੇਟ ਪੱਛਮੀ ਬੰਗਾਲ ਨੇ ਕੋਲਕਾਤਾ 'ਚ ਸੰਯੁਕਤ ਜਾਂਚ ਦੌਰਾਨ ਇਕ ਥੋਕ ਕੰਪਨੀ ਦੇ ਕੰਪਲੈਕਸ ਤੋਂ 6.6 ਕਰੋੜ ਰੁਪਏ ਮੁੱਲ ਦੀਆਂ ਨਕਲੀਆਂ ਦਵਾਈਆਂ ਜਬਤ ਕੀਤੀਆਂ ਹਨ। ਕੇਂਦਰੀ ਸਿਹਤ ਮੰਤਰਾਲਾ ਨੇ ਇਕ ਬਿਆਨ 'ਚ ਕਿਹਾ ਕਿ ਜਾਂਚ ਦੌਰਾਨ ਥੋਕ ਵਿਕਰੇਤਾ ਕੰਪਨੀ ਦੀ ਮਾਲਕ ਵਜੋਂ ਇਕ ਔਰਤ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਉਸ ਨੂੰ ਸੀਡੀਐੱਸਸੀਓ, ਪੂਰਬੀ ਜੋਨ ਦੇ ਡਰੱਗ ਇੰਸਪੈਕਟਰ ਨੇ ਹਿਰਾਸਤ 'ਚ ਲਿਆ ਹੈ। ਕੋਲਕਾਤਾ ਸਥਿਤ 'ਕੇਅਰ ਐਂਡ ਕਿਊਰ ਫਾਰ ਯੂ' ਨਾਂ ਦੀ ਕੰਪਨੀ 'ਚ ਕੀਤੀ ਗਈ ਛਾਪੇਮਾਰੀ ਦੌਰਾਨ ਭਾਰੀ ਮਾਤਰਾ 'ਚ ਕੈਂਸਰ ਰੋਕੂ, ਸ਼ੂਗਰ ਰੋਕੂ ਅਤੇ ਹੋਰ ਦਵਾਈਆਂ ਜਬਤ ਕੀਤੀਆਂ ਗਈਆਂ, ਜਿਨ੍ਹਾਂ ਦੇ ਨਕਲੀ ਹੋਣ ਦਾ ਖਦਸ਼ਾ ਹੈ। ਬਿਆਨ 'ਚ ਕਿਹਾ ਗਿਆ ਹੈ ਕਿ ਆਇਰਲੈਂਡ, ਤੁਰਕੀ, ਅਮਰੀਕਾ ਅਤੇ ਬੰਗਲਾਦੇਸ਼ ਸਣੇ ਵੱਖ-ਵੱਖ ਦੇਸ਼ਾਂ 'ਚ ਨਿਰਮਿਤ ਦੱਸੀਆਂ ਗਈਆਂ ਇਨ੍ਹਾਂ ਦਵਾਈਆਂ ਕੋਲ ਭਾਰਤ 'ਚ ਇਨ੍ਹਾਂ ਦੇ ਦਰਾਮਦ ਦੀ ਵੈਧਤਾ ਸਾਬਿਤ ਕਰਨ ਲਈ ਕੋਈ ਦਸਤਾਵੇਜ ਨਹੀਂ ਮਿਲੇ। ਮੰਤਰਾਲਾ ਨੇ ਕਿਹਾ ਕਿ ਇਨ੍ਹਾਂ ਦਸਤਾਵੇਜ ਦੀ ਕਮੀ 'ਚ ਇਹ ਦਵਾਈਆਂ ਨਕਲੀਆਂ ਮੰਨੀ ਜਾਣਗੀਆਂ। ਬਿਆਨ ਵਿਚ ਕਿਹਾ ਗਿਆ ਹੈ ਕਿ ਜਾਂਚ ਟੀਮ ਨੂੰ ਕਈ 'ਪੈਕਿੰਗ' ਲਈ ਕਈ ਸਮੱਗਰੀ ਵੀ ਮਿਲੀ, ਜਿਸ ਨਾਲ ਜਬਤ ਕੀਤੇ ਗਏ ਉਤਪਾਦਾਂ ਦੀ ਪ੍ਰਮਾਣਿਕਤਾ ਨੂੰ ਲੈ ਕੇ ਚਿੰਤਾ



ਵਧ ਗਈ। ਜਬਤ ਕੀਤੇ ਗਏ ਨਸੀਲੇ ਪਦਾਰਥਾਂ ਦੀ ਕੁੱਲ ਬਜਾਰੀ ਕੀਮਤ ਲਗਭਗ 6.60 ਕਰੋੜ ਰੁਪਏ ਹੈ। ਬਿਆਨ 'ਚ ਕਿਹਾ ਗਿਆ ਹੈ ਕਿ ਦਵਾਈਆਂ ਦੇ ਨਮੂਨੇ ਗੁਣਵੱਤਾ ਜਾਂਚ ਲਈ ਭੇਜੇ ਗਏ ਹਨ ਅਤੇ ਸੀਡੀਐੱਸਸੀਓ ਦੁਆਰਾ ਹੋਰ ਦਵਾਈਆਂ ਸੁਰੱਖਿਅਤ ਰੱਖੀਆਂ ਜਾ ਰਹੀਆਂ ਹਨ। ਅਦਾਲਤ ਨੇ ਗ੍ਰਿਫਤਾਰ ਕੀਤੀ ਗਈ ਕੰਪਨੀ ਦੀ ਮਾਲਕ ਨੂੰ 14 ਦਿਨਾਂ ਲਈ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਹੈ ਅਤੇ ਪੁੱਛ-ਗਿੱਛ ਦੀ ਇਜਾਜਤ ਦੇ ਦਿੱਤੀ ਹੈ।

## ਫੜਨਵੀਸ ਨੂੰ ਮੁੱਖ ਮੰਤਰੀ ਬਣੇ ਰਹਿਣ ਦਾ ਕੋਈ ਅਧਿਕਾਰ ਨਹੀਂ

**ਤੇਜਿੰਦਰ ਕੌਰ ਬੱਬਰ**

ਮੁੰਬਈ 31 ਦਸੰਬਰ। ਮਹਾਰਾਸਟਰ ਵਿੱਚ ਸਰਪੰਚ ਸੰਤੋਸ ਦੇਸਮੁਖ ਦੀ ਹੱਤਿਆ ਨਾਲ ਸਬੰਧਤ ਜਬਰੀ ਵਸੂਲੀ ਮਾਮਲੇ ਵਿੱਚ ਮੁਲਜਮ ਵਾਲਮੀਕ ਕਰਾੜ ਨੂੰ ਗ੍ਰਿਫਤਾਰ ਕਰਨ ਵਿੱਚ ਨਾਕਾਮ ਰਹਿਣ ਮਗਰੋਂ ਪੁਲਸ ਦੀ ਕਾਰਜਪ੍ਰਣਾਲੀ 'ਤੇ ਕਾਂਗਰਸ ਨੇ ਸਵਾਲ ਉਠਾਏ ਹਨ। ਕਾਂਗਰਸ ਨੇ ਮੰਗਲਵਾਰ ਨੂੰ ਕਿਹਾ ਕਿ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ। ਪੁਲਸ ਦੋਸੀ ਨੂੰ ਗ੍ਰਿਫਤਾਰ ਨਹੀਂ ਕਰ ਸਕੀ, ਹਾਲਾਂਕਿ ਉਸ ਨੇ ਬਾਅਦ ਵਿਚ ਆਤਮ ਸਮਰਪਣ ਕਰ ਦਿੱਤਾ। ਦੂਜੇ ਪਾਸੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਵਿਧਾਇਕ ਸੁਰੇਸ ਧਾਸ ਨੇ ਰਾਸਟਰਵਾਦੀ ਕਾਂਗਰਸ ਪਾਰਟੀ (ਐੱਨ.ਸੀ.ਪੀ.) ਦੇ ਮੰਤਰੀ ਧਨੰਜੈ ਮੁੰਡੇ 'ਤੇ ਨਿਸਾਨਾ ਸਾਧਦਿਆਂ ਦਾਅਵਾ ਕੀਤਾ ਕਿ ਉਹ ਅਤੇ ਕਰਾੜ ਇੱਕੋ ਸਿੱਕੇ ਦੇ ਦੋ ਪਹਿਲੂ ਹਨ, ਜਦਕਿ ਮਰਾਠਾ ਕਾਰਕੁਨ ਮਨੋਜ ਜਾਰੰਗੇ ਨੇ ਦੋਸ਼ੀਆਂ ਦੇ ਸਾਰੇ 'ਸਮਰਥਕਾਂ' ਖ?ਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ। ਕੁਝ ਦਿਨ ਪਹਿਲਾਂ ਮਸਜੋਗ ਦੇ ਸਰਪੰਚ ਸੰਤੋਸ ਦਾ ਬੇਰਹਿਮੀ ਨਾਲ ਕਤਲ ਕੀਤੇ ਜਾਣ ਕਾਰਨ ਲੋਕਾਂ ਵਿੱਚ ਰੋਹ ਦੀ ਲਹਿਰ ਫੈਲ ਗਈ ਸੀ। ਮੁੰਡੇ ਦੇ ਕਰੀਬੀ ਕਰਾਡ ਨੇ ਪੁਣੇ 'ਚ ਪੁਲਸ ਸਾਹਮਣੇ ਆਤਮ ਸਮਰਪਣ ਕਰ ਦਿੱਤਾ ਹੈ। ਕਾਂਗਰਸ ਦੇ ਬੁਲਾਰੇ ਅਤੁਲ ਲੋਂਧੇ ਨੇ ਕਰਾੜ ਨੂੰ ਫੜਨ 'ਚ ਪੁਲਸ ਦੀ ਨਾਕਾਮੀ 'ਤੇ ਸਵਾਲ ਉਠਾਏ, ਜੋ ਬੀਡ ਜ?ਿਲ੍ਹੇ 'ਚ ਫਿਰੌਤੀ ਦੇ ਇਕ ਮਾਮਲੇ 'ਚ ਤਿੰਨ ਹਫਤਿਆਂ ਤੋਂ ਲੋੜੀਂਦਾ ਸੀ। ਉਹਨਾਂ ਕਿਹਾ, 'ਕਦੇ ਸਕਾਟਲੈਂਡ ਯਾਰਡ ਦੇ ਬਰਾਬਰ ਮੰਨੀ ਜਾਂਦੀ ਮੁੰਬਈ ਪੁਲਸ ਇਨਸਾਫ ਦੇਣ ਵਿੱਚ ਨਾਕਾਮ ਰਹੀ। ਫੜਨਵੀਸ ਕੋਲ ਮੁੱਖ ਮੰਤਰੀ ਬਣੇ ਰਹਿਣ ਦਾ ਕੋਈ ਨੈਤਿਕ ਆਧਾਰ



ਨਹੀਂ ਹੈ।" ਉਨ੍ਹਾਂ ਕਿਹਾ ਕਿ ਫੜਨਵੀਸ ਦੇ ਗ੍ਰਹਿ ਜ?ਿਲ੍ਹੇ ਨਾਗਪੁਰ ਵਿੱਚ ਵਧਦੀ ਅਪਰਾਧ ਦਰ ਮਹਾਰਾਸਟਰ ਵਿੱਚ ਕਾਨੂੰਨ ਵਿਵਸਥਾ ਦੇ ਵਿਆਪਕ ਸੰਕਟ ਦਾ ਸਬੂਤ ਹੈ। ਕਾਂਗਰਸੀ ਆਗੂ ਨੇ ਮੰਗ ਕੀਤੀ ਕਿ ਦੇਸਮੁਖ ਕਤਲ ਕੇਸ ਦੀ ਜਾਂਚ ਜੱਜ ਦੀ ਨਿਗਰਾਨੀ ਹੇਠ ਕਰਵਾਈ ਜਾਵੇ। ਇਸ ਦੌਰਾਨ ਭਾਜਪਾ ਨੇਤਾ ਧਸ, ਐੱਨਸੀਪੀ (ਸਪਾ) ਦੇ ਸੰਦੀਪ ਕਸੀਰਸਾਗਰ ਅਤੇ ਅਜੀਤ ਪਵਾਰ ਦੀ ਅਗਵਾਈ ਵਾਲੀ ਐੱਨਸੀਪੀ ਦੇ ਮਾਜਲਗਾਓਂ ਵਿਧਾਇਕ ਪ੍ਰਕਾਸ ਸੋਲੰਕੇ ਮੰਗਲਵਾਰ ਨੂੰ ਮੁੱਖ ਮੰਤਰੀ ਫੜਨਵੀਸ ਨੂੰ ਮਿਲਣ ਦੀ ਸੰਭਾਵਨਾ ਹੈ। ਧਾਸ ਨੇ ਕਿਹਾ, "ਵਾਲਮੀਕ ਕਰਾੜ ਅਤੇ ਮਹਾਰਾਸਟਰ ਦੇ ਮੰਤਰੀ ਅਤੇ ਐੱਨਸੀਪੀ ਨੇਤਾ ਧਨੰਜੇ ਮੁੰਡੇ ਇੱਕੋ ਸਿੱਕੇ ਦੇ ਦੋ ਪਹਿਲੂ ਹਨ। ਮੁੰਡੇ ਦਾ ਅਸਤੀਫਾ ਉਨ੍ਹਾਂ ਦੀ ਹੀ ਪਾਰਟੀ ਦੇ ਨੇਤਾ ਨੇ ਮੰਗਿਆ ਹੈ। ਮੈਂ ਅੱਜ ਵੀ ਮੰਗ ਕਰਦਾ ਹਾਂ ਕਿ ਮੁੱਖ ਮੰਤਰੀ ਫੜਨਵੀਸ ਨੂੰ ਬੀਡ ਦਾ ਸਰਪ੍ਰਸਤ ਮੰਤਰੀ ਬਣਾਇਆ ਜਾਵੇ। ਜਾਲਨਾ ਜ?ਿਲ੍ਹੇ ਦੇ ਆਪਣੇ ਪਿੰਡ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ, ਮਰਾਠਾ ਰਾਖਵਾਂਕਰਨ ਕਾਰਕੁਨ ਮਨੋਜ ਜਾਰੰਗੇ ਨੇ ਸੰਕੇਤ ਦਿੱਤਾ ਕਿ ਜੇਕਰ ਸਰਕਾਰ ਦੋਸੀਆਂ ਦੇ ਸਮਰਥਕਾਂ ਵਿਰੁੱਧ ਕਾਰਵਾਈ ਕਰਨ ਵਿੱਚ ਅਸਫਲ ਰਹੀ ਤਾਂ ਮਰਾਠਾ ਭਾਈਚਾਰਾ ਇੱਕ ਅੰਦੋਲਨ ਸੁਰੂ ਕਰੇਗਾ। ਦੇਸਮੁਖ ਮਰਾਠਾ ਭਾਈਚਾਰੇ ਦਾ ਮੈਂਬਰ ਸੀ। ਸੰਤੋਸ ਦੇਸਮੁਖ ਦੇ ਭਰਾ ਧਨੰਜੈ ਦੇਸਮੁਖ ਨੇ ਜਾਰੰਗੇ ਨਾਲ ਮੁਲਾਕਾਤ ਕਰਨ ਤੋਂ ਬਾਅਦ ਪੱਤਰਕਾਰਾਂ ਨੂੰ ਕਿਹਾ ਕਿ ਸੀਆਈਡੀ ਨੂੰ ਮੁਲਜਮਾਂ ਦੇ ਮੋਬਾਈਲ 'ਕਾਲ ਡਿਟੇਲ ਰਿਕਾਰਡ (ਸੀਡੀਆਰ) ਦੀ ਜਾਂਚ ਕਰਨੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਦੇ ਲਿੰਕਾਂ ਦਾ ਪਤਾ ਲਗਾਇਆ ਜਾ ਸਕੇ।

# ਸਮੁੰਦਰ ‘ਚ ਸਮਾ ਚੁੱਕੀ ਭਗਵਾਨ ਕ੍ਰਿਸ਼ਨ ਦੀ ਦੁਆਰਕਾ ਨਗਰੀ ਦੇ ਜਲਦ ਹੋ ਸਕਣਗੇ ਦਰਸ਼ਨ

ਨਵੀਂ ਦਿੱਲੀ 31 ਦਸੰਬਰ। ਹਜਾਰਾਂ ਸਾਲ ਪਹਿਲਾਂ ਸਮੁੰਦਰ ‘ਚ ਸਮਾ ਚੁੱਕੀ ਭਗਵਾਨ ਸ੍ਰੀ ਕ੍ਰਿਸ਼ਨ ਦੀ ਦਵਾਰਕਾ ਨਗਰੀ ਦੇ ਦਰਸਨ ਹੁਣ ਹਰ ਕੋਈ ਕਰ



ਸਕੇਗਾ। ਗੁਜਰਾਤ ਸਰਕਾਰ ਮੂਲ ਦੁਆਰਕਾ ਦੇ ਦਰਸਨਾਂ ਲਈ ਅਰਬ ਸਾਗਰ ਵਿੱਚ ਇੱਕ ਯਾਤਰੀ ਪਣਡੁੱਬੀ ਚਲਾਉਣ ਜਾ ਰਹੀ ਹੈ। ਪਣਡੁੱਬੀ ਦਾ ਭਾਰ ਲਗਭਗ 35 ਟਨ ਹੋਵੇਗਾ। ਇਸ ਵਿੱਚ ਇੱਕ ਵਾਰ ਵਿੱਚ 30 ਲੋਕ ਬੈਠ ਸਕਣਗੇ। 2 ਗੋਤਾਖੋਰ ਅਤੇ ਇੱਕ ਗਾਈਡ ਨਾਲ ਸਵਾਰ ਹੋਣਗੇ। ਇਹ ਸਵਦੇਸੀ ਪਣਡੁੱਬੀ ਮਝਗਾਂਵ ਡੌਕ ਦੁਆਰਾ ਹੀ ਚਲਾਈ ਜਾਵੇਗੀ। ਇਹ ਜਨਮ ਅਸਟਮੀ ਜਾਂ ਦੀਵਾਲੀ ਤੋਂ ਲਗਭਗ ਸੁਰੂ ਹੋਵੇਗਾ। ਪਣਡੁੱਬੀ ਸਮੁੰਦਰ ਵਿੱਚ 300 ਫੁੱਟ ਹੇਠਾਂ ਜਾਵੇਗੀ। ਇਸ ਰੋਮਾਂਚਕ ਯਾਤਰਾ ਵਿੱਚ 2 ਤੋਂ 2.5 ਘੰਟੇ ਦਾ ਸਮਾਂ ਲੱਗੇਗਾ। ਕਿਰਾਇਆ ਮਹਿੰਗਾ ਹੋਵੇਗਾ ਪਰ ਆਮ ਆਦਮੀ ਨੂੰ ਧਿਆਨ ‘ਚ ਰੱਖਦੇ ਹੋਏ ਗੁਜਰਾਤ ਸਰਕਾਰ ਇਸ ‘ਚ ਸਬਸਿਡੀ ਵਰਗੀਆਂ ਰਿਆਇਤਾਂ ਦੇ ਸਕਦੀ ਹੈ। ਸੂਬਾ ਸਰਕਾਰ ਨੇ ਭਾਰਤ ਸਰਕਾਰ ਦੀ ਕੰਪਨੀ ਮਝਗਾਂਵ ਡੌਕ ਸਿ?ਪਯਾਰਡ ਨਾਲ ਇੱਕ ਸਮਝੌਤਾ ਕੀਤਾ ਹੈ। ਇਸ ਦਾ ਐਲਾਨ ਜਨਵਰੀ ‘ਚ ਹੋਣ ਵਾਲੇ ਵਾਈਬ੍ਰੈਂਟ ਸਮਿਟ ‘ਚ ਕੀਤਾ ਜਾਵੇਗਾ। 35 ਟਨ ਵਜਨ ਵਾਲੀ ਪਣਡੁੱਬੀ ਏਅਰ ਕੰਡੀਸਨਡ ਹੋਵੇਗੀ। ਇਸ ਵਿੱਚ ਇੱਕ ਮੈਡੀਕਲ ਕਿੱਟ ਵੀ ਹੋਵੇਗੀ। ਓਪਰੇਟਿੰਗ ਏਜੰਸੀ ਯਾਤਰੀਆਂ ਨੂੰ ਆਕਸੀਜਨ ਮਾਸਕ, ਫੇਸ ਮਾਸਕ ਅਤੇ ਸਕੂਬਾ ਡਰੈੱਸ ਪ੍ਰਦਾਨ ਕਰੇਗੀ। ਉਨ੍ਹਾਂ ਦਾ ਕਿਰਾਇਆ ਟਿਕਟ ਵਿੱਚ ਸਾਮਲ ਹੋਵੇਗਾ। ਇਸ ਵਿੱਚ ਕੁਦਰਤੀ ਰੌਸਨੀ ਦਾ ਪ੍ਰਬੰਧ ਹੋਵੇਗਾ। ਸੰਚਾਰ ਪ੍ਰਣਾਲੀ ਅਤੇ ਵੀਡੀਓ ਕਾਨਫਰੰਸਿੰਗ ਵਰਗੀਆਂ ਸਹੂਲਤਾਂ ਵੀ ਹੋਣਗੀਆਂ। ਪਣਡੁੱਬੀ ਵਿੱਚ ਬੈਠ ਕੇ ਵੀ ਤੁਸੀਂ ਸਾਹਮਣੇ ਵਾਲੀ ਸਕਰੀਨ ‘ਤੇ ਅੰਦਰੂਨੀ ਹਰਕਤਾਂ, ਜਾਨਵਰਾਂ ਆਦਿ ਨੂੰ ਦੇਖ ਅਤੇ ਰਿਕਾਰਡ ਕਰ ਸਕੋਗੇ। ਇਸ ਵਿਚ ਇਕ ਸਮੇਂ 30 ਲੋਕ ਬੈਠਣਗੇ। ਇਸ ‘ਚ ਦੋ ਕਤਾਰਾਂ ‘ਚ 24 ਯਾਤਰੀ ਬੈਠ ਸਕਣਗੇ ਅਤੇ ਬਾਕੀ ਦੋ ਪਣਡੁੱਬੀ ਚਾਲਕ, 2 ਗੋਤਾਖੋਰ, ਇੱਕ ਗਾਈਡ ਅਤੇ ਇੱਕ ਟੈਕਨੀਸੀਅਨ ਮੌਜੂਦ ਹੋਣਗੇ। ਹਰ ਸੀਟ ‘ਤੇ ਖਿੜਕੀ ਰਾਂਹੀ ਕੋਈ ਵੀ ਯਾਤਰੀ 300 ਫੁੱਟ ਦੀ ਡੂੰਘਾਈ ‘ਤੇ ਸਮੁੰਦਰ ਦੀ ਕੁਦਰਤੀ ਸੁੰਦਰਤਾ ਨੂੰ ਆਸਾਨੀ ਨਾਲ ਦੇਖ ਸਕਦਾ ਹੈ। ਸਰਕਾਰ ਦੇਸ ਦੇ ਧਾਰਮਿਕ ਅਤੇ ਸੱਭਿਆਚਾਰਕ ਸੈਰ-ਸਪਾਟੇ ਉਦਯੋਗ ਨੂੰ ਵਧਾਉਣ ਲਈ ਕਈ ਪ੍ਰੋਜੈਕਟਾਂ ‘ਤੇ ਕੰਮ ਕਰ ਰਹੀ ਹੈ। ਕਾਸੀ ਵਿਸਵਨਾਥ ਕੋਰੀਡੋਰ, ਮਹਾਕਾਲ ਲੋਕ, ਅਯੁੱਧਿਆ, ਕੇਦਾਰਨਾਥ, ਸੋਮਨਾਥ ਅਤੇ ਦਵਾਰਕਾ ਕੋਰੀਡੋਰ ਇਸ ਪ੍ਰੋਜੈਕਟ ਦੇ ਮਹੱਤਵਪੂਰਨ ਹਿੱਸੇ ਹਨ। ਦਵਾਰਕਾ ਕੋਰੀਡੋਰ ਅਧੀਨ ਪਣਡੁੱਬੀ ਪ੍ਰੋਜੈਕਟ ਲਿਆਂਦਾ ਜਾ ਰਿਹਾ ਹੈ। ਅਰਬ ਸਾਗਰ ਵਿੱਚ ਸਭ ਤੋਂ ਵੱਡਾ ਕੇਬਲ ਬ੍ਰਿਜ ਬੇਟ ਦਵਾਰਕਾ ਵਿੱਚ ਹੀ ਬਣਾਇਆ ਜਾ ਰਿਹਾ ਹੈ, ਜੋ ਜਨਮ ਅਸਟਮੀ ਦੇ ਆਸਪਾਸ ਸੁਰੂ ਹੋਵੇਗਾ। ਇਹ ਪੁਲ ਸਮੁੰਦਰ ਵਿੱਚ ਡੁੱਬੀ ਦਵਾਰਕਾ ਦੀ ਪਰਿਕਰਮਾ ਕਰਨ ਦਾ ਅਹਿਸਾਸ ਕਰਵਾਏਗਾ।

## ਅਵਾਰਾ ਕੁੱਤਿਆਂ ਦੇ ਹਮਲੇ ‘ਚ 4 ਮਹੀਨੇ ਦੇ ਬੱਚੇ ਦੀ ਮੌਤ

ਹੈਦਰਾਬਾਦ 31 ਦਸੰਬਰ। ਹੈਦਰਾਬਾਦ ਤੋਂ ਇਕ ਦੁਖਦ ਖਬਰ ਸਾਹਮਣੇ ਆਈ ਹੈ। ਇੱਥੋਂ ਦੇ ਸ਼ੈਕਪੇਟ ਇਲਾਕੇ ਵਿਚ ਅਵਾਰਾ ਕੁੱਤਿਆਂ ਦੇ ਹਮਲੇ ਵਿਚ ਲੱਗੀਆਂ ਸੱਟਾਂ ਕਾਰਨ 4 ਮਹੀਨੇ ਦੇ ਇਕ ਬੱਚੇ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਸੋਮਵਾਰ ਯਾਨੀ ਕਿ ਅੱਜ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਘਟਨਾ 8 ਦਸੰਬਰ ਨੂੰ ਵਾਪਰੀ, ਜਦੋਂ ਬੱਚੇ ਦੇ ਮਾਤਾ-ਪਿਤਾ ਉਸ ਨੂੰ ਝੌਂਪੜੀ ਵਿਚ ਇਕ ਪਾਲਣੇ ‘ਚ ਛੱਡ ਕੇ ਮਜਦੂਰੀ ਕਰਨ ਲਈ ਚੱਲੇ ਗਏ ਸਨ। ਅਧਿਕਾਰੀ ਨੇ ਦੱਸਿਆ ਕਿ 3 ਅਵਾਰਾ ਕੁੱਤੇ ਝੌਂਪੜੀ ਦੇ ਕੋਲ ਗਏ ਅਤੇ ਉਨ੍ਹਾਂ ‘ਚੋਂ ਇਕ ਕੁੱਤਾ ਬਿਨਾਂ ਦਰਵਾਜੇ ਵਾਲੀ ਝੌਂਪੜੀ ਦੇ ਅੰਦਰ ਚੱਲਾ ਗਿਆ ਅਤੇ ਬੱਚੇ ਦੇ ਚਿਹਰੇ ਅਤੇ ਮੱਥੇ ਨੂੰ ਵੱਢ ਲਿਆ। ਅਧਿਕਾਰੀ ਨੇ ਕਿਹਾ ਕਿ ਬੱਚੇ ਨੂੰ ਘਟਨਾ ਮਗਰੋਂ ਇੱਥੋਂ ਦੇ ਇਕ ਸਰਕਾਰੀ ਹਸਪਤਾਲ ‘ਚ ਦਾਖਲ ਕਰਾਇਆ ਗਿਆ, ਜਿੱਥੇ ਇਲਾਜ ਦੌਰਾਨ ਐਤਵਾਰ ਨੂੰ ਉਸ ਦੀ ਮੌਤ ਹੋ ਗਈ। ਮੁੰਡੇ ਦੇ ਮਾਤਾ-ਪਿਤਾ ਮੂਲ ਰੂਪ ਤੋਂ ਤੇਲੰਗਾਨਾ ਦੇ ਮਹਿਬੂਬਨਗਰ ਜਿ?ਲ੍ਹੇ ਦੇ ਰਹਿਣ ਵਾਲੇ ਹਨ। ਦੱਸ ਦੇਈਏ ਕਿ ਇਸੇ ਸਾਲ 19 ਫਰਵਰੀ ਨੂੰ ਵੀ ਅਜਿਹੀ ਇਕ ਘਟਨਾ ਸ਼ਹਿਰ ਦੇ ਅੰਬਰਪੇਟ ਵਿਚ ਵਾਪਰੀ ਸੀ, ਜਿੱਥੇ ਅਵਾਰਾ ਕੁੱਤਿਆਂ ਦੇ ਝੁੰਡ ਨੇ 4 ਸਾਲ ਦੇ ਇਕ ਮੁੰਡੇ ‘ਤੇ ਹਮਲਾ ਕਰ ਕੇ ਉਸ ਨੂੰ ਮਾਰ ਦਿੱਤਾ ਸੀ।

## ਸਰਕਾਰੀ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ ਮਾਰੀ ਲੱਖਾਂ ਦੀ ਠੱਗੀ, 4 ਨਾਮਜਦ

ਮੁੱਲਾਂਪੁਰ ਦਾਖਾ 31 ਦਸੰਬਰ। ਥਾਣਾ ਦਾਖਾ ਦੀ ਪੁਲਸ ਨੇ ਗੁਰਸੇਵਕ ਸਿੰਘ ਪੁੱਤਰ ਹਰਨੇਕ ਸਿੰਘ ਵਾਸੀ ਪੁੜੈਣ ਦੇ ਬਿਆਨਾਂ ’ਤੇ ਦੀਪਕ ਕੁਮਾਰ ਪੁੱਤਰ ਜਗਦੀਸ਼ ਕੁਮਾਰ ਵਾਸੀ ਮੁਹੱਲਾ ਸ਼ਾਸਤਰੀ ਨਗਰ ਜਗਰਾਓਂ, ਜਸਕਰਨ ਸਿੰਘ ਪੁੱਤਰ ਬਲਜੀਤ ਸਿੰਘ ਵਾਸੀ ਪੁੜੈਣ, ਰਾਜਵੀਰ ਸਿੰਘ ਪੁੱਤਰ ਨਾਜਰ ਸਿੰਘ ਵਾਸੀ ਚੀਤੇਵਾਲ ਅੰਮ੍ਰਿਤਸਰ ਅਤੇ ਜਗਦੀਪ ਸਿੰਘ ਉਰਫ ਕਰਨ ਵਾਸੀ ਭੀਖੀ ਵਿਰੁੱਧ ਜੇਰੇ ਧਾਰਾ 420, 467, 468, 471’ 120 ਬੀ ਅਧੀਨ ਕੇਸ ਦਰਜ ਕੀਤਾ ਗਿਆ ਹੈ । ਠੱਗੀ ਦੇ ਸ਼ਿ?ਕਾਰ ਹੋਏ ਗੁਰਸੇਵਕ ਸਿੰਘ ਵੱਲੋਂ ਦਿੱਤੀ ਦਰਖਾਸਤ ਦੀ ਪੜਤਾਲ ਕਪਤਾਨ ਪੁਲਸ ਵੱਲੋਂ ਅਮਲ ’ਚ ਲਿਆਂਦੀ ਗਈ । ਪੜਤਾਲ ’ਚ ਪਾਇਆ ਗਿਆ ਕਿ ਦੀਪਕ ਕੁਮਾਰ, ਜਸਕਰਨ ਸਿੰਘ, ਰਾਜਵੀਰ ਸਿੰਘ ਉਰਫ ਸੁਖਵੰਤ ਸਿੰਘ ਉਰਫ ਮਾਮਾ ਅਤੇ ਜਗਦੀਪ ਸਿੰਘ ਉਰਫ ਕਰਨ ਨੇ ਪੂਰੀ ਸੋਚੀ ਸਮਝੀ




ਸਾਜਿ?ਸ਼ ਤਹਿਤ ਦਰਖਾਸਤੀ ਗੁਰਸੇਵਕ ਸਿੰਘ ਨੂੰ ਐੱਫ. ਸੀ. ਆਈ. ਮਹਿਕਮੇ ਵਿਚ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ 15 ਲੱਖ ਰੁਪਏ ਹਾਸਲ ਕਰਨਾ ਅਤੇ ਆਪਣੇ ਵੱਲੋਂ ਜਾਅਲੀ ਜੁਆਨਿੰਗ ਆਰਡਰ ਅਤੇ ਆਈ. ਡੀ. ਕਾਰਡ ਤਿਆਰ ਕਰਕੇ ਦੇਣ ਉਪਰੰਤ ਚਲਾਕੀ ਨਾਲ ਵਾਪਸ ਲੈ ਕੇ ਫਰਜੀ ਟ੍ਰੇਨਿੰਗ ਦੇਣਾ ਅਤੇ ਨੌਕਰੀ ਦੇਣ ਦਾ ਝਾਂਸਾ ਦੇ ਕੇ ਹਾਸਲ ਕੀਤੇ ਗਏ 15 ਲੱਖ ਰੁਪਏ ’ਚੋਂ ਸਿਰਫ 02 ਲੱਖ ਰੁਪਏ ਵਾਪਸ ਕਰਕੇ 13 ਲੱਖ ਰੁਪਏ ਠੱਗੀ ਮਾਰੀ ਗਈ ਹੈ। ਸੀਨੀਅਰ ਕਪਤਾਨ ਪੁਲਸ ਦੇ ਹੁਕਮਾਂ ’ਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ । ਮਾਮਲੇ ਦੀ ਜਾਂਚ ਏ. ਐੱਸ. ਆਈ. ਨਰਿੰਦਰ ਕੁਮਾਰ ਕਰ ਰਹੇ ਹਨ।

## ਇਨਸਾਨਾਂ ਦੇ ਬਸੇਰਿਆਂ ਨੇ ਉਜਾੜੇ ਪੰਛੀਆਂ ਦੇ ਬਸੇਰੇ, ਹੁਣ ਤੱਕ ਅਲੋਪ ਹੋ ਚੁੱਕੀਆਂ ਨੇ ਲਗਭਗ 1,430 ਪ੍ਰਜਾਤੀਆਂ

ਜਲੰਧਰ 31 ਦਸੰਬਰ। ਇਕ ਖੋਜ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਇਨਸਾਨਾਂ ਦੇ ਬਸੇਰਿਆਂ ਕਾਰਨ ਪਿਛਲੇ ਲਗਭਗ 1,30,000 ਸਾਲਾਂ ਤੋਂ ਲੈ ਕੇ ਹੁਣ ਤੱਕ ਪੰਛੀਆਂ ਦੀਆਂ ਲਗਭਗ 1430 ਪ੍ਰਜਾਤੀਆਂ ਅਲੋਪ ਹੋ ਚੁਕੀਆਂ ਹਨ। ਇਨ੍ਹਾਂ ਵਿੱਚੋਂ ਵਧੇਰੇ ਪ੍ਰਜਾਤੀਆਂ ਦੇ ਖਤਮ ਹੋਣ ਲਈ ਮਨੁੱਖੀ ਸਰਗਰਮੀਆਂ ਸਿੱਧੇ ਜਾਂ ਅਸਿੱਧੇ ਤੌਰ ’ਤੇ ਜਿ?ਮੇਵਾਰ ਹਨ। ਇਸ ਖੋਜ ਦੇ ਨਤੀਜੇ ਹਾਲ ਹੀ ਵਿੱਚ ‘ਨੇਚਰ ਕਮਿਊਨੀਕੇਸਨ ਜਰਨਲ’ ਵਿੱਚ ਪ੍ਰਕਾਸਿ?ਤ ਹੋਏ ਹਨ। ਖੋਜ ਅਨੁਸਾਰ ਪਿਛਲੇ ਸਵਾ ਲੱਖ ਸਾਲਾਂ ਵਿੱਚ ਮਨੁੱਖੀ ਸਰਗਰਮੀਆਂ ਕਾਰਨ ਲਗਭਗ 12 ਫੀਸਦੀ ਪੰਛੀਆਂ ਦੀਆਂ ਪ੍ਰਜਾਤੀਆਂ ਅਲੋਪ ਹੋ ਚੁਕੀਆਂ ਹਨ। ਇਸ ਦਾ ਮਤਲਬ ਇਹ ਹੈ ਕਿ



ਪੰਛੀਆਂ ਦੀ 9 ਵਿੱਚੋਂ ਇੱਕ ਪ੍ਰਜਾਤੀ ਖਤਮ ਹੋ ਗਈ ਹੈ। ਵਰਨਣਯੋਗ ਹੈ ਕਿ ਪੰਛੀਆਂ ਦੀਆਂ ਪ੍ਰਜਾਤੀਆਂ ਦੇ ਖਤਮ ਹੋਣ ਦਾ ਇਹ ਅੰਕੜਾ ਪਿਛਲੇ ਅਨੁਮਾਨਾਂ ਨਾਲੋਂ ਲਗਭਗ ਦੁੱਗਣਾ ਹੈ। ਨਿਰੀਖਣ ਅਤੇ ਜੈਵਿਕ ਸਬੂਤ ਵਿਖਾਉਂਦੇ ਹਨ ਕਿ 90 ਫੀਸਦੀ ਪੰਛੀਆਂ ਦ ਖਾਤਮਾਂ ਉਨ੍ਹਾਂ ਟਾਪੂਆਂ ’ਤੇ ਹੋਇਆ ਹੈ ਜਿੱਥੇ ਮਨੁੱਖੀ ਨਿਵਾਸ ਹੈ। ਇਨ੍ਹਾਂ ਖਤਮ ਹੋ ਰਹੀਆਂ ਪ੍ਰਜਾਤੀਆਂ ਵਿੱਚ ਡੋਡੋ ਤੋਂ ਲੈ ਕੇ ਉੱਤਰੀ ਅਟਲਾਂਟਿਕ ਦੇ ਔਕ ਤੱਕ ਦੇ ਪੰਛੀ ਸਾਮਲ ਹਨ। ਇਨ੍ਹਾਂ ਵਿੱਚ ਸੇਂਟ ਹੇਲੇਨਾ ਜਾਇੰਟ ਹੂਪੋ ਵਰਗੀਆਂ ਪ੍ਰਜਾਤੀਆਂ ਵੀ ਸਾਮਲ ਹਨ, ਜਿਨ੍ਹਾਂ ਬਾਰੇ ਬਹੁਤ ਘੱਟ ਜਾਣਕਾਰੀ ਉਪਲਬਧ ਹੈ। ਹਾਲਾਂਕਿ ਅਧਿਐਨ ਨਾਲ ਜੁੜੇ ਖੋਜਕਰਤਾ ਡਾ. ਰੌਬ ਕੁੱਕ ਦਾ ਕਹਿਣਾ ਹੈ ਕਿ ਇਨ੍ਹਾਂ ਵਿੱਚੋਂ ਸਿਰਫ 50 ਫੀਸਦੀ ਪ੍ਰਜਾਤੀਆਂ ਹੀ ਕੁਦਰਤੀ ਤੌਰ ’ਤੇ ਅਲੋਪ ਹੋਈਆਂ ਹੋਣਗੀਆਂ।

## ਤਰਨਤਾਰਨ ‘ਚ ਰੰਜਿਸ਼ ਦੇ ਚੱਲਦਿਆਂ ਕੀਤੀ ਅੰਨ੍ਹੇਵਾਹ ਫਾਈਰਿੰਗ, ਇਕ ਦੀ ਮੌਤ, 3 ਗੰਭੀਰ ਜ਼ਖਮੀ

ਤਰਨਤਾਰਨ 31 ਦਸੰਬਰ। ਵਿਧਾਨ ਸਭਾ ਹਲਕਾ ਖਡੂਰ ਸਾਹਿਬ ਅਧੀਨ ਆਉਂਦੇ ਪਿੰਡ ਖਵਾਸਪੁਰ ਵਿਖੇ ਰੰਜਿਸ਼ ਦੇ ਚੱਲਦਿਆ ਇਕ ਧਿਰ ਵਲੋਂ ਦੂਸਰੀ ਧਿਰ ਉੱਪਰ ਜਾਨੋ ਮਾਰਨ ਦੀ ਨੀਅਤ ਨਾਲ ਕਰੀਬ 2 ਦਰਜਨ ਰੌਂਦ ਗੋਲੀਆਂ ਚਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਜਿਸ ਦੌਰਾਨ ਇਕ ਦੀ ਮੌਤ ਹੋਣ ਅਤੇ ਤਿੰਨ ਵਿਅਕਤੀ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਵਿਖੇ ਦਾਖਲ ਕਰਵਾ ਦਿੱਤਾ ਗਿਆ ਹੈ। ਇਸ ਵਾਰਦਾਤ ਦੀ ਸੂਚਨਾ ਮਿਲਣ ਤੋਂ ਬਾਅਦ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਦੀ ਪੁਲਸ ਵਲੋਂ ਮੌਕੇ ’ਤੇ ਪਹੁੰਚ ਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਥਾਣਾ ਗੋਇੰਦਵਾਲ ਸਾਹਿਬ ਅਧੀਨ ਆਉਂਦੇ ਪਿੰਡ ਖਵਾਸਪੁਰ ਵਿਖੇ ਰੰਜਿਸ਼ ਦੇ ਚੱਲਦਿਆਂ ਕਾਰ ਸਵਾਰ ਇਕ ਧਿਰ ਵਲੋਂ ਦੂਸਰੀ ਧਿਰ ’ਤੇ ਅੰਨ੍ਹੇਵਾਹ ਜਾਨੋਂ ਮਾਰਨ ਦੀ ਨੀਅਤ ਨਾਲ ਹਮਲਾ ਕਰਦੇ ਹੋਏ ਗੋਲੀਆਂ ਚਲਾਈਆਂ ਗਈਆਂ। ਇਸ ਦੌਰਾਨ ਹੋਈ ਕਰੀਬ ਦੋ ਦਰਜਨ ਫਾਈਰਿੰਗ ਨਾਲ ਪਿੰਡ ਵਾਸੀ ਸਹਿਮ ਗਏ। ਇਸ ਫਾਈਰਿੰਗ ਦੌਰਾਨ ਇਕ ਵਿਅਕਤੀ ਦੀ ਮੌਕੇ ’ਤੇ ਮੌਤ ਹੋ ਗਈ, ਜਦਕਿ ਤਿੰਨ ਵਿਅਕਤੀ ਗੰਭੀਰ ਰੂਪ ’ਚ ਜ਼ਖਮੀ ਹੋ ਗਏ। ਇਸ ਵਾਰਦਾਤ ਦੀ ਸੂਚਨਾ ਮਿਲਣ ਤੋਂ ਬਾਅਦ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਦੇ ਮੁਖੀ ਇੰਸਪੈਕਟਰ ਪਰਮਜੀਤ ਸਿੰਘ ਵਿਰਦੀ ਸਣੇ ਪੁਲਸ ਪਾਰਟੀ ਮੌਕੇ ’ਤੇ ਪਹੁੰਚੇ ਅਤੇ ਮ੍ਰਿਤਕ ਦੀ ਲਾਸ਼ ਨੂੰ ਕਬਜ਼ੇ ’ਚ ਲੈਂਦੇ ਹੋਏ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ। ਮ੍ਰਿਤਕ ਬਲਵਿੰਦਰ ਸਿੰਘ ਦੇ ਭਰਾ ਜਗਤਾਰ ਸਿੰਘ ਨੇ ਦੱਸਿਆ ਕਿ ਬੀਤੇ ਕੱਲ੍ਹ ਪਿੰਡ ਦੇ ਇਕ ਘਰ ਵਿਚ ਇਸਾਈ ਭਾਈਚਾਰੇ ਵਲੋਂ ਧਾਰਮਿਕ ਸਮਾਗਮ ਕਰਵਾਇਆ ਗਿਆ ਸੀ। ਜਿਸ ਨੂੰ ਪਿੰਡ ਦੇ ਹੀ ਨੌਜਵਾਨਾਂ ਵਲੋਂ ਜਬਰੀ ਬੰਦ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ। ਜਿਸ ਦਾ ਵਿਰੋਧ ਉਸ ਦੇ ਭਰਾ ਅਰਸ਼ਦੀਪ ਸਿੰਘ ਵਲੋਂ ਕੀਤਾ ਗਿਆ ਸੀ, ਜਿਸ ਦੀ ਰੰਜਿਸ਼ ਨੂੰ ਲੈ ਕੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਉੱਪਰ ਗੋਲੀਆਂ ਚਲਾਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਹਮਲਾਵਰਾਂ ਨੇ ਜਾਨ ਤੋਂ ਮਾਰਨ ਦੀਆਂ ਧਮਕੀਆਂ ਪਹਿਲਾਂ ਹੀ ਦੇ ਦਿੱਤੀਆਂ ਸਨ। ਇਸ ਵਾਰਦਾਤ ’ਚ ਬਲਵਿੰਦਰ ਸਿੰਘ (55) ਉਰਫ਼ ਕਾਲਾ ਦੀ ਮੌਕੇ ’ਤੇ ਹੀ ਮੌਤ ਹੋ ਗਈ ਜਦਕਿ 3 ਵਿਅਕਤੀ ਜ਼ਖਮੀ ਹੋ ਗਏ ਹਨ ਜਿਨ੍ਹਾਂ ਨੂੰ ਇਲਾਜ ਲਈ ਤਰਨਤਾਰਨ ਦੇ ਸਿਵਲ ਹਸਪਤਾਲ ’ਚ ਇਲਾਜ ਲਈ ਦਾਖਲ ਕਰਵਾਇਆ ਗਿਆ ਹੈ। ਮੌਕੇ ’ਤੇ ਪਹੁੰਚੇ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਦੇ ਮੁਖੀ ਪਰਮਜੀਤ ਸਿੰਘ ਵਿਰਦੀ ਅਤੇ ਪੁਲਸ ਚੌਂਕੀ ਫਤਿਆਬਾਦ ਦੇ ਇੰਚਾਰਜ ਗੱਜਣ ਸਿੰਘ ਨੇ ਦੱਸਿਆ ਕਿ ਇਸ ਘਟਨਾ ਵਿਚ ਬਲਵਿੰਦਰ ਸਿੰਘ ਦੀ ਮੌਤ ਹੋ ਗਈ ਹੈ ਜਦਕਿ ਸਮਸ਼ੇਰ ਸਿੰਘ, ਜਰਮਨਜੀਤ ਸਿੰਘ ਅਤੇ ਹਰਜਿੰਦਰ ਸਿੰਘ ਗੋਲੀ ਲੱਗਣ ਕਾਰਨ ਜ਼ਖਮੀ ਹੋ ਗਏ ਹਨ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਦੀ ਜਲਦ ਭਾਲ ਕਰਦੇ ਹੋਏ ਗ੍ਰਿਫਤਾਰ ਕਰ ਲਿਆ ਜਾਵੇਗਾ।

## ਸਗਨ ਸਮਾਗਮ ’ਚ ਦੋ ਧਿਰਾਂ ਦਾ ਹੋਇਆ ਝਗੜਾ, ਚੱਲੇ ਤੇਜ਼ਧਾਰ ਹਥਿਆਰ, 3 ਜਖਮੀ

ਅੰਮ੍ਰਿਤਸਰ 31 ਦਸੰਬਰ। ਪੰਜਾਬ ਵਿਚ ਇਸ ਸਮੇਂ ਲਾਅ ਐਂਡ ਆਰਡਰ ਇਸ ਕਦਰ ਡਿਗਦਾ ਜਾ ਰਿਹਾ ਹੈ ਕਿ ਕਿਸੇ ਵੀ ਵਿਅਕਤੀ ਨੂੰ ਕਾਨੂੰਨ ਦਾ ਡਰ ਨਹੀਂ ਰਿਹਾ ਅਤੇ ਨਿੱਕੀ ਗੱਲ ਤੇ ਲੋਕ ਇਕ-ਦੂਸਰੇ ਨੂੰ ਮਰਨ ਮਰਾਉਣ ਤੱਕ ਪਹੁੰਚ ਜਾਂਦੇ ਹਨ। ਇਸ ਤਰ੍ਹਾਂ ਤਾਜਾ ਮਾਮਲਾ ਅੰਮ੍ਰਿਤਸਰ ਸਿਵਲ ਲਾਈਨ ਥਾਣੇ ਅਧੀਨ ਆਉਂਦੇ ਨਿੱਜੀ ਪੈਲਸ ਦਾ ਹੈ ਜਿੱਥੇ ਕਿ ਅੱਜ ਸਗਨ ਸਮਾਗਮ ਦੌਰਾਨ ਨਿੱਕੀ ਜਿਹੀ ਗੱਲ ਨੂੰ ਲੈ ਕੇ ਕਿਰਚਾਂ ਚੱਲ ਪਈਆਂ, ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਜਖਮੀ ਨੌਜਵਾਨ ਚੇਤੰਨ ਨੇ ਦੱਸਿਆ ਕਿ ਉਨ੍ਹਾਂ ਦੇ ਭਰਾ ਦਾ ਸਗਨ ਅੰਮ੍ਰਿਤਸਰ ਕਚਹਿਰੀ ਚੌਂਕ ਨਜਦੀਕ ਪਸੋਰੀਆ ਹਾਲ ਵਿਚ ਸੀ ਅਤੇ ਉਥੇ ਇਕ ਨੌਜਵਾਨ ਪਹੁੰਚਿਆ ਹੋਇਆ ਸੀ, ਜੋ ਕਿ ਈ-ਰਿਕਸਾ ਚਲਾਉਂਦਾ ਸੀ ਅਤੇ ਪਰਿਵਾਰਿਕ ਮੈਂਬਰਾਂ ਨੂੰ ਘਰ ਤੋਂ ਸਗਨ ਵਾਲੇ ਹਾਲ ਤੱਕ ਲੈ ਕੇ ਆਇਆ ਸੀ। ਉਸ ਵਿਅਕਤੀ ਵੱਲੋਂ ਲੁੱਟ ਦੀ ਨੀਅਤ ਨਾਲ ਪਰਿਵਾਰਿਕ ਮੈਂਬਰਾਂ ਤੇ ਹਮਲਾ ਕਰ ਦਿੱਤਾ ਅਤੇ ਉਨ੍ਹਾਂ ਨੇ ਆਪਣਾ ਬਚਾਅ ਕੀਤਾ ਦਾ ਤਾਂ ਉਕਤ ਆਰੋਪੀ ਨੇ ਉਨ੍ਹਾਂ ਤੇ ਕਿਰਚਾਂ ਨਾਲ ਹਮਲਾ ਕਰਕੇ ਉੱਥੋਂ ਫਰਾਰ ਹੋ ਗਿਆ ਜਿਸ ‘ਚ ਕਿ ਤਿੰਨ ਨੌਜਵਾਨ ਗੰਭੀਰ ਰੂਪ ਵਿੱਚ ਜਖਮੀ ਹੋਏ ਹਨ ਅਤੇ ਹੁਣ ਪੀੜਤ ਨੌਜਵਾਨਾਂ ਵੱਲੋਂ ਇਨਸਾਫ ਦੀ ਗੁਹਾਰ ਲਗਾਈ ਜਾ ਰਹੀ ਹੈ। ਦੂਜੇ ਪਾਸੇ ਅੰਮ੍ਰਿਤਸਰ ਪ੍ਰੈਸ ਕਲੱਬ ਦੇ ਪ੍ਰਧਾਨ ਰਾਜੇਸ ਗਿੱਲ ਨੇ ਦੱਸਿਆ ਕਿ ਇਕ ਵਿਆਹ ਸਮਾਗਮ ਦੇ ਵਿਚ ਝਗੜਾ ਹੋਣ ਦੀ ਖਬਰ ਉਨ੍ਹਾਂ ਨੂੰ ਪਤਾ ਲੱਗੀ, ਜਿਸ ‘ਚ ਕਿ ਦੋ ਪੱਤਰਕਾਰ ਵੀ ਜਖਮੀ ਹੋਏ ਹਨ। ਉਨ੍ਹਾਂ ਦੱਸਿਆ ਕਿ ਪੱਤਰਕਾਰਾਂ ਦੇ ਪਰਿਵਾਰਿਕ ਮੈਂਬਰ ਦਾ ਹੀ ਵਿਆਹ ਸੀ ਅਤੇ ਵਿਆਹ ‘ਚ ਕਿਸੇ ਵਿਅਕਤੀ ਨਾਲ ਝਗੜਾ ਹੋਇਆ ਅਤੇ ਉਸ ਵਿਅਕਤੀ ਵੱਲੋਂ ਜਾਨੋ ਮਾਰਨ ਦੀ ਨੀਅਤ ਦੇ ਨਾਲ ਉਨ੍ਹਾਂ ਦੇ ਕਿਰਚਾ ਮਾਰ ਕੇ ਫਰਾਰ ਹੋ ਗਿਆ ਅਤੇ ਹੁਣ ਅਸੀਂ ਪੁਲਸ ਪਾਸੋਂ ਇਨਸਾਫ ਦੀ ਅਪੀਲ ਕਰ ਰਹੇ ਹਨ। ਇਸ ਮਾਮਲੇ ‘ਚ ਜਦੋਂ ਪੁਲਸ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਤਾਂ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਸਗਨ ਸਮਾਗਮ ਦੌਰਾਨ ਦੋ ਧਿਰਾਂ ਵਿਚਾਲੇ ਝਗੜਾ ਹੋਣ ਦੀ ਖਬਰ ਸਾਹਮਣੇ ਆਈ ਹੈ, ਜਿਸ ‘ਚ ਤਿੰਨ ਨੌਜਵਾਨ ਗੰਭੀਰ ਜਖਮੀ ਹੋਏ ਹਨ ਅਤੇ ਜਿਨ੍ਹਾਂ ਵੱਲੋਂ ਇਨ੍ਹਾਂ ਨੌਜਵਾਨਾਂ ਨੂੰ ਜਖਮੀ ਕੀਤਾ ਗਿਆ ਹੈ, ਮੌਕੇ ਤੇ ਹੀ ਫਰਾਰ ਹੋ ਗਏ।

## ਉਤਾਰ-ਚੜ੍ਹਾਅ ਭਰੇ ਕਾਰੋਬਾਰ ਵਿੱਚ ਘਰੇਲੂ ਬਾਜਾਰ ਹੋਇਆ ਸਪਾਟ

ਮੁੰਬਈ 31 ਦਸੰਬਰ। ਮੰਗਲਵਾਰ ਨੂੰ ਘਰੇਲੂ ਬਾਜਾਰਾਂ ‘ਚ ਸੁਰੂਆਤੀ ਕਾਰੋਬਾਰ ‘ਚ ਤੇਜੀ ਦੇਖਣ ਨੂੰ ਮਿਲੀ ਪਰ ਬਾਅਦ ‘ਚ ਏਸੀਆਈ ਬਾਜਾਰਾਂ ਦੇ ਮਿਲੇ-ਜੁਲੇ ਰੁਖ ਅਤੇ ਬੇਹੱਦ ਅਸਥਿਰ ਕਾਰੋਬਾਰ ਕਾਰਨ ਦੋਵੇਂ ਸੂਚਕਾਂਕ ਸੈਂਸੈਕਸ ਅਤੇ ਨਿਫਟੀ ‘ਚ ਤੇਜੀ ਰਹੀ। ਬੀ.ਐੱਸ.ਈ. ਦਾ 30 ਸੇਅਰਾਂ ਵਾਲਾ ਸੂਚਕ ਅੰਕ ਸੈਂਸੈਕਸ ਸੁਰੂਆਤੀ ਕਾਰੋਬਾਰ ‘ਚ 87.6 ਅੰਕ ਵਧ ਕੇ 71,194.56 ‘ਤੇ ਖੁੱਲ੍ਹਿਆ। ਨਿਫਟੀ 40.25 ਅੰਕਾਂ ਦੇ ਵਾਧੇ ਨਾਲ 21,389.65 ‘ਤੇ ਰਿਹਾ। ਹਾਲਾਂਕਿ, ਦੋਵੇਂ ਸੂਚਕਾਂਕ ਬਾਅਦ ਵਿੱਚ ਬਹੁਤ ਅਸਥਿਰ ਵਪਾਰ ਵਿੱਚ ਫਲੈਟ ਬੰਦ ਹੋਏ। ਇਸ ਦੌਰਾਨ ਸੈਂਸੈਕਸ ਦੀਆਂ ਕੰਪਨੀਆਂ ‘ਚ ਐੱਨ.ਟੀ.ਪੀ.ਸੀ., ਟਾਟਾ ਸਟੀਲ, ਪਾਵਰ ਗ੍ਰਿਡ, ਮਹਿੰਦਰਾ ਐਂਡ ਮਹਿੰਦਰਾ, ਲਾਰਸਨ ਐਂਡ ਟੂਬਰੋ ਅਤੇ ਸਟੇਟ ਬੈਂਕ ਆਫ ਇੰਡੀਆ ਦੇ ਸੇਅਰ ਵਾਧੇ ਵਿੱਚ ਰਹੇ। ਜਦੋਂ ਕਿ ਵਿਪਰੋ, ਇੰਫੋਸਿਸ, ਐਚਸੀਐਲ ਟੈਕਨਾਲੋਜੀਜ, ਟੈਕ ਮਹਿੰਦਰਾ, ਟਾਟਾ ਕੰਸਲਟੈਂਸੀ ਸਰਵਿਸਿਜ ਅਤੇ ਮਾਰੂਤੀ ਦੇ ਸੇਅਰ ਘਾਟੇ ‘ਚ ਰਹੇ। ਦੂਜੇ ਏਸੀਆਈ ਬਾਜਾਰਾਂ ‘ਚ ਦੱਖਣੀ ਕੋਰੀਆ ਦਾ ਕੋਸਪੀ ਲਾਭ ‘ਚ ਰਿਹਾ, ਜਦਕਿ ਜਾਪਾਨ ਦਾ ਨਿੱਕੇਈ ਅਤੇ ਚੀਨ ਦਾ ਸੰਘਾਈ ਕੰਪੋਜਿ?ਟ ਘਾਟੇ ‘ਚ ਰਿਹਾ। ਇਸ ਦੇ ਨਾਲ ਹੀ ਸੁੱਕਰਵਾਰ ਵਾਲੇ ਦਿਨ ਅਮਰੀਕੀ ਬਾਜਾਰ ਸਕਾਰਾਤਮਕ ਨੋਟ ‘ਤੇ ਬੰਦ ਹੋਇਆ। ਗਲੋਬਲ ਆਇਲ ਬੈਂਚਮਾਰਕ ਬ੍ਰੈਂਟ ਕਰੂਡ 0.04 ਫੀਸਦੀ ਵਧ ਕੇ 79.07 ਡਾਲਰ ਪ੍ਰਤੀ ਬੈਰਲ ‘ਤੇ ਕਾਰੋਬਾਰ ਕਰ ਰਿਹਾ ਸੀ। ਸੇਅਰ ਬਾਜਾਰ ਦੇ ਅੰਕੜਿਆਂ ਮੁਤਾਬਕ ਵਿਦੇਸੀ ਸੰਸਥਾਗਤ ਨਿਵੇਸਕਾਂ (ਐੱਫ.ਆਈ.ਆਈ.) ਨੇ ਸੁੱਕਰਵਾਰ ਨੂੰ 2,828.94 ਕਰੋੜ ਰੁਪਏ ਦੇ ਸੇਅਰ ਵੇਚੇ ਸਨ।

# ਐਕਸਾਈਜ਼ ਵਿਭਾਗ ਦੀ ਟੀਮ ਨੇ ਮੰਡ ਇਲਾਕੇ ਤੋਂ ਬਰਾਮਦ ਕੀਤਾ ਨਾਜਾਇਜ਼ ਸ਼ਰਾਬ ਦਾ ਜ਼ਖੀਰਾ

ਤਰਨ ਤਾਰਨ 31 ਦਸੰਬਰ। ਨਾਜਾਇਜ਼ ਸ਼ਰਾਬ ਖਿ?ਲਾਫ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਜ਼ਿਲ੍ਹਾ ਤਰਨਤਾਰਨ ਤੇ ਫਿਰੋਜ਼ਪੁਰ ਦੀ ਸਾਂਝੀ ਵਿਸ਼ੇਸ਼ ਐਕਸਾਈਜ਼ ਟੀਮਾਂ ਵਲੋਂ ਮੰਡ ਇਲਾਕੇ ’ਚ ਛਾਪੇਮਾਰੀ ਕਰਦੇ ਹੋਏ 75 ਹਜ਼ਾਰ ਲੀਟਰ ਲਾਹਣ, 215 ਲੀਟਰ ਨਾਜਾਇਜ਼ ਸ਼ਰਾਬ, 4 ਚਾਲੂ ਭੱਠੀਆਂ, 23 ਤਿਰਪਾਲਾਂ, 5 ਡਰੰਮ, 12 ਪਲਾਸਟਿਕ ਕੈਨ ਸਣੇ ਹੋਰ ਸਾਮਾਨ ਬਰਾਮਦ ਕਰਨ ’ਚ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਜ਼ਿਕਰਯੋਗ ਹੈ ਕਿ ਇਸ ਕਾਰਵਾਈ ਉਪਰੰਤ ਥਾਣਾ ਹਰੀਕੇ ਵਿਖੇ ਤਿੰਨ ਵਿਅਕਤੀਆਂ ਖ਼ਿ?ਲਾਫ ਮਾਮਲਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਜਾਣਕਾਰੀ ਦਿੰਦੇ ਹੋਏ ਐਕਸਾਈਜ਼ ਵਿਭਾਗ ਤਰਨਤਾਰਨ ਦੇ ਈ. ਟੀ. ਓ. ਨਵਜੋਤ ਭਾਰਤੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ



ਐਕਸਾਈਜ਼ ਕਮਿਸ਼ਨਰ ਪੰਜਾਬ ਵਰੁਣ ਰੂਜ਼ਮ ਵਲੋਂ ਨਾਜਾਇਜ਼ ਸ਼ਰਾਬ ਖ਼ਿ?ਲਾਫ ਜਾਰੀ ਕੀਤੇ ਗਏ ਸਖਤ ਹੁਕਮਾਂ ਤਹਿਤ ਉੱਪ ਕਮਿਸ਼ਨਰ ਜਲੰਧਰ ਜੋਨ ਪਰਮਜੀਤ ਸਿੰਘ ਅਤੇ ਉੱਪ ਕਮਿਸ਼ਨਰ ਫਿਰੋਜ਼ਪੁਰ ਪਵਨਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਇਕ ਵਿਸ਼ੇਸ਼ ਟੀਮ ਦਾ ਗਠਨ ਕੀਤਾ ਗਿਆ ਸੀ, ਜਿਸ ’ਚ ਅੰਮ੍ਰਿਤਸਰ ਰੇਂਜ ਦੇ ਨਵਜੀਤ ਸਿੰਘ ਅਤੇ ਫਿਰੋਜ਼ਪੁਰ ਰੇਂਜ ਦੇ ਉਮੇਸ਼ ਭੰਡਾਰੀ ਦੀ ਅਗਵਾਈ ਵਾਲੀ ਟੀਮ ਮੌਜੂਦ ਸੀ। ਉਨ੍ਹਾਂ ਦੱਸਿਆ ਕਿ ਸ਼ਨੀਵਾਰ ਸਵੇਰੇ ਦਰਿਆ ਬਿਆਸ ਨਜ਼ਦੀਕ ਵੱਖ-ਵੱਖ ਇਲਾਕਿਆਂ, ਜਿਨ੍ਹਾਂ ਵਿਚ ਮੰਡ, ਕਿੜੀਆਂ, ਮਰੜ੍ਹ ਤੋਂ ਇਲਾਵਾ ਹੋਰ ਇਲਾਕਿਆਂ ਵਿਚ ਤਲਾਸ਼ੀ ਅਭਿਆਨ ਚਲਾਇਆ ਗਿਆ, ਜਿਸ ਤਹਿਤ ਟੀਮ ਵਲੋਂ 75 ਹਜ਼ਾਰ ਲੀਟਰ ਲਾਹਣ, 215 ਲੀਟਰ ਨਾਜਾਇਜ਼ ਸ਼ਰਾਬ, 4 ਚਾਲੂ ਭੱਠੀਆਂ, 23 ਤਿਰਪਾਲਾਂ, 5 ਡਰੰਮ, 12 ਪਲਾਸਟਿਕ ਕੈਨ ਸਮੇਤ ਹੋਰ ਸਾਮਾਨ ਬਰਾਮਦ ਕਰਨ ’ਚ ਸਫਲਤਾ ਹਾਸਲ ਹੋਈ। ਨਵਜੋਤ ਭਾਰਤੀ ਨੂੰ ਦੱਸਿਆ ਕਿ ਬਰਾਮਦ ਕੀਤੀ ਗਈ ਲਾਹਣ ਨੂੰ ਮੌਕੇ ’ਤੇ ਸੁੱਕੀ ਜਗ੍ਹਾ ਉੱਪਰ ਨਸ਼ਟ ਕਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਇਹ ਮੁਹਿੰਮ ਤਹਿਤ ਹਰੀਕੇ ਵਿਖੇ ਤਿੰਨ ਮੁਲਜ਼ਮਾਂ ਖ਼ਿ?ਲਾਫ ਮਾਮਲਾ ਦਰਜ ਕਰਦੇ ਹੋਏ ਪੁਲਸ ਵਲੋਂ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

### ਵਿਆਹੁਤਾ ਨੂੰ ਤੰਗ-ਪ੍ਰੇਸ਼ਾਨ ਕਰਨ ਦੇ ਦੋਸ਼ ’ਚ ਪਤੀ, ਦਿਓਰ ਅਤੇ ਸੱਸ ਖ਼ਿ?ਲਾਫ ਕੇਸ ਦਰਜ

ਗੁਰਦਾਸਪੁਰ 31 ਦਸੰਬਰ। ਵਿਆਹੁਤਾ ਨੂੰ ਨਾ ਵਸਾਉਣ ਅਤੇ ਦਾਜ ’ਚ ਦਿੱਤਾ ਸਾਮਾਨ ਖੁਰਦ-ਬੁਰਦ ਕਰਨ ਦੇ ਦੋਸ਼ ’ਚ ਗੁਰਦਾਸਪੁਰ ਸਦਰ ਪੁਲਸ ਨੇ ਸ਼ਿਕਾਇਤਕਰਤਾ ਦੇ ਪਤੀ, ਦਿਓਰ ਅਤੇ ਸੱਸ ਦੇ ਖ਼ਿ?ਲਾਫ ਕੇਸ ਦਰਜ ਕੀਤਾ ਹੈ। ਇਸ ਸਬੰਧੀ ਸਬ ਇੰਸਪੈਕਟਰ ਭਗਵਾਨ ਸਿੰਘ ਨੇ ਦੱਸਿਆ ਕਿ ਪੀੜਤਾ ਜਸਬੀਰ ਕੌਰ ਪੁੱਤਰੀ ਭਗਵਾਨ ਸਿੰਘ ਨੇ ਉੱਚ ਅਧਿਕਾਰੀਆਂ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਸ ਦਾ ਵਿਆਹ 14-7-21 ਨੂੰ ਸਤਨਾਮ ਸਿੰਘ ਪੁੱਤਰ ਦਲਜੀਤ ਸਿੰਘ ਵਾਸੀ ਪਿੰਡ ਮੰਜ ਦੇ ਨਾਲ ਹੋਇਆ ਸੀ। ਵਿਆਹ ਦੇ ਬਾਅਦ ਸ਼ਿਕਾਇਤਕਰਤਾ ਦਾ ਪਤੀ ਸਤਨਾਮ ਸਿੰਘ, ਦਿਓਰ ਜਗਰੂਪ ਸਿੰਘ ਅਤੇ ਸੱਸ ਪਰਮਜੀਤ ਕੌਰ ਉਸ ਨੂੰ ਘਰ ਵਿਚ ਨਾ ਰੱਖਣ ਦੇ ਲਈ ਤੰਗ-ਪ੍ਰੇਸ਼ਾਨ ਕਰਨ ਲੱਗੇ ਅਤੇ ਉਸ ਦੇ ਮਾਂ-ਬਾਪ ਵੱਲੋਂ ਵਿਆਹ ਦੇ ਸਮੇਂ ਦਿੱਤਾ ਦਾਜ ਵੀ ਮੁਲਜਮਾਂ ਨੇ ਖੁਰਦ-ਬੁਰਦ ਕਰ ਦਿੱਤਾ। ਇਸ ਸ਼ਿਕਾਇਤ ਦੀ ਜਾਂਚ ਡੀ. ਐੱਸ. ਪੀ ਕ੍ਰਾਈਮ ਵੱਲੋਂ ਕਰਨ ਤੋਂ ਬਾਅਦ ਮੁਲਜਮਾਂ ਖ਼ਿ?ਲਾਫ ਕੇਸ ਦਰਜ ਕੀਤਾ ਗਿਆ।

## ਨਸ਼ਾ ਛੁਡਾਊ ਕੇਂਦਰ ’ਚ ਲਿਜਾ ਕੇ ਨੌਜਵਾਨ ਦੀ ਕਰਦੇ ਰਹੇ ਕੁੱਟਮਾਰ, ਮੌਤ ਹੋਣ ’ਤੇ ਤਿੰਨ ਖਿਲਾਫ਼ ਮਾਮਲਾ ਦਰਜ

ਫ਼ਰੀਦਕੋਟ 31 ਦਸੰਬਰ। ਜ਼ਿਲ੍ਹੇ ਦੇ ਪਿੰਡ ਦੀਪ ਸਿੰਘ ਵਾਲਾ ਨਿਵਾਸੀ ਇਕ ਪਰਿਵਾਰ ਦੇ ਨਸ਼ਾ ਕਰਨ ਦੇ ਆਦੀ ਨੌਜਵਾਨ ਨੂੰ ਨਸ਼ੇ ਤੋਂ ਨਿਜਾਤ ਦਿਵਾਉਣ ਦਾ ਦਾਅਵਾ ਕਰਕੇ ਤਿੰਨ ਨੌਜਵਾਨਾਂ ਵੱਲੋਂ ਹਜਾਰਾਂ ਰੁਪਏ ਵਸੂਲ ਕਰਨ ਉਪਰੰਤ ਨਸ਼ਾ ਛੁਡਾਊ ਕੇਂਦਰ ਵਿਖੇ ਲਿਜਾ ਕੇ ਉਸਦੀ ਕੁੱਟਮਾਰ ਕਰਨ ’ਤੇ ਬਿਮਾਰ ਹੋਏ ਨੌਜਵਾਨ ਦੀ ਮੌਤ ਹੋ ਜਾਣ ਦੇ ਮਾਮਲੇ ਵਿਚ ਪੁਲਸ ਨੇ ਮੁਕੱਦਮਾ ਦਰਜ ਕਰ ਲਿਆ ਹੈ। ਇਸ ਮਾਮਲੇ ਦੇ ਤਫਤੀਸ਼ੀ ਸਹਾਇਕ




ਥਾਣੇਦਾਰ ਜਸਵੰਤ ਸਿੰਘ ਫ਼ਰੀਦਕੋਟ ਨੇ ਦੱਸਿਆ ਕਿ ਬਿਆਨਕਰਤਾ ਜਗਦੀਪ ਸਿੰਘ ਪੁੱਤਰ ਸੋਮਾ ਸਿੰਘ ਵਾਸੀ ਦੀਪ ਸਿੰਘ ਵਾਲਾ ਅਨੁਸਾਰ ਉਸਦਾ ਵੱਡਾ ਭਰਾ ਕੁਲਦੀਪ ਸਿੰਘ ਨਸ਼ਾ ਕਰਨ ਦਾ ਆਦੀ ਸੀ ਜਿਸਦਾ ਉਹ ਇਲਾਜ ਕਰਵਾਉਣਾ ਚਾਹੁੰਦਾ ਸੀ ਅਤੇ ਇਸੇ ਹੀ ਸਬੰਧ ਵਿਚ ਜਦ ਉਸਦੀ ਗੱਲਬਾਤ ਵਕੀਲ ਸਿੰਘ ਉਰਫ਼ ਵਕੀਲਾ ਪੁੱਤਰ ਭੋਲਾ ਸਿੰਘ ਨਾਲ ਹੋਈ ਤਾਂ ਉਸਨੇ ਭਰੋਸਾ ਦਿੱਤਾ ਕਿ 23 ਹਜਾਰ ਰੁਪਏ ਵਿਚ ਉਹ ਉਸਦੇ ਭਰਾ ਦਾ ਨਸ਼ਾ ਛੁਡਵਾ ਦੇਣਗੇ। ਬਿਆਨਕਰਤਾ ਅਨੁਸਾਰ ਇਸ ਉਪ੍ਰੰਤ ਵਕੀਲ ਸਿੰਘ, ਨਿਰਮਲ ਸਿੰਘ ਪੁੱਤਰ ਭੋਲਾ ਸਿੰਘ ਵਾਸੀ ਜੈਤੋ ਅਤੇ ਸੰਨੀ ਉਸਦੇ ਭਰਾ ਨੂੰ ਨਸ਼ਾ ਛੁਡਾਊ ਕੇਂਦਰ ਬਿਸ਼ਨੰਦੀ ਵਿਖੇ ਲੈ ਗਏ। ਬਿਆਨ ਕਰਤਾ ਨੇ ਦੋਸ਼ ਲਗਾਇਆ ਕਿ ਨਸ਼ਾ ਛੁਡਾਊ ਕੇਂਦਰ ਵਿਖੇ ਜਦੋਂ ਉਸਦਾ ਭਰਾ ਨਸ਼ਾ ਮੰਗਦਾ ਤਾਂ ਇਹ ਉਸਦੀ ਕੁੱਟਮਾਰ ਕਰਦੇ ਰਹੇ। ਬਿਆਨਕਰਤਾ ਨੇ ਦੋਸ਼ ਲਗਾਇਆ ਕਿ ਇਕ ਦਿਨ ਵਕੀਲ ਸਿੰਘ ਨੇ ਬਿਆਨਕਰਤਾ ਨੂੰ ਫੋਨ ਕਰਕੇ ਦੱਸਿਆ ਕਿ ਉਸਦਾ ਭਰਾ ਬਿਮਾਰ ਹੋ ਗਿਆ ਹੈ ਜਿਸ’ਤੇ ਉਹ ਆਪਣੇ ਭਰਾ ਕੁਲਦੀਪ ਸਿੰਘ ਨੂੰ ਬਿਸ਼ਨੰਦੀ ਤੋਂ ਮੈਡੀਕਲ ਹਸਪਤਾਲ ਫ਼ਰੀਦਕੋਟ ਵਿਖੇ ਇਲਾਜ ਕਰਵਾਉਣ ਲਈ ਲੈ ਆਇਆ ਜਿੱਥੇ ਉਸਦੇ ਭਰਾ ਦੇ ਇਲਾਜ ਤੋਂ ਬਾਅਦ ਬੀਤੀ 22 ਦਸੰਬਰ ਨੂੰ ਛੁੱਟੀ ਦੇ ਦਿੱਤੀ ਗਈ। ਬਿਆਨਕਰਤਾ ਜਗਦੀਪ ਸਿੰਘ ਨੇ ਅੱਗੇ ਦੱਸਿਆ ਕਿ ਜਦੋਂ ਉਹ ਬੀਤੇ ਸ਼ਨੀਵਾਰ 23 ਦਸੰਬਰ ਨੂੰ ਆਪਣੇ ਭਰਾ ਨੂੰ ਮੁੜ ਦਵਾਈ ਦਿਵਾਉਣ ਲਈ ਮੈਡੀਕਲ ਹਸਪਤਾਲ ਵਿਖੇ ਲਿਆਇਆ ਭਰਾ ਕੁਲਦੀਪ ਸਿੰਘ ਦੀ ਮੌਤ ਉਕਤ ਤਿੰਨਾਂ ਵੱਲੋਂ ਮਾਰਣ ਕੁੱਟਣ ਕਾਰਣ ਹੀ ਹੋਈ ਹੈ ਜਿਸ’ਤੇ ਉਕਤ ਤਿੰਨਾਂ ਖਿਲਾਫ਼ ਮੁਕੱਦਮਾ ਦਰਜ ਕਰਕੇ ਤਫਤੀਸ਼ ਜਾਰੀ ਹੈ।

## ਹਿਮਾਚਲ ਪ੍ਰਦੇਸ਼ ‘ਚ ਵਾਪਰਿਆ ਭਿਆਨਕ ਕਾਰ ਹਾਦਸਾ, 3 ਲੋਕਾਂ ਦੀ ਮੌਤ

ਸ਼ਿਮਲਾ 31 ਦਸੰਬਰ। ਹਿਮਾਚਲ ਪ੍ਰਦੇਸ਼ ਦੇ ਜਨਜਾਤੀ ਖੇਤਰ ਲਾਹੌਲ ਸਪੀਤੀ ਜਿ?ਲ੍ਹੇ ਦੇ ਜਾਹਲਮਾ ‘ਚ ਪਾਂਗੀ ਤੋਂ ਕੁੱਲੂ ਆ ਰਹੀ ਇਕ ਕਾਰ (ਟਾਟਾ ਸਫਾਰੀ) ਹਾਦਸੇ ਦਾ ਸ਼ਿਕਾਰ ਹੋ ਗਈ, ਜਿਸ ‘ਚ 3 ਲੋਕਾਂ ਦੀ ਮੌਕੇ ‘ਤੇ ਹੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਕਾਰ ‘ਚ ਤਿੰਨ ਹੀ ਲੋਕ ਸਵਾਰ ਸਨ। ਜਿਸ ‘ਚ ਚੰਬਾ ਜਿ?ਲ੍ਹੇ ਦੇ ਪਾਂਗੀ ਵਾਸੀ 54 ਸਾਲਾ ਰਾਕੇਸ਼ ਕੁਮਾਰ, 55 ਸਲਾ ਚੰਦਰੋ ਦੇਵੀ ਅਤੇ ਇਕ ਹੋਰ ਨੌਜਵਾਨ ਸਵਾਰ ਸਨ। ਨੌਜਵਾਨ ਦੀ ਪਛਾਣ ਅਜੇ ਤੱਕ ਨਹੀਂ ਹੋ ਸਕੀ ਹੈ। ਪੁਲਸ ਸੁਪਰਡੈਂਟ ਮਯੰਕ ਚੌਧਰੀ ਨੇ ਦੱਸਿਆ ਕਿ ਪੁਲਸ ਦੀ ਟੀਮ ਸੂਚਨਾ ਮਿਲਣ ਦੇ ਬਾਅਦ ਮੌਕੇ ‘ਤੇ ਪਹੁੰਚੀ। ਹਾਦਸੇ ਦਾ ਸ਼ਿਕਾਰ ਹੋਏ ਵਾਹਨ ‘ਚ ਸਵਾਰ ਤਿੰਨੋਂ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਖੱਡ ‘ਚੋਂ ਕੱਢ ਕੇ ਕਬਜੇ ‘ਚ ਲੈ ਲਿਆ ਗਿਆ। ਲਾਸ਼ਾਂ ਪੋਸਟਮਾਰਟਮ ਲਈ ਖੇਤਰੀ ਹਸਪਤਾਲ ਕੇਲਾਂਗ ਲਿਜਾਈਆਂ ਗਈਆਂ ਸਨ, ਜੋ ਬਾਅਦ ‘ਚ ਪਰਿਵਾਰ ਵਾਲਿਆਂ ਨੂੰ ਸੌਂਪ ਦਿੱਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਅਜੇ ਤੱਕ ਹਾਦਸੇ ਦੇ ਸਹੀ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ।

### ਜਲੰਧਰ ‘ਚ ਬਰੇਜਾ ਕਾਰ ਤੇ ਮਿੰਨੀ ਟਰੱਕ ਦੀ ਹੋਈ ਜਬਰਦਸਤ ਟੱਕਰ, ਇਕ ਵਿਅਕਤੀ ਦੀ ਮੌਤ

ਜਲੰਧਰ 31 ਦਸੰਬਰ। ਜਲੰਧਰ ਦੇ ਧੰਨੋਵਾਲੀ ਫਾਟਕ ਨੇੜੇ ਵਾਪਰੇ ਹਾਦਸੇ ਵਿੱਚ ਇਕ ਵਿਅਕਤੀ ਦੀ ਮੌਤ ਹੋ ਗਈ ਹੈ। ਇਹ ਹਾਦਸਾ ਸੋਮਵਾਰ ਸਵੇਰੇ ਕਰੀਬ 10.30 ਵਜੇ ਵਾਪਰਿਆ। ਮ੍ਰਿਤਕ ਦੀ ਪਛਾਣ ਅਮਰਜੀਤ ਸਿੰਘ ਵਾਸੀ ਕੰਗ ਸਾਹਬੂ ਵਜੋਂ ਹੋਈ ਹੈ। ਜਲੰਧਰ ਛਾਉਣੀ ਦੀ ਪਰਾਗਪੁਰ ਚੌਕੀ ਦੀ ਪੁਲਸ ਨੇ ਮੌਕੇ ‘ਤੇ ਪਹੁੰਚ ਕੇ ਜਾਂਚ ਸੁਰੂ ਕਰ ਦਿੱਤੀ ਹੈ। ਸ਼ੁਰੂਆਤੀ ਜਾਂਚ ਪਤਾ ਲੱਗਾ ਹੈ ਕਿ ਬਰੇਜਾ ਕਾਰ ਵਿੱਚ 3 ਨੌਜਵਾਨ ਜਲੰਧਰ ਵੱਲ ਆ ਰਹੇ ਸਨ। ਇਸ ਦੌਰਾਨ ਉਨ੍ਹਾਂ ਦੀ ਕਾਰ ਮਿੰਨੀ ਟਰੱਕ ਨਾਲ ਟਕਰਾ ਗਈ। ਇਸ ਵਿੱਚ ਮਿੰਨੀ ਟਰੱਕ ਚਲਾ ਰਹੇ ਵਿਅਕਤੀ ਦੀ ਮੌਤ ਹੋ ਗਈ ਹੈ। ਉਥੇ ਹੀ ਪੁਲਸ ਨੇ ਮ੍ਰਿਤਕ ਦੀ ਲਾਸ਼ ਨੂੰ ਕਬਜੇ ਵਿਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ ਹੈ।

# ਨਵਾਂ ਪਿੰਡ ਸਰਦਾਰਾਂ ਨੇ ਕੌਮੀ ਪੁਰਸਕਾਰ ਜਿੱਤਣ ਤੋਂ ਬਾਅਦ ਅੰਤਰਰਾਸਟਰੀ ਐਵਾਰਡ ਜਿੱਤ ਕੇ ਗੱਡਿਆ ਨਵਾਂ ਮੀਲ ਪੱਥਰ

ਗੁਰਦਾਸਪੁਰ 31 ਦਸੰਬਰ। ਗੁਰਦਾਸਪੁਰ ਜਿ?ਲ੍ਹੇ ਦੇ ਪਿੰਡ ਨਵਾਂ ਪਿੰਡ ਸਰਦਾਰਾਂ ’ਚ ਸਥਿਤ ਮਸਹੂਰ ਵਿਰਾਸਤੀ ਕੋਠੀ-ਪਿੱਪਲ ਹਵੇਲੀ ਨੇ ਟਿਕਾਊ ਵਿਕਾਸ ਲਈ ਵਿਸੇਸ ਮਾਨਤਾ ਦੇ ਤਹਿਤ ਸੱਭਿਆਚਾਰਕ ਵਿਰਾਸਤ ਦੀ ਸੰਭਾਲ ਲਈ 2023 ਦਾ ਯੂਨੈਸਕੋ ਏਸੀਆ-ਪੈਸੀਫਿਕ ਪੁਰਸਕਾਰ ਜਿੱਤ ਕੇ ਇਕ ਹੋਰ ਨਵਾਂ ਮੀਲ ਪੱਥਰ ਗੱਡਿਆ ਹੈ। ਗੁਰਦਾਸਪੁਰ-ਸ੍ਰੀ ਹਰਗੋਬਿੰਦਪੁਰ ਰਾਜ ਮਾਰਗ ਤੋਂ 2 ਕਿਲੋਮੀਟਰ ਦੀ ਦੂਰੀ ’ਤੇ ਅਪਰਬਾਰੀ ਦੋਆਬ ਨਹਿਰ ਦੇ ਕੰਢੇ ਇਕ ਸਾਧਾਰਣ ਪੰਜਾਬੀ ਪਿੰਡ ’ਚ 125 ਸਾਲ ਪੁਰਾਣੀ ਪਿੱਪਲ ਹਵੇਲੀ ਸਥਿਤ ਹੈ। ਇਸ ਦੀ ਮਾਲਕਣ ਗੁਰਮੀਤ ਸੰਘਾ ਰਾਏ ਹਨ, ਜੋ ਵਿਰਾਸਤੀ ਸੰਭਾਲ ’ਚ ਪ੍ਰਸਿੱਧ ਨਾਮ ਹੈ। ਦੱਸਣਯੋਗ ਹੈ ਕਿ ਇਸ ਪਿੰਡ ਨੂੰ ਕੁਝ ਮਹੀਨੇ ਪਹਿਲਾਂ ਦਿੱਲੀ ਦੇ ਪ੍ਰਗਤੀ ਮੈਦਾਨ ’ਚ ਕੇਂਦਰੀ ਸੈਰ-ਸਪਾਟਾ ਮੰਤਰਾਲੇ ਵੱਲੋਂ ‘ਬੈਸਟ ਟੂਰਜਿ?ਮ ਐਵਾਰਡ’ ਨਾਲ ਸਨਮਾਨਿਆ ਗਿਆ ਸੀ। ਪਿੰਡ ਦੀ ਦੂਸਰੀ ਵਿਰਾਸਤੀ ਕੋਠੀ ਨੂੰ ‘ਕੋਠੀ’ ਕਿਹਾ ਜਾਂਦਾ ਹੈ, ਜੋ ਕਿ ਪਿੱਪਲ ਹਵੇਲੀ ਦੇ ਨਾਲ ਲੱਗਦੀ ਹੈ। ਇਨ੍ਹਾਂ ਦੋਵੇ ਹਵੇਲੀਆਂ ਦੀ ਉਸਾਰੀ 125 ਸਾਲ ਪਹਿਲਾਂ ਇਕ ਪਰਿਵਾਰ ਵੱਲੋਂ ਕੀਤੀ ਗਈ, ਜਿਸ ਦੇ ਮੁਖੀ ਸਰਦਾਰ ਨਾਰਾਇਣ ਸਿੰਘ ਸਨ। ਇਸ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਬਹਾਦਰ ਬੇਅੰਤ ਸਿੰਘ, ਜੋ ਪੰਜਾਬ ’ਚ ਸਹਿਕਾਰੀ ਸਭਾਵਾਂ ਦੇ ਸੰਸਥਾਪਕ ਵੀ ਸਨ, ਨੇ ਇਨ੍ਹਾਂ ਦੀ ਵਧੀਆ ਢੰਗ ਨਾਲ ਸੰਭਾਲ ਰੱਖੀ। ਇਨ੍ਹਾਂ ਕੋਠੀਆਂ ਨੂੰ ਦੇਸ਼ ਅਤੇ ਵਿਦੇਸ ਤੋਂ



ਸੈਲਾਨੀ ਆਉਂਦੇ ਹਨ। ਗੁਰਮੀਤ ਸੰਘਾ ਨੇ ਕਿਹਾ ਕਿ ਪਿੱਪਲ ਹਵੇਲੀ ਨੂੰ ਸੈਲਾਨੀਆਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਵਿਦੇਸੀ ਸੈਲਾਨੀ ਵੀ ਇੱਥੇ ਆਉਂਦੇ ਹਨ ਅਤੇ ਕੁਝ ਸਮਾਂ ਬਿਤਾਉਂਦੇ ਹਨ। ਬੁਕਿੰਗ ਆਨਲਾਈਨ ਕੀਤੀ ਜਾਂਦੀ ਹੈ। ਜਿੱਥੋਂ ਤੱਕ ਪਿੱਪਲ ਹਵੇਲੀ ਲਈ ਯੂਨੈਸਕੋ ਦੇ ਸਨਮਾਨ ਦੀ ਗੱਲ ਹੈ, ਬੈਂਕਾਕ ’ਚ ਯੂਨੈਸਕੋ ਦੇ ਖੇਤਰੀ ਦਫਤਰ ਦੀ ਪ੍ਰੈੱਸ ਰਿਲੀਜ ਅਨੁਸਾਰ ਪ੍ਰਬੰਧਕਾਂ ਵੱਲੋਂ ਏਸ਼ੀਆ-ਪ੍ਰਸ਼ਾਂਤ ਖੇਤਰ ਦੇ 11 ਮੁਲਕਾਂ ਤੋਂ 48 ਐਂਟਰੀਆਂ ਪ੍ਰਾਪਤ ਕੀਤੀਆਂ ਗਈਆਂ ਸਨ। ਜਿਊਰੀ ’ਚ 7 ਅੰਤਰਰਾਸਟਰੀ ਕੰਜਰਵੇਸਨਿਸਟ ਮਾਹਿਰਾਂ ਅਤੇ ਇਕ ਜਿਊਰੀ ਚੇਅਰ ਵੱਲੋਂ ਬੀਤੀ 9 ਅਤੇ 10 ਨਵੰਬਰ ਨੂੰ ਪ੍ਰਾਜੈਕਟ ਐਂਟਰੀਆਂ ਬਾਰੇ ਵਿਚਾਰ ਕੀਤਾ ਗਿਆ। ਇਸ ਸਾਲ ਜਿਊਰੀ ਵੱਲੋਂ ਇਕ ਐਵਾਰਡ ਆਫ ਐਕਸੀਲੈਂਸ, ਤਿੰਨ ਐਵਾਰਡ ਆਫ ਡਿਸਟਿੰਕਸਨ, ਪੰਜ ਐਵਾਰਡ ਆਫ ਮੈਰਿਟ, ਵਿਕਾਸ ਨੂੰ ਕਾਇਮ ਰੱਖਣ ਲਈ ਤਿੰਨ ਵਿਸ਼ੇਸ਼ ਐਵਾਰਡ ਅਤੇ ਵਿਰਾਸਤੀ ਸੰਦਰਭ ’ਚ ਨਵੇਂ ਡਿਜਾਈਨ ਲਈ ਇਕ ਪੁਰਸਕਾਰ ਐਲਾਨੇ ਗਏ । ਪਿੱਪਲ ਹਵੇਲੀ ਬਾਰੇ ਲਿਖਿਆ ਗਿਆ ਕਿ ਪਿੱਪਲ ਹਵੇਲੀ ਸਮਕਾਲੀ ਭਾਈਚਾਰੇ ਤੇ ਕੇਂਦ੍ਰਿਤ, ਬਹੁ-ਉਪਯੋਗੀ ਵਿਦਿਅਕ ਇਮਾਰਤ ਹੈ। ਇਹ ਇਮਾਰਤ ਰਵਾਇਤੀ ਇਮਾਰਤਾਂ ਦੇ ਉਸਾਰੀ ਤਰੀਕਿਆਂ-ਤਕਨੀਕਾਂ ’ਤੇ ਵੀ ਜੋਰ ਦਿੰਦੀ ਹੈ । ਇਹ ਪ੍ਰਾਜੈਕਟ ਇਕ ਉਦਾਹਰਣ ਪੇਸ਼ ਕਰਦਾ ਹੈ ਕਿ ਕਿਵੇਂ ਕੁਦਰਤ ਅਤੇ ਸੱਭਿਆਚਾਰ ਦੀ ਤਾਕਤ ਇਕੱਠਿਆਂ ਹੋ ਕੇ ਭਾਈਚਾਰਕ ਸਾਂਝ ਅਤੇ ਆਰਥਿਕ ਖੁਸਹਾਲੀ ਲਈ ਇਕ ਲਚਕੀਲੀ ਅਤੇ ਬਦਲਵੀਂ ਤਾਕਤ ਹੋ ਸਕਦੇ ਹਨ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਪੰਜਾਬ 'ਚ ਤਾਰ-ਤਾਰ ਹੋਏ ਰਿਸ਼ਤੇ, ਜਿਸ ਪਿਓ ਨੇ ਦੁਨੀਆ ਵਿਖਾਈ ਪੁੱਤ ਨੇ ਉਸੇ ਨੂੰ ਦਿੱਤੀ ਰੂਹ ਕੰਬਾਊ ਮੌਤ

ਮੁੱਲਾਂਪੁਰ ਦਾਖਾ 31 ਦਸੰਬਰ। ਥਾਣਾ ਦਾਖਾ ਅਧੀਨ ਪੈਂਦੇ ਪਿੰਡ ਬਲੀਪੁਰ ਖੁਰਦ ਵਿਖੇ ਕਲਯੁਗੀ ਪੁੱਤਰ ਨੇ ਆਪਣੀ ਪਤਨੀ ਨਾਲ ਮਿਲ ਕੇ ਆਪਣੇ ਜਨਮਦਾਤਾ ਪਿਓ ਦਾ ਕਤਲ ਕਰਕੇ ਲਾਸ ਖੁਰਦ-ਬੁਰਦ ਕਰਨ ਲਈ ਜਲਦਬਾਜੀ ਵਿਚ ਸਸਕਾਰ ਕਰ ਦਿੱਤਾ। ਥਾਣਾ ਦਾਖਾ ਦੀ ਪੁਲਸ ਨੇ ਉਸਦੇ ਭਤੀਜੇ ਕਿਰਨਵੀਰ ਸਿੰਘ ਪੁੱਤਰ ਬਲਜੀਤ ਸਿੰਘ ਵਾਸੀ ਬਲੀਪੁਰ ਖੁਰਦ ਦੇ ਬਿਆਨਾਂ 'ਤੇ ਕਲਯੁਗੀ ਪੁੱਤਰ ਗੁਰਇਕਬਾਲ ਸਿੰਘ ਉਰਫ ਮੱਖਣ ਪੁੱਤਰ ਜਗਰੂਪ ਸਿੰਘ ਅਤੇ ਉਸਦੀ ਪਤਨੀ ਸੁਰਿੰਦਰ ਕੌਰ ਛਿੰਦਰ ਵਾਸੀਆਨ ਬਲੀਪੁਰ ਖੁਰਦ ਵਿਰੁੱਧ ਧਾਰਾ 105, 238, 3 (5) ਬੀ. ਐੱਨ. ਐੱਸ. ਅਧੀਨ ਕੇਸ ਦਰਜ ਕਰ ਲਿਆ ਹੈ। ਥਾਣਾ ਦਾਖਾ ਦੇ ਮੁਖੀ ਇੰਸਪੈਕਟਰ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਕਿਰਨਵੀਰ ਸਿੰਘ ਨੇ ਆਪਣੇ ਬਿਆਨਾਂ ਵਿਚ ਦੋਸ ਲਗਾਇਆ ਕਿ ਉਹ ਕੈਨੇਡਾ ਪੀ. ਆਰ. ਹੈ। ਮੇਰੇ ਪਿਤਾ ਬਲਜੀਤ ਸਿੰਘ ਦੀ ਮੇਰੇ ਜਨਮ ਤੋਂ ਡੇਢ ਸਾਲ ਬਾਅਦ ਮੌਤ ਹੋ ਗਈ ਸੀ। ਮੇਰੇ ਪਿਤਾ ਦੀ ਮੌਤ ਤੋਂ ਬਾਅਦ ਜਦੋਂ ਮੈਂ ਸੁਰਤ ਸੰਭਾਲੀ ਤਾਂ ਮੇਰਾ ਤਾਇਆ ਜਗਰੂਪ ਸਿੰਘ (ਜਿਸਨੂੰ ਮੈਂ ਡੈਡੀ ਹੀ ਆਖਦਾ ਸੀ) ਨੇ ਹੀ ਸਾਡੇ ਪਰਿਵਾਰ ਦਾ ਪਾਲਣ ਪੋਸ਼ਣ ਕੀਤਾ ਅਤੇ ਬਾਕੀ ਦੇ ਕੰਮ ਵੀ ਮੇਰਾ ਤਾਇਆ ਹੀ ਦੇਖਦਾ ਸੀ। ਉਕਤ ਨੇ ਦੱਸਿਆ ਕਿ ਲਗਭਗ ਤਿੰਨ ਸਾਲ ਪਹਿਲਾਂ ਮੇਰੀ ਮਾਤਾ ਹਰਜੀਤ ਕੌਰ ਦੀ ਵੀ ਮੌਤ ਹੋ ਗਈ ਸੀ। ਮੇਰਾ ਤਾਇਆ ਹੀ ਮੇਰੇ ਅਤੇ ਮੇਰੀ ਜਮੀਨ ਦੀ ਦੇਖ ਰੇਖ ਕਰਦਾ ਸੀ। ਮੈਨੂੰ ਤਾਏ ਨੇ ਲਗਭਗ ਦੋ ਸਾਲ ਪਹਿਲਾਂ ਕੈਨੇਡਾ ਭੇਜਿਆ ਸੀ। ਮੇਰੀ ਤਾਇਆ ਜੀ ਨਾਲ ਹਫਤੇ ਵਿਚ ਦੋ ਤਿੰਨ ਵਾਰ ਗੱਲਬਾਤ ਹੁੰਦੀ ਸੀ, ਤਾਏ ਨੇ ਦੱਸਿਆ ਕਿ ਮੇਰਾ ਲੜਕਾ ਗੁਰਇਕਬਾਲ ਸਿੰਘ ਉਰਫ ਮੱਖਣ ਅਤੇ ਮੇਰੀ ਨੂੰਹ ਸੁਰਿੰਦਰ ਕੌਰ ਉਰਫ ਛਿੰਦਰ ਮੈਨੂੰ ਰੋਟੀ ਪਾਣੀ ਨਹੀਂ ਦਿੰਦੇ ਹਨ, ਉਲਟਾ ਮੇਰੇ ਨਾਲ ਕੁੱਟਮਾਰ ਕਰਦੇ ਹਨ। ਇਸ ਕਰਕੇ ਮੈ ਇੰਨਾਂ ਤੋਂ ਬਹੁਤ ਦੁਖੀ ਹਾਂ ਇਹ ਦੋਵੇਂ ਜਣੇ ਕਿਸੇ ਸਮੇਂ ਵੀ ਮੇਰੀ ਕੁੱਟਮਾਰ ਕਰਕੇ ਮੈਨੂੰ ਜਾਨੋਂ ਮਾਰ ਸਕਦੇ ਹਨ। ਇਸ 'ਤੇ ਮੈਂ ਤਾਏ ਨੂੰ ਸਮਝਾਇਆ ਕਿ ਤੁਸੀਂ ਐੱਸ. ਅਧੀਨ ਕੇਸ ਦਰਜ ਕਰ ਲਿਆ ਹੈ। ਥਾਣਾ ਦਾਖਾ ਦੇ ਮੁਖੀ ਇੰਸਪੈਕਟਰ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਕਿਰਨਵੀਰ ਸਿੰਘ ਨੇ ਆਪਣੇ ਬਿਆਨਾਂ ਵਿਚ ਦੋਸ ਲਗਾਇਆ ਕਿ ਉਹ ਕੈਨੇਡਾ ਪੀ. ਆਰ. ਹੈ। ਮੇਰੇ ਪਿਤਾ ਬਲਜੀਤ ਸਿੰਘ ਦੀ ਮੇਰੇ ਜਨਮ ਤੋਂ ਡੇਢ ਸਾਲ ਬਾਅਦ ਮੌਤ ਹੋ ਗਈ ਸੀ। ਮੇਰੇ ਪਿਤਾ ਦੀ ਮੌਤ ਤੋਂ ਬਾਅਦ ਜਦੋਂ ਮੈਂ ਸੁਰਤ ਸੰਭਾਲੀ ਤਾਂ ਮੇਰਾ ਤਾਇਆ ਜਗਰੂਪ ਸਿੰਘ (ਜਿਸਨੂੰ ਮੈਂ ਡੈਡੀ ਹੀ ਆਖਦਾ ਸੀ) ਨੇ ਹੀ ਸਾਡੇ ਪਰਿਵਾਰ ਦਾ ਪਾਲਣ ਪੋਸ਼ਣ ਕੀਤਾ ਅਤੇ ਬਾਕੀ ਦੇ ਕੰਮ ਵੀ ਮੇਰਾ ਤਾਇਆ ਹੀ ਦੇਖਦਾ ਸੀ। ਉਕਤ ਨੇ ਦੱਸਿਆ ਕਿ ਲਗਭਗ ਤਿੰਨ ਸਾਲ ਪਹਿਲਾਂ ਮੇਰੀ ਮਾਤਾ ਹਰਜੀਤ ਕੌਰ ਦੀ ਵੀ ਮੌਤ ਹੋ ਗਈ ਸੀ। ਮੇਰਾ ਤਾਇਆ ਹੀ ਚਿੰਤਾ ਨਾ ਕਰੋ ਮੈਂ ਇੰਡੀਆ ਆ ਕਿ ਇੰਨ੍ਹਾਂ ਨੂੰ ਸਮਝਾਵਾਂਗਾ। ਤਾਏ ਦੀ ਮੌਤ ਤੋਂ ਦੋ-ਤਿੰਨ ਦਿਨ ਪਹਿਲਾਂ ਮੈਨੂੰ ਤਾਏ ਦਾ ਫੋਨ



ਆਇਆ ਕਿ ਕਰਨਵੀਰ ਮੈਨੂੰ ਅੱਜ ਫਿਰ ਇੰਨਾਂ ਦੋਵਾਂ ਨੇ ਕੁੱਟਮਾਰ ਕਰਕੇ ਜਲੀਲ ਕੀਤਾ ਹੈ, ਤੂੰ ਜਲਦੀ ਆ ਜਾ ਨਹੀਂ ਤਾਂ ਇਹ ਮੈਨੂੰ ਮਾਰ ਦੇਣਗੇ। ਮੈਂ ਤਾਏ ਨੂੰ ਕਿਹਾ ਕਿ ਤੂੰ ਚਿੰਤਾ ਨਾ ਕਰ ਮੈਂ ਇੱਕ ਹਫਤੇ ਅੰਦਰ ਆ ਜਾਵਾਂਗਾ। ਕੈਨੇਡਾ ਦੀ ਮਿਤੀ 3-12-24 ਨੂੰ ਮੈਨੂੰ ਮੇਰੇ ਤਾਏ ਦੀ ਲੜਕੀ ਇੰਦਰਜੀਤ ਕੌਰ ਪਤਨੀ ਗੁਰਪ੍ਰੀਤ ਸਿੰਘ ਵਾਸੀ ਗਾਲਿਬ ਕਲਾਂ ਦਾ ਫੋਨ ਆਇਆ ਕਿ ਪਿਤਾ ਜਗਰੂਪ ਸਿੰਘ ਦੀ ਮੌਤ ਹੋ ਗਈ ਹੈ, ਜਿਸਨੂੰ ਮੈਂ ਕਿਹਾ ਕਿ ਮੈਂ ਇੰਡੀਆ ਆ ਰਿਹਾ ਹਾਂ, ਤੁਸੀਂ ਤਾਇਆ ਜਗਰੂਪ ਸਿੰਘ ਦਾ ਸਸਕਾਰ ਨਾ ਕਰਿਓ, ਮੇਰੀ ਉਡੀਕ ਕਰਿਓ। ਮੈਂ ਮਿਤੀ 6-12-2024 ਨੂੰ ਕੈਨੇਡਾ ਤੋਂ ਵਾਪਸ ਇੰਡੀਆ ਪਿੰਡ ਵਲੀਪੁਰ ਆਪਣੇ ਘਰ ਆ ਗਿਆ ਸੀ। ਜਦੋਂ ਮੈਂ ਘਰ ਪੁੱਜਾ ਤਾਂ ਮੈਨੂੰ ਪਤਾ ਲੱਗਾ ਕਿ ਤਾਇਆ ਜੀ ਦਾ ਸਸਕਾਰ ਕੀਤਾ ਜਾ ਚੁੱਕਾ ਸੀ ਜਦੋਂ ਮੈਂ ਪੁੱਛਿਆ ਕਿ ਤੁਸੀ ਮੇਰੀ ਉਡੀਕ ਕਿਉਂ ਨਹੀਂ ਕੀਤੀ ਤਾਂ ਮੈਨੂੰ ਕਿਹਾ ਗਿਆ ਕਿ ਲਾਸ਼ ਖਰਾਬ ਹੋ ਸਕਦੀ ਸੀ ਇਸ ਕਰਕੇ ਅਸੀਂ ਸਸਕਾਰ ਕਰ ਦਿੱਤਾ। ਉਕਤ ਨੇ ਦੱਸਿਆ ਕਿ ਜਦੋਂ ਮੈਂ ਜਾਂਚ ਕੀਤੀ ਤਾਂ ਲਾਸ਼ ਨੂੰ ਨਵਾਉਣ ਵਾਲਿਆਂ ਨੇ ਦੱਸਿਆ ਕਿ ਤਾਏ ਦੇ ਸਿਰ ਦੇ ਪਿਛਲੇ ਪਾਸੇ ਸੱਟ ਦਾ ਨਿਸ਼ਾਨ ਸੀ ਅਤੇ ਖੂਨ ਨਿਕਲ ਰਿਹਾ ਸੀ। ਮੈਨੂੰ ਸਾਡੇ ਘਰ ਦੇ ਕਿਸੇ ਜ਼ਿੰਮੇਵਾਰ ਵਿਅਕਤੀ ਨੇ ਇਕ ਪੈਨ ਡਰਾਈਵ ਦੇ ਕੇ ਵੀਡੀਓ ਦੇਖਣ ਲਈ ਕਿਹਾ। ਜਿਸ ਨੂੰ ਮੈਂ ਦੇਖਿਆ ਤਾਂ ਪਤਾ ਲੱਗਾ ਕਿ ਮਿਤੀ 3-12-2024 ਨੂੰ ਤਾਏ ਦੀ ਨੂੰਹ ਸੁਰਿੰਦਰ ਕੌਰ ਨੇ ਕੁੱਟਮਾਰ ਕੀਤੀ ਅਤੇ ਇੰਨੀ ਜੋਰ ਦੀ ਧੱਕਾ ਮਾਰਿਆ, ਜਿਸ ਨਾਲ ਡਿੱਗਣ ਕਾਰਨ ਉਸ ਦੇ ਸਿਰ ਦੇ ਪਿਛਲੇ ਪਾਸੇ ਸੱਟ ਲੱਗੀ ਜਿਸ ਨਾਲ ਤਾਏ ਦੀ ਮੌਤ ਹੋ ਗਈ। ਉਸੇ ਵੇਲੇ ਤਾਏ ਦਾ ਲੜਕਾ ਗੁਰਇਕਬਾਲ ਸਿੰਘ ਗੱਡੀ 'ਤੇ ਆਇਆ, ਉਸ ਨੇ ਵੀ ਆਪਣੀ ਪਤਨੀ ਨੂੰ ਮਾਰਨ ਲਈ ਆਖਿਆ। ਇਸ ਤਰ੍ਹਾਂ ਇਨ੍ਹਾਂ ਦੋਵਾਂ ਨੇ ਮਿਲ ਕੇ ਤਾਏ ਜਗਰੂਪ ਸਿੰਘ ਨੂੰ ਮਾਰ ਦਿੱਤਾ। ਉਕਤ ਨੇ ਆਪਣੀ ਘਰ ਵਾਲੀ ਨੂੰ ਵਿਦੇਸ਼ (ਕੈਨੇਡਾ) ਭੇਜ ਦਿੱਤਾ ਹੈ ਜੋ ਮੈਨੂੰ ਆਪਣੇ ਵੱਲੋਂ ਪੂਰੀ ਪੜਤਾਲ ਕਰਨ ਤੇ ਯਕੀਨ ਹੋ ਗਿਆ ਹੈ ਕਿ ਮੇਰੇ ਤਾਇਆ ਜਗਰੂਪ ਸਿੰਘ ਨੂੰ ਮੇਰੇ ਤਾਏ ਦੇ ਲੜਕੇ ਗੁਰਇਕਬਾਲ ਸਿੰਘ ਉਰਫ ਮੱਖਣ ਅਤੇ ਇਸਦੀ ਘਰਵਾਲੀ ਸੁਰਿੰਦਰ ਕੌਰ ਉਰਫ ਛਿੰਦਰ ਨੇ ਆਪਸ ਵਿਚ ਮਿਲੀ ਭੁਗਤ ਕਰਕੇ ਮਾਰਿਆ ਹੈ। ਵਜ੍ਹਾ ਰੰਜਿਸ਼ ਇਹ ਹੈ ਕਿ ਇਸ ਤੋਂ ਪਹਿਲਾਂ ਜੁਲਾਈ 2024 ਵਿਚ ਵੀ ਤਾਏ ਦੀ ਇਸ ਨੇ ਕੁੱਟਮਾਰ ਕੀਤੀ ਸੀ, ਜਿਸ ਸਬੰਧੀ ਮੋਹਤਵਾਰ ਵਿਅਕਤੀਆਂ ਨੇ ਫੈਸਲਾ ਕਰਵਾ ਦਿੱਤਾ ਸੀ ਕਿ ਗੁਰਇਕਬਾਲ ਅਤੇ ਇਸਦੀ ਪਤਨੀ ਸੁਰਿੰਦਰ ਕੌਰ ਨੇ ਦਸੰਬਰ 2024 ਤੋਂ ਪਹਿਲਾਂ -ਪਹਿਲਾਂ ਘਰ ਖਾਲ੍ਹੀ ਕਰ ਦੇਣਗੇ ਪਰ ਗੁਰਇਕਬਾਲ ਸਿੰਘ ਅਤੇ ਇਸਦੀ ਪਤਨੀ ਸੁਰਿੰਦਰ ਕੌਰ ਨੇ ਫੈਸਲੇ ਦੀ ਮਿਤੀ ਲੰਘਣ ਤੋਂ ਬਾਅਦ ਵੀ ਘਰ ਖਾਲ੍ਹੀ ਨਹੀਂ ਕੀਤਾ। ਥਾਣਾ ਮੁਖੀ ਇੰਸਪੈਕਟਰ ਅੰਮ੍ਰਿਤ ਪਾਲ ਸਿੰਘ ਨੇ ਦੱਸਿਆ ਕਿ ਕਾਤਲ ਗੁਰਇਕਬਾਲ ਸਿੰਘ ਨੂੰ ਫੜਨ ਲਈ ਛਾਪੇਮਾਰੀ ਜਾਰੀ ਹੈ ਜਦਕਿ ਉਸ ਦੀ ਪਤਨੀ ਸੁਰਿੰਦਰ ਕੌਰ ਪਹਿਲਾਂ ਹੀ ਕੈਨੇਡਾ ਫਰਾਰ ਹੋ ਚੁੱਕੀ ਹੈ।

## ਬਿਨਾਂ ਕੱਪੜਿਆਂ ਦੇ ਲੋਕਲ ਟਰੇਨ 'ਚ ਵੜਿਆ ਸ਼ਖਸ, ਦੇਖਦੇ ਹੀ ਔਰਤਾਂ ਦੀਆਂ ਨਿਕਲ ਗਈਆਂ ਚੀਕਾਂ

ਵੈੱਬ ਡੈਸਕ 31 ਦਸੰਬਰ। ਕਈ ਵਾਰ ਅਜਿਹੇ ਹਾਦਸੇ ਸਰੇਆਮ ਹੋ ਜਾਂਦੇ ਹਨ, ਜਿਨ੍ਹਾਂ ਬਾਰੇ ਜਾਣ ਕੇ ਹੈਰਾਨੀ ਹੁੰਦੀ ਹੈ। ਅਜਿਹਾ ਹੀ ਕੁਝ ਸੋਮਵਾਰ ਨੂੰ ਮੁੰਬਈ ਦੀ ਲੋਕਲ ਏਸੀ ਟਰੇਨ 'ਚ ਦੇਖਣ ਨੂੰ ਮਿਲਿਆ, ਜਿਸ ਤੋਂ ਬਾਅਦ ਹੜਕੰਪ ਮਚ ਗਿਆ। ਦਰਅਸਲ, ਇੱਕ ਵਿਅਕਤੀ ਬਿਨਾਂ ਕੱਪੜਿਆਂ ਦੇ ਬੋਗੀ ਵਿੱਚ ਦਾਖਲ ਹੋਇਆ। ਵਿਅਕਤੀ ਨੂੰ ਬਿਨਾਂ ਕੱਪੜਿਆਂ ਤੋਂ ਦੇਖ ਕੇ ਬੋਗੀ 'ਚ ਸਵਾਰ ਔਰਤਾਂ ਨੇ ਰੌਲਾ ਪਾ ਦਿੱਤਾ। ਇਸ ਦੌਰਾਨ ਕਈ ਲੋਕਾਂ ਨੇ ਉਸ ਵਿਅਕਤੀ ਦੀ ਵੀਡੀਓ ਵੀ ਬਣਾਈ, ਜੋ ਕੁਝ ਹੀ ਦੇਰ 'ਚ ਵਾਇਰਲ ਹੋ ਗਈ। ਦੱਸਿਆ ਜਾਂਦਾ ਹੈ ਕਿ ਸਾਮ 4.11 'ਤੇ ਛਤਰਪਤੀ ਸ਼ਿਵਾਜੀ ਮਹਾਰਾਜ ਤੋਂ ਕਲਿਆਣ ਸਟੇਸਨ ਤੱਕ ਲੋਕਲ ਏਸੀ ਟਰੇਨ ਚੱਲਦੀ ਹੈ। ਇਹ ਵਿਅਕਤੀ ਸੋਮਵਾਰ ਨੂੰ ਘਾਟਕੋਪਰ ਸਟੇਸਨ ਨੇੜੇ ਉਸੇ ਟਰੇਨ 'ਚ ਬਿਨਾਂ ਕੱਪੜਿਆਂ ਦੇ ਸਵਾਰ ਹੋਇਆ ਸੀ। ਅਚਾਨਕ ਇੱਕ ਅਣਪਛਾਤੇ ਵਿਅਕਤੀ ਨੂੰ ਬਿਨਾਂ ਕੱਪੜਿਆਂ ਦੇ ਦੇਖ ਕੇ ਔਰਤਾਂ ਨੇ ਰੌਲਾ ਪਾ ਦਿੱਤਾ। ਸਾਰੀਆਂ ਔਰਤਾਂ ਡਰ ਗਈਆਂ। ਇਸ ਦੌਰਾਨ ਕੁਝ ਔਰਤਾਂ ਨੇ ਇਸ ਦੀ ਵੀਡੀਓ ਬਣਾ ਲਈ। ਇਸ ਹਰਕਤ ਨੂੰ ਦੇਖ ਕੇ ਟਰੇਨ 'ਚ ਸਫਰ ਕਰ ਰਹੀਆਂ ਕਈ ਔਰਤਾਂ ਨੇ ਏਸੀ ਲੋਕਲ 'ਚ ਹੰਗਾਮਾ ਕਰਨਾ ਸੁਰੂ ਕਰ ਦਿੱਤਾ। ਇਸ ਤੋਂ ਬਾਅਦ ਲੋਕੋ ਪਾਇਲਟ ਨੇ ਟਰੇਨ ਨੂੰ ਰੋਕ ਦਿੱਤਾ। ਕੁਝ ਦੇਰ ਬਾਅਦ ਔਰਤਾਂ ਦਾ ਹੰਗਾਮਾ ਦੇਖ ਕੇ ਟਿਕਟ ਚੈਕਰ ਉੱਥੇ ਪਹੁੰਚ ਗਿਆ। ਪਹਿਲਾਂ ਉਸ ਨੇ ਆਦਮੀ ਨੂੰ ਕੱਪੜੇ ਪਹਿਨਣ ਅਤੇ ਰੇਲਗੱਡੀ ਤੋਂ ਉਤਰਨ ਲਈ ਕਿਹਾ। ਪਰ ਜਦੋਂ ਉਹ ਨਾ ਮੰਨਿਆ ਤਾਂ ਟੀਸੀ ਨੇ ਉਸ ਨੂੰ ਧੱਕਾ ਦੇ ਦਿੱਤਾ। ਇਸ ਕਾਰਨ ਉਹ ਟਰੇਨ ਤੋਂ ਹੇਠਾਂ ਡਿੱਗ ਗਿਆ। ਇਸ ਤੋਂ ਬਾਅਦ ਔਰਤਾਂ ਨੇ ਸੁੱਖ ਦਾ ਸਾਹ ਲਿਆ। ਹਾਲਾਂਕਿ ਲੋਕਲ ਟਰੇਨ 'ਚ ਸਵਾਰ ਵਿਅਕਤੀ ਦੀ ਪਛਾਣ ਨਹੀਂ ਹੋ ਸਕੀ ਹੈ। ਪਰ ਅੰਦਾਜਾ ਲਗਾਇਆ ਜਾ ਰਿਹਾ ਹੈ ਕਿ ਉਹ ਮਾਨਸਿਕ ਤੌਰ 'ਤੇ ਕਮਜੋਰ ਹੋ ਸਕਦਾ ਹੈ। ਇਸੇ ਲਈ ਉਸ ਨੇ ਅਜਿਹਾ ਕੰਮ ਕੀਤਾ। ਇਸ ਸਨਸਨੀਖੇਜ ਘਟਨਾ ਤੋਂ ਬਾਅਦ ਮਹਿਲਾ ਯਾਤਰੀਆਂ ਦੀ ਸੁਰੱਖਿਆ ਨੂੰ ਲੈ ਕੇ ਕਈ ਸਵਾਲ ਉੱਠਣੇ ਸੁਰੂ ਹੋ ਗਏ ਹਨ। ਤੁਹਾਨੂੰ ਦੱਸ ਦੇਈਏ ਕਿ ਲੋਕਲ ਏਸੀ ਟਰੇਨਾਂ 'ਚ ਆਮ ਨਾਲੋਂ ਜ਼ਿਆਦਾ ਪੈਸੇ ਖਰਚ ਕੇ ਟਿਕਟ ਜਾਂ ਪਾਸ ਖਰੀਦੇ ਜਾਂਦੇ ਹਨ। ਅਜਿਹੇ 'ਚ ਜੇਕਰ ਕੋਈ ਬਿਨਾਂ ਕੱਪੜਿਆਂ ਦੇ ਟਰੇਨ 'ਚ ਚੜ੍ਹਦਾ ਹੈ ਤਾਂ ਇਸ ਨੂੰ ਪ੍ਰਸਾਸਨਿਕ ਅਸਫਲਤਾ ਕਹਿਣਾ ਗਲਤ ਨਹੀਂ ਹੋਵੇਗਾ। ਇਸ ਵੀਡੀਓ ਨੂੰ ਕਈ ਲੋਕਾਂ ਦੇਰ ਬਾਅਦ ਔਰਤਾਂ ਦਾ ਹੰਗਾਮਾ ਦੇਖ ਕੇ ਟਿਕਟ ਚੈਕਰ ਉੱਥੇ ਪਹੁੰਚ ਗਿਆ। ਪਹਿਲਾਂ ਉਸ ਨੇ ਆਦਮੀ ਨੂੰ ਕੱਪੜੇ ਪਹਿਨਣ ਅਤੇ ਰੇਲਗੱਡੀ ਤੋਂ ਉਤਰਨ ਲਈਨੇ ਟਵਿੱਟਰ ਅਤੇ ਇੰਸਟਾਗ੍ਰਾਮ 'ਤੇ ਸੇਅਰ ਕੀਤਾ, ਜੋ ਕੁਝ ਹੀ ਸਮੇਂ 'ਚ ਵਾਇਰਲ ਹੋ ਗਿਆ। ਵੀਡੀਓ ਦੇਖ ਕੇ ਲੋਕ ਕਾਫੀ ਗੁੱਸੇ 'ਚ ਹਨ, ਗੀਤਾ ਨਾਇਰ ਨੇ ਲਿਖਿਆ ਹੈ ਕਿ ਜੇਕਰ ਉਹ ਮਾਨਸਿਕ ਤੌਰ 'ਤੇ ਕਮਜੋਰ ਸੀ ਤਾਂ ਮਹਿਲਾ ਕੋਚ 'ਚ ਦਾਖਲ ਕਿਉਂ ਹੋਇਆ। ਇਕ ਹੋਰ ਨੇ ਲਿਖਿਆ ਕਿ ਸੁਰੱਖਿਆ ਦੀ ਅਸਫਲਤਾ ਕਾਰਨ ਅਜਿਹਾ ਹੋਇਆ। ਹਾਲਾਂਕਿ ਕਈ ਲੋਕਾਂ ਨੇ ਟੀ.ਟੀ.ਈ ਵੱਲੋਂ ਧੱਕੇ ਮਾਰੇ ਜਾਣ ਦੀ ਘਟਨਾ ਦਾ ਵਿਰੋਧ ਕੀਤਾ ਹੈ।

## ਵਿਦੇਸ ਭੇਜਣ ਦੇ ਨਾਂ 'ਤੇ ਪਿਉ-ਪੁੱਤਰ ਨੇ ਮਾਰੀ 15 ਲੱਖ ਦੀ ਠੱਗੀ

ਮੁੱਲਾਂਪੁਰ ਦਾਖਾ 31 ਦਸੰਬਰ। ਵਿਦੇਸ਼ ਭੇਜਣ ਦੇ ਨਾਂ 'ਤੇ ਠੱਗੀਆਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਤਾਜਾ ਮਾਮਲਾ ਪਿੰਡ ਬਾਸੀਆਂ ਬੇਟ ਤੋਂ ਸਾਹਮਣੇ ਆਇਆ ਹੈ ਜਿੱਥੇ ਪਿਓ-ਪੁੱਤਰ ਨੇ ਇਕ ਨੌਜਵਾਨ ਨੂੰ ਆਪਣੇ ਝਾਂਸੇ ਵਿਚ ਲੈ ਕੇ ਲੱਖਾਂ ਰੁਪਏ ਠੱਗ ਲਏ। ਉਨ੍ਹਾਂ ਨੇ ਉਕਤ ਨੌਜਵਾਨ ਨੂੰ ਸਟੱਡੀ ਵੀਜਾ 'ਤੇ ਕੈਨੇਡਾ ਭੇਜਣ ਦੇ ਸੁਫਨੇ ਦਿਖਾਏ ਤੇ ਫ਼ਿਰ ਪੈਸੇ ਹੜਪ ਲਏ। ਥਾਣਾ ਦਾਖਾ ਦੀ ਪੁਲਸ ਨੇ ਜਸਵੀਰ ਕੌਰ ਪੁੱਤਰੀ ਹਾਕਮ ਸਿੰਘ ਵਾਸੀ ਪਿੰਡ ਬਾਸੀਆਂ ਬੇਟ ਦੇ ਬਿਆਨਾਂ 'ਤੇ ਕਮਲਪ੍ਰੀਤ ਸਿੰਘ ਸਿੱਧੂ ਪੁੱਤਰ ਬਲਕਾਰ ਸਿੰਘ ਸਿੱਧੂ (ਪਿਉ-ਪੁੱਤਰ ) ਵਾਸੀ ਪਿੰਡ ਸੰਗਤਪੁਰਾ ਥਾਣਾ ਸਦਰ ਜਗਰਾਓਂ ਵਿਰੁੱਧ ਮਾਮਲਾ ਦਰਜ ਕੀਤਾ ਹੈ।

## ਮਾਲ ਬਾਹਰ ਖੜ੍ਹੀ ਕਾਰ ਦੇ ਸ਼ੀਸ਼ੇ ਤੋੜ ਕੇ ਨਕਦੀ, ਹੀਰੇ ਤੇ ਸੋਨੇ ਦੇ ਗਹਿਣੇ ਚੋਰੀ

ਚੰਡੀਗੜ੍ਹ 31 ਦਸੰਬਰ। ਕਿਸੇ ਅਣਪਛਾਤੇ ਵਿਅਕਤੀ ਨੇ ਸ਼ਿਆਮ ਫੈਸ਼ਨ ਮਾਲ ਦੇ ਬਾਹਰ ਖੜ੍ਹੀ ਕਾਰ ਦਾ ਸ਼ੀਸ਼ਾ ਤੋੜ ਕੇ ਅੰਦਰੋਂ ਮੋਬਾਈਲ, ਨਕਦੀ, ਸੋਨੇ ਤੇ ਹੀਰਿਆਂ ਦੇ ਗਹਿਣੇ ਚੋਰੀ ਕਰ ਲਏ। ਸ਼ਿਕਾਇਤ ਤੋਂ ਬਾਅਦ ਪੁਲਸ ਨੇ ਪਰਚਾ ਦਰਜ ਕਰ ਲਿਆ ਹੈ। ਪੁਲਸ ਮੁਲਜ਼ਮ ਦੀ ਭਾਲ ਕਰ ਰਹੀ ਹੈ। ਜ਼ੀਰਕਪੁਰ ਦੇ ਸ਼ਿਵਾਲਿਕ ਵਿਹਾਰ ਦੇ 55 ਸਾਲਾ ਕਮਲੇਸ਼ ਨੇ ਪੁਲਸ ਨੂੰ ਦੱਸਿਆ ਕਿ ਵੀਰਵਾਰ ਸ਼ਾਮ ਕਰੀਬ 4.30 ਵਜੇ ਉਹ ਬੇਟੇ ਦੀ ਮੰਗੇਤਰ ਨਾਲ ਸੈਕਟਰ-34 ਸਥਿਤ ਸ਼ਿਆਮ ਫੈਸ਼ਨ ਮਾਲ 'ਚ ਖਰੀਦਦਾਰੀ ਕਰਨ ਗਏ ਸਨ। ਉਨ੍ਹਾਂ ਕਾਰ ਸ਼ਿਆਮ ਫੈਸ਼ਨ ਮਾਲ ਨੇੜੇ ਕੱਚੀ ਪਾਰਕਿੰਗ 'ਚ ਖੜ੍ਹੀ ਕੀਤੀ ਸੀ।

## ਹਾਈਵੇਅ 'ਤੇ ਸਥਿਤ ਪੈਟਰੋਲ ਪੰਪ 'ਤੇ ਭਾਰੀ ਹੰਗਾਮਾ, ਕਾਰਾਂ 'ਚ ਪੈਟਰੋਲ ਦੀ ਥਾਂ ਪਾ ਦਿੱਤਾ ਪਾਣੀ

ਤਪਾ ਮੰਡੀ 31 ਦਸੰਬਰ। ਸ਼ੁੱਕਰਵਾਰ ਰਾਤ 8 ਵਜੇ ਦੇ ਕਰੀਬ ਪੈ ਰਹੀ ਭਾਰੀ ਵਰਖਾ ਦੇ ਚੱਲਦਿਆਂ ਬਠਿੰਡਾ-ਬਰਨਾਲਾ ਮੁੱਖ ਮਾਰਗ 'ਤੇ ਸਥਿਤ ਪਿੰਡ ਘੁੰਨਸ ਕੋਲ ਇਕ ਪੈਟਰੋਲ ਪੰਪ 'ਤੇ ਉਸ ਸਮੇਂ ਹੰਗਾਮਾ ਖੜ੍ਹਾ ਹੋ ਗਿਆ ਜਦ ਤੇਲ ਪੁਵਾਉਣ ਆਈਆਂ ਕਾਰਾਂ 'ਚ ਤੇਲ ਦੇ ਨਾਲ-ਨਾਲ ਪਾਣੀ ਪਾ ਦਿੱਤਾ। ਇਸ ਸੰਬੰਧੀ ਰਿਟਿਜ ਕਾਰ ਦੇ ਮਾਲਕ ਅਮਨਦੀਪ ਸਿੰਘ ਜੈਦ ਨੇ ਦੱਸਿਆ ਕਿ ਉਹ ਪਿੰਡ ਤੋਂ ਧੌਲਾ ਜਾ ਰਿਹਾ ਸੀ ਤਾਂ ਘੁੰਨਸ ਨੇੜੇ ਪੰਪ ਤੋਂ 500 ਰੁਪਏ ਦਾ ਤੇਲ ਪੁਆਇਆ ਅਤੇ 200 ਰੁਪਏ ਦੇ ਤੇਲ ਇਕ ਗੇਲਨ 'ਚ ਪੁਆਕੇ ਜਦ ਅੱਧਾ ਕਿਲੋਮੀਟਰ ਦੂਰ ਗਿਆ ਤਾਂ ਕਾਰ ਖੜ੍ਹ ਗਈ। ਉਸ ਨੂੰ ਤੇਲ 'ਚ ਪਾਣੀ ਹੋਣ ਦਾ ਸ਼ੱਕ ਲੱਗਿਆਂ, ਜਦੋਂ ਗੇਲਨ 'ਚ ਪੁਆਇਆ 200 ਰੁਪਏ ਦਾ ਤੇਲ ਚੈੱਕ ਕੀਤਾ ਤਾਂ ਉਹ ਸਾਰਾ ਹੀ ਪਾਣੀ ਸੀ। ਜਦੋਂ ਉਸ ਨੇ ਪੰਪ ਦੇ ਕਰਿੰਦੇ ਨਾਲ ਗੱਲਬਾਤ ਕੀਤੀ ਤਾਂ ਉਹ ਮੰਨਣ ਨੂੰ ਤਿਆਰ ਨਹੀਂ ਸੀ। ਇਸ ਤਰ੍ਹਾਂ ਜਦੋਂ 10-12 ਕਾਰਾਂ ਨਾਲ ਹੋਇਆ ਤਾਂ ਉਨ੍ਹਾਂ ਪੰਪ 'ਤੇ ਖੂਬ ਹੰਗਾਮਾ ਕੀਤਾ। ਜਿਸ ਉਪਰੰਤ ਇਸ ਦੀ ਸੂਚਨਾ 100 ਨੰਬਰ 'ਤੇ ਦਿੱਤੀ ਗਈ। ਕਾਰ ਚਾਲਕਾਂ ਨੇ ਨੇੜਲੇ ਸ਼ਹਿਰਾਂ ਅਤੇ ਮੰਡੀਆਂ 'ਚੋਂ ਕਾਰ ਮਿਸਤਰੀਆਂ ਨੂੰ ਬੁਲਾਕੇ ਗੱਡੀਆਂ ਚੈੱਕ ਕਰਵਾਈਆਂ ਤਾਂ ਪਤਾ ਲੱਗਾ ਕਿ ਕਾਰਾਂ 'ਚ ਤੇਲ ਦੀ ਬਜਾਏ ਪਾਣੀ ਹੀ ਪਾਇਆ ਗਿਆ ਹੈ। ਕੋਲ ਖੜ੍ਹੇ ਮਿਸਤਰੀਆਂ ਨੇ ਪੰਪ ਦੀ ਨਿਊਜਲ ਚੈੱਕ ਕੀਤੀ ਤਾਂ ਪੰਪ 'ਚੋਂ ਤੇਲ ਦੀ ਬਜਾਏ ਪਾਣੀ ਹੀ ਆ ਰਿਹਾ ਸੀ ਜਿਸ 'ਤੇ ਕਰਿੰਦੇ ਨੇ ਸਾਰੀ ਗੱਲ ਪੰਪ ਮਾਲਕ ਨੂੰ ਦੱਸੀ। ਕਾਰ ਚਾਲਕ ਆਪਣੀਆਂ ਕਾਰਾਂ ਨੂੰ ਟੋਚਨ ਪਾਕੇ ਤਪਾ, ਬਰਨਾਲਾ, ਬਠਿੰਡਾ ਆਦਿ ਥਾਵਾਂ 'ਤੇ ਠੀਕ ਕਰਵਾਉਣ ਲਈ ਲੈ ਗਏ। ਸ਼ਨੀਵਾਰ ਸਵੇਰੇ ਪੰਪ ਦੇ ਮੈਨੇਜਰ ਨੇ ਮੰਨਿਆ ਕਿ ਪਾਈਪ ਲੀਕੇਜ ਦਾ ਸ਼ੱਕ ਸੀ, ਉਨ੍ਹਾਂ ਨੇ ਠੀਕ ਕਰਵਾਉਣ ਲਈ ਪੁਟਾਈ ਕਰਵਾਈ ਸੀ ਪਰ ਚੰਗੀ ਤਰ੍ਹਾਂ ਨਾਲ ਮੁਰੰਮਤ ਨਾ ਹੋਣ ਕਾਰਨ ਵਰਖਾ ਦਾ ਪਾਣੀ ਇਸ ਲੀਕੇਜ ਰਾਹੀਂ ਟੈਂਕ 'ਚ ਚਲਾ ਗਿਆ। ਇਸ ਤਰ੍ਹਾਂ ਨਾਲ ਪੰਪ ਮਾਲਕਾਂ ਨੇ ਹਰ ਗੱਡੀ ਮਾਲਕ ਨੂੰ ਹੋਏ ਨੁਕਸਾਨ ਦੀ ਭਰਪਾਈ ਕਰ ਦੇਣ ਦੀ ਹਾਮੀ ਭਰੀ ਜਿਸ ਤੋਂ ਬਾਅਦ ਮਾਮਲਾ ਸ਼ਾਂਤ ਹੋਇਆ।

### ਡਰ ਦੇ ਸਾਏ 'ਚ ਲੁਧਿਆਣੇ ਦੇ ਲੋਕ, ਉੱਡੀ ਰਾਤਾਂ ਦੀ ਨੀਂਦ !

ਲੁਧਿਆਣਾ 31 ਦਸੰਬਰ। ਲੁਧਿਆਣਾ ਦੇ ਲੋਕਾਂ ਵਿਚ ਇਸ ਵੇਲੇ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ। ਲੋਕ ਆਪਣੇ ਘਰਾਂ 'ਚੋਂ ਨਿਕਲਣ ਤੋਂ ਵੀ ਡਰ ਰਹੇ ਹਨ ਤੇ ਰਾਤਾਂ ਜਾਗ ਕੇ ਕੱਟ ਰਹੇ ਹਨ। ਦਰਅਸਲ, ਮਹਾਨਗਰ ਵਿਚ ਇਕ ਬਾਂਦਰ ਨੇ ਕਹਿਰ ਮਚਾ ਰੱਖਿਆ ਹੈ ਤੇ ਲੋਕ ਬੱਚਿਆਂ ਨੂੰ ਘਰੋਂ ਬਾਹਰ ਭੇਜਣ ਤੋਂ ਵੀ ਡਰ ਰਹੇ ਹਨ। ਹੁਣ ਤਕ ਬਾਂਦਰ 3 ਬੱਚਿਆਂ ਨੂੰ ਵੱਢ ਚੁੱਕਿਆ ਹੈ। ਜਾਣਕਾਰੀ ਮੁਤਾਬਕ ਲੁਧਿਆਣਾ ਦੀ ਲੇਬਰ ਕਾਲੋਨੀ ਵਿਚ ਅਚਾਨਕ ਇਕ ਬਾਂਦਰ ਆ ਵੜਿਆ ਹੈ

## ਕੇਂਦਰੀ ਜੇਲ੍ਹ ਅੰਦਰੋਂ 7 ਮੋਬਾਈਲ, 4 ਸਿਮ, ਚਾਰਜਰ ਅਤੇ ਹੋਰ ਸਾਮਾਨ ਬਰਾਮਦ

ਤਰਨਤਾਰਨ 31 ਦਸੰਬਰ। ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਅੰਦਰੋਂ ਆਏ ਦਿਨ ਨਸ਼ੀਲੇ ਪਦਾਰਥ, ਮੋਬਾਈਲ ਫੋਨ ਅਤੇ ਹੋਰ ਸਾਮਾਨ ਬਰਾਮਦ ਹੋਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ, ਜੋ ਰੁਕਣ ਦਾ ਨਾਮ ਨਹੀਂ ਲੈ ਰਿਹਾ ਹੈ। ਇਸ ਦੀ ਇਕ ਹੋਰ ਤਾਜ਼ਾ ਮਿਸਾਲ ਉਸ ਵੇਲੇ ਵੇਖਣ ਨੂੰ ਮਿਲੀ ਜਦੋਂ ਜੇਲ੍ਹ ਪ੍ਰਸ਼ਾਸਨ ਵੱਲੋਂ ਤਲਾਸ਼ੀ ਅਭਿਆਨ ਦੌਰਾਨ 7 ਮੋਬਾਈਲ, 4 ਸਿਮ, 2 ਈਅਰ ਲੀਡਾਂ, 1 ਈਅਰ ਫ਼ੋਨ, 1 ਚਾਰਜਰ ਬਰਾਮਦ ਕੀਤੇ ਗਏ ਹਨ। ਇਸ ਸਬੰਧੀ ਪੁਲਸ ਨੇ 3 ਹਵਾਲਾਤੀਆਂ ਨੂੰ ਨਾਮਜ਼ਦ ਕਰਦੇ ਹੋਏ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪ੍ਰਾਪਤ



ਜਾਣਕਾਰੀ ਦੇ ਅਨੁਸਾਰ ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਦੇ ਸਹਾਇਕ ਸੁਪਰਡੈਂਟ ਅਵਤਾਰ ਸਿੰਘ ਵੱਲੋਂ ਚਲਾਏ ਗਏ ਤਲਾਸ਼ੀ ਅਭਿਆਨ ਦੌਰਾਨ ਜੇਲ੍ਹ ਵਿਚੋਂ ਵੱਖ-ਵੱਖ ਬੈਰਕਾਂ ਅੰਦਰ ਮੌਜੂਦ 7 ਮੋਬਾਈਲ, 4 ਸਿਮਾਂ, 2 ਈਅਰ ਲੀਡਾਂ, 1 ਈਅਰ ਫ਼ੋਨ, 1 ਚਾਰਜਰ ਬਰਾਮਦ ਕੀਤੇ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ.ਐੱਸ.ਪੀ ਸ੍ਰੀ ਗੋਇੰਦਵਾਲ ਸਾਹਿਬ ਅਤੁਲ ਸੋਨੀ ਨੇ ਦੱਸਿਆ ਕਿ ਸਹਾਇਕ ਸੁਪਰਡੈਂਟ ਦੇ ਬਿਆਨਾਂ ਹੇਠ ਜੋਬਨ ਪ੍ਰੀਤ ਸਿੰਘ ਪੁੱਤਰ ਤਰਸੇਮ ਸਿੰਘ ਵਾਸੀ ਭੈਣੀ ਰਾਜਪੂਤਾਂ ਜ਼ਿਲ੍ਹਾ ਅੰਮ੍ਰਿਤਸਰ, ਵਰਿੰਦਰ ਕੁਮਾਰ ਪੁੱਤਰ ਸੁਰਿੰਦਰ ਪਾਲ ਸਿੰਘ ਵਾਸੀ ਦਿਆਲਪੁਰਾ ਜ਼ਿਲ੍ਹਾ ਤਰਨਤਾਰਨ ਅਤੇ ਜਸਰਾਜ ਸਿੰਘ ਉਰਫ ਜੁਗਨੂ ਪੁੱਤਰ ਬੇਅੰਤ ਸਿੰਘ ਵਾਸੀ ਪ੍ਰੀਤ ਪੈਲਸ ਤਰਨਤਾਰਨ ਖਿਲਾਫ ਮਾਮਲਾ ਦਰਜ ਕਰ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਔਰਤ ਨੂੰ ਕਿੰਨਰ ਨਾਲ ਵੰਡਣਾ ਪਵੇਗਾ ਪਤੀ, ਦੋਵਾਂ ਵਿਚਾਲੇ ਹੋਇਆ ਅਜੀਬੋ-ਗਰੀਬ ਸਮਝੌਤਾ

ਨੈਸ਼ਨਲ ਡੈਸਕ 31 ਦਸੰਬਰ। ਇਕ ਬਹੁਤ ਹੀ ਅਜੀਬ ਮਾਮਲਾ ਸਾਹਮਣੇ ਆਇਆ ਹੈ। ਇਕ ਔਰਤ ਨੂੰ ਆਪਣੇ ਪਤੀ ਨੂੰ ਕਿੰਨਰ ਨਾਲ ਸ਼ੇਅਰ ਕਰਨ ਦਾ ਸਮਝੌਤਾ ਕਰਨਾ ਪਿਆ। ਜਾਣਕਾਰੀ ਮੁਤਾਬਕ ਸਨੀਵਾਰ ਦੇਰ ਸਾਮ ਉੱਤਰ ਪ੍ਰਦੇਸ ਦੇ ਮਊ 'ਚ ਕੋਪਾਗੰਜ ਇਲਾਕੇ ਦੇ ਪਿੰਡ ਕਾਛੀਕਲਾ 'ਚ ਕਿੰਨਰਾਂ ਨੇ ਹੰਗਾਮਾ ਕਰ ਦਿੱਤਾ। ਕਿੰਨਰ ਨੌਜਵਾਨ ਦੇ ਵਿਆਹ ਤੋਂ ਨਾਰਾਜ ਸਨ ਅਤੇ ਉਸ ਨੂੰ ਆਪਣੇ ਨਾਲ ਲਿਜਾਣਾ ਚਾਹੁੰਦੇ ਸਨ। ਸੂਚਨਾ ਮਿਲਣ 'ਤੇ ਪੁਲਸ ਮੌਕੇ 'ਤੇ ਪੁੱਜੀ ਤਾਂ ਸਥਿਤੀ ਤਣਾਅਪੂਰਨ ਸੀ। ਕਿੰਨਰ ਕਿਸੇ ਵੀ ਕੀਮਤ 'ਤੇ ਨੌਜਵਾਨ ਨੂੰ ਛੱਡਣ ਲਈ ਤਿਆਰ ਨਹੀਂ ਸਨ। ਪ੍ਰਾਪਤ ਜਾਣਕਾਰੀ ਅਨੁਸਾਰ ਕਾਛੀਕਲਾ ਵਾਸੀ ਇਕ ਨੌਜਵਾਨ ਦਾ 2010 ਤੋਂ ਗਾਜੀਪੁਰ ਦੇ ਚਾਹਨੀਆ ਦੀ ਰੋਸਨੀ ਨਾਮਕ ਕਿੰਨਰ ਨਾਲ ਪ੍ਰੇਮ ਸਬੰਧ ਸਨ। ਕਿੰਨਰ ਨੇ ਕਈ ਮੌਕਿਆਂ 'ਤੇ ਨੌਜਵਾਨ ਦੀ ਮਦਦ ਕੀਤੀ ਸੀ। ਇਸ ਦੌਰਾਨ ਕਈ ਤਸਵੀਰਾਂ ਅਤੇ ਵੀਡੀਓ ਵੀ ਕਿੰਨਰ ਕੋਲ ਮੌਜੂਦ ਸਨ। ਹਾਲਾਂਕਿ ਨੌਜਵਾਨ ਦੇ ਪਰਿਵਾਰ ਵਾਲਿਆਂ ਨੇ 2 ਸਾਲ ਪਹਿਲਾਂ ਉਸ ਦਾ ਵਿਆਹ ਕਰਵਾ ਦਿੱਤਾ ਅਤੇ ਬਾਅਦ 'ਚ ਉਹ ਪਿਤਾ ਵੀ ਬਣ ਗਿਆ। ਇਸ ਵਿਚ ਹੌਲੀ-ਹੌਲੀ ਉਸ ਨੇ ਕਿੰਨਰ ਕੋਲ ਜਾਣਾ ਘੱਟ ਕਰ ਦਿੱਤਾ ਅਤੇ ਉਸ ਤੋਂ ਦੂਰੀ ਬਣਾਉਣ ਲੱਗਾ। ਮਾਮਲੇ ਦੀ ਜਾਣਕਾਰੀ ਜਦੋਂ ਕਿੰਨਰਾਂ ਨੂੰ ਹੋਈ ਤਾਂ ਉਹ ਇਕੱਠੇ ਹੋ ਗਏ ਅਤੇ ਨੌਜਵਾਨ ਨੂੰ ਇਕ ਘਰ 'ਚ ਬੰਦ ਕਰ ਦਿੱਤਾ। ਸ਼ਨੀਵਾਰ ਦੇਰ ਸ਼ਾਮ ਟਰਾਂਸਜੈਂਡਰ ਰੋਸ਼ਨੀ ਆਪਣੇ ਸਮੂਹ ਨਾਲ ਅਰੁਣ ਦੇ ਘਰ ਪਹੁੰਚ ਕੇ ਹੰਗਾਮਾ ਕਰਨ ਲੱਗੀ। ਹੰਗਾਮਾ ਹੁੰਦਾ ਦੇਖ ਕਿਸੇ ਨੇ 112 ਨੰਵਰ 'ਤੇ ਫੋਨ ਕਰ ਕੇ ਪੁਲਸ ਨੂੰ ਸੂਚਨਾ ਦੇ ਦਿੱਤੀ। ਮੌਕੇ 'ਤੇ ਪਹੁੰਚੀ ਪੁਲਸ ਨੇ ਦੋਵੇਂ ਪੱਖਾਂ ਨੂੰ ਸ਼ਾਂਤ ਕਰਵਾਉਣ 'ਚ ਕਾਫੀ ਕੋਸ਼ਿਸ਼ ਕਰਨੀ ਪਈ। ਰੋਸ਼ਨੀ ਨੇ ਪੁਲਸ ਵਾਲਿਆਂ ਨੂੰ ਨੌਜਵਾਨ ਨਾਲ ਤਸਵੀਰਾਂ ਅਤੇ ਵੀਡੀਓ ਦਿਖਾਈਆਂ ਅਤੇ ਪੁਲਸ 'ਤੇ ਦਬਾਅ ਬਣਾਇਆ ਕਿ ਉਹ ਉਸ ਨੂੰ ਲੈ ਕੇ ਜਾਣ ਦੇਣ। ਹਾਲਾਂਕਿ ਦੋਹਾਂ ਪੱਖਾਂ ਵਿਚਾਲੇ ਪੁਲਸ ਨੇ ਸਮਝੌਤਾ ਕਰਵਾਇਆ ਕਿ ਨੌਜਵਾਨ 20 ਦਿਨ ਆਪਣੀ ਪਤਨੀ ਨਾਲ ਅਤੇ 10 ਦਿਨ ਕਿੰਨਰ ਨਾਲ ਰਹੇਗਾ।

# ਭਿਆਨਕ ਹਾਦਸੇ 'ਚ ਕਾਰ ਨੂੰ ਲੱਗੀ ਅੱਗ

ਛੱਤੀਸਗੜ੍ਹ 31 ਦਸੰਬਰ। ਛੱਤੀਸਗੜ੍ਹ ਦੇ ਕੋਰਬਾ ਵਿੱਚ ਅੰਬਿਕਾਪੁਰ ਸਹਿਰ ਦੇ ਭੱਟੀ ਰੋਡ ਵਾਸੀ ਕਾਰ ਵਿੱਚ ਵਾਰ ਹੋ ਕੇ ਜਾ ਰਹੇ ਚਾਰ ਨੌਜਵਾਨਾਂ ਦੀ ਟਰੱਕ ਨਾਲ ਜੋਰਦਾਰ ਟੱਕਰ ਹੋ ਗਈ। ਇਸ ਹਾਦੇਸ ਵਿਚ ਕਾਰ ਨੂੰ ਅੱਗ ਲੱਗਣ ਕਾਰਨ ਚਾਰੇ ਨੌਜਵਾਨ ਜ਼ਿੰਦਾ ਸੜ ਗਏ। ਇਸ ਘਟਨਾ ਨਾਲ ਇਲਾਕੇ ਵਿਚ ਸਨਸਨੀ ਫੈਲ ਗਈ। ਦਰਅਸਲ ਸਨੀਵਾਰ ਦੁਪਹਿਰ ਚਾਰੋਂ ਨੌਜਵਾਨ ਕਾਰ ਰਾਹੀਂ ਬਿਲਾਸਪੁਰ ਵੱਲ ਜਾ ਰਹੇ ਸਨ। ਉਹ ਕੋਰਬਾ ਜ਼ਿਲ੍ਹੇ ਦੇ ਬੰਗੋ ਥਾਣਾ ਖੇਤਰ ਦੇ ਅਧੀਨ ਅੰਬਿਕਾਪੁਰ-ਬਿਲਾਸਪੁਰ ਰਾਸਟਰੀ ਰਾਜਮਾਰਗ 'ਤੇ ਚੋਟੀਆ ਤੋਂ ਕੁਝ ਦੂਰ ਪਹੁੰਚੇ ਹੀ ਸਨ ਕਿ ਸਾਹਮਣੇ ਤੋਂ ਆ ਰਹੇ ਇਕ ਤੇਜ ਰਫਤਾਰ ਟਰੱਕ ਨੇ ਉਹਨਾਂ ਨੂੰ ਟੱਕਰ ਮਾਰ ਦਿੱਤੀ। ਟੱਕਰ ਇੰਨੀ ਜਬਰਦਸਤ ਸੀ ਕਿ ਕਾਰ ਸੜਕ ਤੋਂ ਹੇਠਾਂ ਜਾ ਡਿੱਗੀ, ਜਿਸ ਕਾਰਨ ਉਸ ਨੂੰ ਅੱਗ ਲੱਗ ਗਈ। ਉਧਰ ਟਰੱਕ ਵੀ ਕਾਰ ਦੇ ਉੱਪਰ ਚੜ੍ਹ ਗਿਆ। ਇਸ ਕਾਰਨ ਉਹ ਵੀ ਅੱਗ ਦੀ ਲਪੇਟ ਵਿੱਚ ਆ ਗਿਆ। ਅੰਬਿਕਾਪੁਰ ਦੇ ਭੱਠੀ ਰੋਡ ਗਣੇਸ ਦਾਦਾ ਗਲੀ ਦੇ ਰਹਿਣ ਵਾਲੇ ਸ਼ਿਵਮ ਸਿੰਘ 25 ਸਾਲਾ ਆਪਣੇ ਤਿੰਨ ਹੋਰ ਸਾਥੀਆਂ ਨਾਲ ਸਨੀਵਾਰ ਦੁਪਹਿਰ ਕਾਰ ਨੰਬਰ



ਸੀਜੀ 15 ਡੀਯੂ 2747 ਵਿੱਚ ਬਿਲਾਸਪੁਰ ਜਾਣ ਲਈ ਨਿਕਲਿਆ ਸੀ। ਚਾਰੋਂ ਨੇ ਕਰੀਬ ਸਾਢੇ ਤਿੰਨ ਵਜੇ ਅੰਬਿਕਾਪੁਰ-ਬਿਲਾਸਪੁਰ ਰਾਸਟਰੀ ਰਾਜਮਾਰਗ 'ਤੇ ਕੋਰਬਾ ਥਾਣਾ ਖੇਤਰ ਦੀ ਚੋਟੀ ਨੂੰ ਪਾਰ ਕੀਤਾ ਸੀ। ਇਸ ਦੌਰਾਨ ਸਾਹਮਣੇ ਤੋਂ ਤੇਜ ਰਫਤਾਰ ਨਾਲ ਆ ਰਹੇ ਇਕ ਟਰੱਕ ਨੇ ਕਾਰ ਨੂੰ ਟੱਕਰ ਮਾਰ ਦਿੱਤੀ। ਟੱਕਰ ਇੰਨੀ ਜਬਰਦਸਤ ਸੀ ਕਿ ਕਾਰ ਬੇਕਾਬੂ ਹੋ ਕੇ ਇੱਕ ਖੇਤ ਵਿੱਚ ਜਾ ਡਿੱਗੀ ਅਤੇ ਅੱਗ ਲੱਗ ਗਈ। ਇਸ ਦੌਰਾਨ ਟਰੱਕ ਵੀ ਕਾਰ 'ਤੇ ਚੜ੍ਹ ਗਿਆ। ਇਸ ਕਾਰਨ ਟਰੱਕ ਵੀ ਸੜਨ ਲੱਗਾ। ਹਾਦਸੇ ਵਿੱਚ ਸ਼ਿਵਮ ਸਿੰਘ ਸਮੇਤ ਚਾਰ ਨੌਜਵਾਨ ਜ਼ਿੰਦਾ ਸੜ ਗਏ। ਸੂਚਨਾ ਮਿਲਦੇ ਹੀ ਪੁਲਸ ਟੀਮ ਮੌਕੇ 'ਤੇ ਪਹੁੰਚ ਗਈ। ਫਾਇਰ ਬ੍ਰਿਗੇਡ ਦੀ ਟੀਮ ਨੇ ਕਾਫੀ ਮੁਸੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ। ਫਿਰ ਕਾਰ ਦੇ ਅੰਦਰੋਂ ਚਾਰ ਨੌਜਵਾਨਾਂ ਦੀਆਂ ਲਾਸਾਂ ਨੂੰ ਬਾਹਰ ਕੱਢਿਆ ਗਿਆ। ਲਾਸਾਂ ਨੂੰ ਪੋਸਟਮਾਰਟਮ ਲਈ ਹਸਪਤਾਲ 'ਚ ਰਖਵਾਇਆ ਗਿਆ ਹੈ।


**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHAR-GAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

# ਬ੍ਰੌਂਕਾਇਟਿਸ : ਸਾਹ ਨਲੀ 'ਚ ਸੋਜ



ਸਾਹ ਲੈਣ ਅਤੇ ਛੱਡਣ 'ਚ ਕਿਸੇ ਵੀ ਕਿਸਮ ਦੀ ਪ੍ਰੇਸ਼ਾਨੀ ਹੋਣ 'ਤੇ ਹਰ ਕੰਮ ਮੁਸ਼ਕਿਲ ਹੋ ਜਾਂਦਾ ਹੈ। ਬ੍ਰੌਂਕਾਇਟਿਸ ਭਾਵ ਸਾਹ ਨਲੀਆਂ 'ਚ ਸੋਜ ਇਕ ਆਮ ਬੀਮਾਰੀ ਹੈ, ਜੋ ਬਾਹਰੀ ਕਿਰਨਾਂ ਤੋਂ ਹੁੰਦੀ ਹੈ, ਜਿਸ ਨਾਲ ਅਗਾਂਹ ਸਾਹ ਲੈਣਾ ਅਤੇ ਛੱਡਣਾ ਔਖਾ ਹੋ ਜਾਂਦਾ ਹੈ। ਇਸ ਦੀ ਲਪੇਟ 'ਚ ਆਉਣ 'ਤੇ ਛਾਤੀ 'ਚੋਂ ਖਰ-ਖਰ ਦੀ ਆਵਾਜ਼ ਆਉਂਦੀ ਹੈ। ਸਾਹ ਫੁੱਲਦਾ ਹੈ। ਖਾਂਸੀ ਆਉਂਦੀ ਹੈ। ਇਹ ਖਾਂਸੀ ਬਲਗਮ ਵਾਲੀ ਹੁੰਦੀ ਹੈ।

ਇਹ ਸਭ ਸਾਹ ਨਲੀਆਂ ਦੀ ਸ਼ਲੇਸ਼ਮਿਕ ਕਲਾ 'ਚ ਸੋਜ ਕਾਰਨ ਹੁੰਦੇ ਹਨ। ਜ਼ਹਿਰੀਲੀ ਹਵਾ, ਧੂੜ, ਦੁਰਗੰਧ, ਧੂੰਆਂ ਵਰਗੇ ਬਾਹਰੀ ਕਾਰਨਾਂ ਕਰਕੇ ਹੁੰਦਾ ਹੈ। ਵਾਯੂ ਮੰਡਲ 'ਚ ਅਜਿਹੇ ਤੱਤਾਂ ਦੀ ਮਾਤਰਾ ਸਰਦੀਆਂ 'ਚ ਵਧ ਜਾਂਦੀ ਹੈ, ਜਿਸ ਕਾਰਨ ਇਹ ਪ੍ਰਕੋਪ ਸ਼ੁਰੂ ਹੁੰਦਾ ਹੈ ਅਤੇ ਅਗਾਂਹ ਚੱਲ ਕੇ ਇਸ ਦੀ ਪ੍ਰੇਸ਼ਾਨੀ ਸਾਰਾ ਸਾਲ ਹੋਣ ਲੱਗਦੀ ਹੈ।ਆਮ ਤੌਰ 'ਤੇ ਇਹ ਬੀਮਾਰੀ ਮੱਧ ਵਰਗੀ ਹੈ, ਜਿਸਦੀ ਲਪੇਟ 'ਚ 20 ਫੀਸਦੀ ਮਰਦ ਅਤੇ 5 ਫੀਸਦੀ ਔਰਤਾਂ ਆਉਂਦੀਆਂ ਹਨ, ਜੋ 40 ਤੋਂ 50 ਸਾਲ ਦੀ ਉਮਰ ਨੂੰ ਪਾਰ ਕਰ ਚੁੱਕੇ ਹੁੰਦੇ ਹਨ। ਇਸ ਤੋਂ ਪੀੜਤ ਰੋਗੀਆਂ ਦੀ ਗਿਣਤੀ ਲਗਾਤਾਰ ਵਧਦੀ ਜਾਂਦੀ ਹੈ। ਸ਼ੁਰੂਆਤ 'ਚ ਇਹ ਰੋਗ ਆਪਣਾ ਰੂਪ ਸਿਰਫ ਸਰਦੀਆਂ 'ਚ ਦਿਖਾਉਂਦਾ ਹੈ ਪਰ ਹੌਲੀ-ਹੌਲੀ ਬਾਰ੍ਹਾਂ ਮਹੀਨੇ ਤਕਲੀਫ ਦੇਣ ਲੱਗਦਾ ਹੈ।

**ਲੱਛਣ**

ਵਾਰ-ਵਾਰ ਸਾਹ ਤੰਤਰ ਨਾਲ ਸੰਬੰਧਤ ਬੀਮਾਰੀ ਦਾ ਹੋਣਾ, ਸਵੇਰੇ-ਸਵੇਰੇ ਬਲਗਮ ਆਉਣੀ, ਗਲੇ 'ਚ ਖਾਰਸ਼ ਹੋਣੀ, ਥੋੜ੍ਹੀ ਜਿਹੀ ਛੇਤੀ ਕੰਮ ਕਰਨ 'ਤੇ ਸਾਹ ਫੁੱਲਣਾ, ਛਾਤੀ 'ਚ ਦਰਦ ਅਤੇ ਚਮੜੀ ਦਾ ਨੀਲਾ ਪੈ ਜਾਣਾ, ਇਸ 'ਚ ਵਾਰ-ਵਾਰ ਖਾਂਸੀ ਆਉਂਦੀ ਹੈ, ਸਾਹ ਛੱਡਣ ਅਤੇ ਲੈਣ 'ਚ ਔਖਿਆਈ ਹੁੰਦੀ ਹੈ। ਬਲਗਮ ਆਉਂਦੀ ਰਹਿੰਦੀ ਹੈ। ਦਮੇ ਵਾਂਗ ਛਾਤੀ ਘਰਘਰਾਉਣ ਲੱਗਦੀ ਹੈ। ਸੀਟੀ ਵਰਗੀ ਆਵਾਜ਼ ਆਉਂਦੀ ਹੈ। ਫੇਫੜੇ ਆਕਸੀਜਨ ਨੂੰ ਪੂਰੀ ਮਾਤਰਾ 'ਚ ਗ੍ਰਹਿਣ ਨਹੀਂ ਕਰ ਸਕਦੇ। ਸਰੀਰ 'ਚ ਆਕਸੀਜਨ ਦੀ ਘਾਟ ਹੋ ਜਾਂਦੀ ਹੈ। ਦੌੜ-ਭੱਜ ਜਾਂ ਕੰਮ ਕਰਨ ਦੀ ਤਾਕਤ ਨਹੀਂ ਰਹਿੰਦੀ।

**ਕਾਰਨ**

ਇਹ ਬੀਮਾਰੀ ਸਿਗਰਟ ਪੀਣ ਵਾਲਿਆਂ 'ਚ ਵਧੇਰੇ ਦੇਖਣ ਨੂੰ ਮਿਲਦੀ ਹੈ। ਇਹ ਬੇਹੱਦ ਪ੍ਰਦੂਸ਼ਿਤ ਜਾਂ ਗੰਦੀਆਂ ਥਾਵਾਂ 'ਤੇ ਰਹਿਣ ਨਾਲ ਹੁੰਦੀ ਹੈ। ਕੁਝ ਕਿੱਤੇ, ਸੂਤ ਮਿੱਲ, ਪਲਾਸਟਿਕ ਫੈਕਟਰੀ, ਖਾਨਾਂ, ਸੀਮੈਂਟ ਕਾਰਖਾਨਿਆਂ, ਰਸਾਇਣਿਕ ਕਾਰਖਾਨਿਆਂ ਆਦਿ ਨਾਲ ਜੁੜੇ ਲੋਕਾਂ ਨੂੰ ਇਹ ਹੋ ਸਕਦਾ ਹੈ। ਇਹ ਇਨਫੈਕਸ਼ਨ ਦੇ ਪ੍ਰਭਾਵ ਨਾਲ, ਵਾਇਰਲ ਦੇ ਪ੍ਰਭਾਵ ਨਾਲ, ਖਾਨਦਾਨੀ ਜਾਂ ਪਾਜ਼ੇਟਿਵ ਫੈਮਿਲੀ ਹਿਸਟਰੀ ਵਾਲਿਆਂ ਨੂੰ ਹੋ ਸਕਦਾ ਹੈ।

**ਕਿਸਮਾਂ**

ਇਹ ਤਿੰਨ ਕਿਸਮਾਂ ਦਾ ਹੁੰਦਾ ਹੈ। ਐਕਿਊਟ ਬ੍ਰੌਂਕਾਇਟਿਸ ਕੁਝ-ਕੁਝ ਸਮੇਂ 'ਚ ਹੋਣ ਵਾਲੀ ਖਾਂਸੀ ਹੁੰਦੀ ਹੈ, ਜਿਸ 'ਚ ਕੱਫ ਦੇ ਨਾਲ ਵਧੇਰੇ ਮਾਤਰਾ 'ਚ ਪਸ ਨਿਕਲਦੀ ਹੈ। ਕ੍ਰਾਨਿਕ ਬ੍ਰੌਂਕਾਇਟਿਸ ਦੀ ਸਥਿਤੀ 'ਚ ਲੰਬੇ ਸਮੇਂ ਭਾਵ ਤਿੰਨ ਮਹੀਨਿਆਂ ਤਕ ਰੁਕ-ਰੁਕ ਕੇ ਚੱਲਣ ਵਾਲੀ ਖਾਂਸੀ ਹੁੰਦੀ ਹੈ। ਇਸ ਨਾਲ ਵਧੇਰੇ ਮਾਤਰਾ 'ਚ ਕੱਫ ਨਿਕਲਦਾ ਹੈ। ਐਪਲਾਸਟਿਕ ਬ੍ਰੌਂਕਾਇਟਿਸ ਦੀ ਸਥਿਤੀ 'ਚ ਅਜਿਹੀ ਖਾਂਸੀ ਬਹੁਤ ਤੇਜ਼ ਧੱਕੇ ਨਾਲ ਹੁੰਦੀ ਹੈ। ਵਿਚ-ਵਿਚ ਸਾਹ ਫੁੱਲਦਾ ਹੈ।

ਡਾਕਟਰ ਇਹ ਸਭ ਮਰੀਜ਼ ਦੀ ਸਥਿਤੀ, ਉਸ ਦੀ ਖਾਂਸੀ ਦੇ ਲੱਛਣ ਨੂੰ ਦੇਖ ਕੇ ਜਾਂ ਪੁੱਛ ਕੇ ਕਰਦੇ ਹਨ। ਕਦੇ-ਕਦੇ ਖਾਂਸੀ ਨਾਲ ਨਿਕਲਣ ਵਾਲੇ ਪਦਾਰਥ ਦੀ ਵੀ ਜਾਂਚ ਕਰਵਾਉਣੀ ਪੈਂਦੀ ਹੈ। ਕਦੇ-ਕਦੇ ਛਾਤੀ ਦਾ ਐਕਸ-ਰੇਅ ਕਰਵਾਉਣ ਦੀ ਵੀ ਲੋੜ ਪੈ ਜਾਂਦੀ ਹੈ। ਫਿਰ ਵੀ ਕੁਝ ਛੋਟੀਆਂ-ਛੋਟੀਆਂ ਸਾਵਧਾਨੀਆਂ ਨੂੰ ਅਪਣਾ ਕੇ ਅਤੇ ਘਰੇਲੂ ਉਪਾਅ ਕਰਕੇ ਇਨ੍ਹਾਂ ਨੂੰ ਵੱਸ 'ਚ ਕੀਤਾ ਜਾ ਸਕਦਾ ਹੈ।

**ਬਚਾਅ**

ਅਜਿਹੀ ਬੀਮਾਰੀ ਦੀ ਸਥਿਤੀ 'ਚ ਖੁਦ ਮਰੀਜ਼ ਵੀ ਇਹ ਜਾਣ ਲੈਂਦਾ ਹੈ ਕਿ ਉਸ ਨੂੰ ਕਿਸ ਕਾਰਨ ਇਸ ਸਥਿਤੀ 'ਚੋਂ ਲੰਘਣਾ ਪੈਂਦਾ ਹੈ, ਇਸ ਲਈ ਉਸ ਨੂੰ ਅਜਿਹੇ ਮੌਕਿਆਂ ਜਾਂ ਸਥਾਨਾਂ ਤੋਂ ਬਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਬਚਾਅ ਦੇ ਹੋਰ ਤਰੀਕੇ ਇਸ ਤਰ੍ਹਾਂ ਹਨ – ਉਨ੍ਹਾਂ ਸਾਰੇ ਪ੍ਰਦੂਸ਼ਣਕਾਰੀ ਤੱਤਾਂ ਤੋਂ ਬਚੋ, ਜੋ ਸਾਹ ਨਾਲੀਆਂ ਦੇ ਸੁੰਗੜਨ ਅਤੇ ਇਨ੍ਹਾਂ ਦੀ ਸੋਜ ਨੂੰ ਵਧਾਉਂਦੇ ਹਨ।

ਧੂੜ-ਧੂੰਏਂ ਤੋਂ ਬਚ ਕੇ ਰਹੋ।

ਸਿਗਰਟਨੋਸ਼ੀ ਦੀ ਆਦਤ ਹੋਵੇ ਤਾਂ ਉਸ ਨੂੰ ਛੱਡ ਦਿਓ ਅਤੇ ਅਜਿਹੇ ਲੋਕਾਂ ਤੋਂ ਦੂਰ ਰਹੋ।

ਪੀੜਤ ਜਿਥੇ ਰਹਿੰਦਾ ਹੋਵੇ, ਉਥੇ ਅੰਗੀਠੀ, ਚੁੱਲ੍ਹਾ, ਮਿੱਟੀ ਦੇ ਤੇਲ ਦਾ ਸਟੋਵ ਜਾਂ ਰਸੋਈ ਗੈਸ ਦੀ ਵਰਤੋਂ ਨਾ ਹੋਵੇ।

ਠੰਡ ਜਾਂ ਠੰਡੇ ਸਥਾਨਾਂ ਤੋਂ ਬਚੋ। ਗਰਮ ਕੱਪੜੇ ਪਹਿਨੋ। ਉਹ ਵੀ ਢਿੱਲੇ ਹੋਣ। ਤਾਪਮਾਨ 'ਚ ਤਬਦੀਲੀ ਦੀ ਸਥਿਤੀ ਤੋਂ ਬਚੋ।

ਕਿਸੇ ਜਾਣਕਾਰ ਤੋਂ ਸਾਹ ਲੈਣ ਅਤੇ ਛੱਡਣ ਦੀ ਕਸਰਤ ਸਿੱਖੋ ਅਤੇ ਇਸ ਨੂੰ ਨਿਤਨੇਮ ਨਾਲ ਕਰੋ। ਇਸ ਨਾਲ ਫੇਫੜਿਆਂ ਅਤੇ ਸਾਹ ਤੰਤਰ ਦੀ ਸਮਰੱਥਾ ਵਧਦੀ ਹੈ। ਰਾਤ ਵੇਲੇ ਘੱਟ ਭੋਜਨ ਸੌਣ ਤੋਂ 2-3 ਘੰਟੇ ਪਹਿਲਾਂ ਖਾ ਲਓ। ਖਾਣ-ਪੀਣ ਵਧੇਰੇ ਗਰਮ ਜਾਂ ਠੰਡਾ ਨਾ ਹੋਵੇ। ਇਹ ਐਸਿਡ ਜਾਂ ਗੈਸ ਬਣਾਉਣ ਵਾਲਾ ਨਾ ਹੋਵੇ।

ਜੇਕਰ ਡਾਕਟਰ ਨੇ ਕੋਈ ਦਵਾਈ ਜਾਂ ਉਪਾਅ ਦੱਸਿਆ ਹੋਵੇ ਤਾਂ ਉਸ 'ਤੇ ਨਿਯਮ ਮੁਤਾਬਿਕ ਅਮਲ ਕਰੋ।

# ਐਂਟੀ-ਆਕਸੀਡੈਂਟਸ ਦਾ ਚੰਗਾ ਸੋਮਾ ਹੈ ਚਾਹ

ਚਾਹ ਦਾ ਨਾਂ ਸੁਣਦਿਆਂ ਹੀ ਸਾਨੂੰ ਆਪਣੇ ਅੰਦਰ ਇਕ ਅਜੀਬ ਜਿਹੀ ਚੁਸਤੀ-ਫੁਰਤੀ ਦਾ ਅਹਿਸਾਸ ਹੋਣ ਲੱਗਦਾ ਹੈ। ਅਸਲ ਵਿਚ ਲੋਕ ਚਾਹ ਸਵਾਦ ਤੋਂ ਇਲਾਵਾ ਇਸ ਲਈ ਵੀ ਪੀਂਦੇ ਹਨ ਕਿਉਂਕਿ ਇਸਨੂੰ ਪੀਣ ਨਾਲ ਸਰੀਰ ਚੁਸਤ ਹੋ ਜਾਂਦਾ ਹੈ। ਹਾਲਾਂਕਿ ਅਜੇ ਤਕ ਚਾਹ ਬਾਰੇ ਇਹੋ ਮੰਨਿਆ ਜਾਂਦਾ ਰਿਹਾ ਹੈ ਕਿ ਇਸਨੂੰ ਪੀਣਾ ਸਿਹਤ ਲਈ ਨੁਕਸਾਨਦੇਹ ਹੁੰਦਾ ਹੈ ਪਰ ਕੁਝ ਅਹਿਮ ਖੋਜਾਂ ਤੋਂ ਇਹ ਵੀ ਪਤਾ ਲੱਗ ਚੁੱਕਾ ਹੈ ਕਿ ਚਾਹ ਵਿਚ ਵੀ ਵੱਖ-ਵੱਖ ਵਨਸਪਤੀਆਂ ਵਾਂਗ ਕਈ ਅਜਿਹੇ ਤੱਤ ਹੁੰਦੇ ਹਨ ਜੋ ਸਰੀਰ ਵਿਚ ਬਿਮਾਰੀਆਂ ਪੈਦਾ ਨਹੀਂ ਕਰਦੇ, ਸਗੋਂ ਸਰੀਰ ਨੂੰ ਅਰੋਗ ਤੇ ਮਜ਼ਬੂਤ ਬਣਾਈ ਰੱਖਣ 'ਚ ਅਹਿਮ ਭੂਮਿਕਾ ਨਿਭਾਉਂਦੇ ਹਨ।



ਇਨ੍ਹਾਂ ਖੋਜਾਂ ਤੋਂ ਪਤਾ ਲੱਗਾ ਹੈ ਕਿ ਚਾਹ ਵਿਚ ਕਈ ਅਜਿਹੇ ਤੱਤ ਵੀ ਮੌਜੂਦ ਹੁੰਦੇ ਹਨ ਜੋ ਚਾਹ ਪੀਣ ਵਾਲੇ ਵਿਅਕਤੀ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਬਚਾਉਣ 'ਚ ਮਦਦ ਕਰਦੇ ਹਨ।

ਅਸਲ 'ਚ ਚਾਹ ਇਕੋ-ਇਕ ਅਜਿਹਾ ਪੀਣ ਵਾਲਾ ਪਦਾਰਥ ਹੈ, ਜਿਸ ਵਿਚ ਐਂਟੀ-ਆਕਸੀਡੈਂਟਸ ਦੀ ਮਾਤਰਾ ਸਭ ਤੋਂ ਜ਼ਿਆਦਾ ਹੁੰਦੀ ਹੈ। ਇਹ ਤਾਂ ਸਾਰੇ ਜਾਣਦੇ ਹੀ ਹਨ ਕਿ ਆਕਸੀਜਨ ਤੋਂ ਬਿਨਾਂ ਕਿਸੇ ਵੀ ਜੀਵ ਲਈ ਜੀਵਨ ਦੀ ਕਲਪਨਾ ਕਰਨੀ ਅਸੰਭਵ ਹੈ ਪਰ ਇਸੇ ਆਕਸੀਜਨ ਕਾਰਨ ਸਰੀਰ ਵਿਚ ਆਕਸੀਡੇਸ਼ਨ ਦੀ ਕਿਰਿਆ ਵੀ ਹੁੰਦੀ ਹੈ ਜੋ ਫ੍ਰੀ ਰੈਡੀਕਲਜ਼ ਨੂੰ ਜਨਮ ਦਿੰਦੀ ਹੈ। ਇਹੋ ਫ੍ਰੀ ਰੈਡੀਕਲਜ਼ ਜਮ੍ਹਾ ਹੋ ਕੇ ਕਈ ਬਿਮਾਰੀਆਂ ਦਾ ਕਾਰਨ ਬਣਦੇ ਹਨ। ਇਨ੍ਹਾਂ ਫ੍ਰੀ ਰੈਡੀਕਲਜ਼ ਕਾਰਨ ਹੀ ਵਿਅਕਤੀ ਕੈਂਸਰ, ਅਲਜ਼ਮੀਰਜ਼, ਪਾਰਕਿੰਸਨਜ਼ ਆਦਿ ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਹੁੰਦਾ ਹੈ। ਹਾਲਾਂਕਿ ਸਰੀਰ ਵਿਚ ਇਨ੍ਹਾਂ ਫ੍ਰੀ ਰੈਡੀਕਲਜ਼ ਨਾਲ ਲੜਨ ਵਾਲੇ ਐਂਟੀ-ਆਕਸੀਡੈਂਟਸ ਹੁੰਦੇ ਹਨ ਪਰ ਜਿਉਂ-ਜਿਉਂ ਵਿਅਕਤੀ ਦੀ ਉਮਰ ਵਧਦੀ ਜਾਂਦੀ ਹੈ, ਇਹ ਐਂਟੀ-ਆਕਸੀਡੈਂਟਸ ਵੀ ਘਟਦੇ ਜਾਂਦੇ ਹਨ ਅਤੇ ਨਾਲ ਹੀ ਸਰੀਰ ਦੀ ਭੋਜਨ 'ਚੋਂ ਐਂਟੀ-ਆਕਸੀਡੈਂਟਸ ਖਿੱਚਣ ਦੀ ਸ਼ਕਤੀ ਵੀ ਘੱਟ ਹੋ ਜਾਂਦੀ ਹੈ। ਇਹੋ ਕਾਰਨ ਹੈ ਕਿ ਭੋਜਨ ਵਿਚ ਐਂਟੀ-ਆਕਸੀਡੈਂਟਸ ਦੀ ਜ਼ਿਆਦਾ ਮਾਤਰਾ ਵਾਲੀਆਂ ਚੀਜ਼ਾਂ ਨੂੰ ਸ਼ਾਮਿਲ ਕਰਨਾ ਪੈਂਦਾ ਹੈ। ਚਾਹ ਵਿਚ ਐਂਟੀ-ਆਕਸੀਡੈਂਟਸ ਦੀ ਸਭ ਤੋਂ ਜ਼ਿਆਦਾ ਮਾਤਰਾ ਹੋਣ ਕਾਰਨ ਇਸਨੂੰ ਪੀਣ ਨਾਲ ਅਜਿਹੀ ਹਾਲਤ 'ਚ ਫਾਇਦਾ ਮਿਲਦਾ ਹੈ ਪਰ ਲੋੜ ਇਸ ਗੱਲ ਦੀ ਵੀ ਹੈ ਕਿ ਚਾਹ ਇਕ ਨਿਰਧਾਰਤ ਮਾਤਰਾ 'ਚ ਹੀ ਪੀਤੀ ਜਾਵੇ, ਨਹੀਂ ਤਾਂ ਇਹ ਵੀ ਫਾਇਦੇ ਦੀ ਥਾਂ ਨੁਕਸਾਨ ਹੀ ਕਰਦੀ ਹੈ।

# ਮਾਤਾ-ਪਿਤਾ ਦੀਆਂ ਬੀਮਾਰੀਆਂ ਬੱਚਿਆਂ



ਨਿਊ ਆਰਲੀਅੰਸ ਸੈਂਟਰ ਫਾਰ ਕਾਰਡੀਯੋਵਾ ਸਕੁਲਰ ਹੈਲਥ ਦੇ ਮਾਹਿਰਾਂ ਵਲੋਂ ਕੀਤੀ ਗਈ ਇਕ ਖੋਜ ਮੁਤਾਬਿਕ ਜਿਹੜੇ ਬੱਚਿਆਂ ਦੇ ਮਾਤਾ-ਪਿਤਾ ਨੂੰ ਕੋਰੋਨਰੀ ਹਾਰਟ ਡਿਜ਼ੀਜ਼ ਹੋਇਆ ਹੋਵੇ ਅਤੇ ਬੱਚੇ ਮੋਟਾਪੇ ਦੇ ਸ਼ਿਕਾਰ ਹੋਣ ਤਾਂ ਉਨ੍ਹਾਂ ਨੂੰ ਵੀ ਇਹ ਸ਼ਿਕਾਇਤ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਇਸ ਸੈਂਟਰ ਨੇ ਬੱਚਿਆਂ ਅਤੇ ਉਨ੍ਹਾਂ ਦੇ ਮਾਤਾ-ਪਿਤਾ 'ਤੇ ਇਹ ਖੋਜ ਕੀਤੀ ਅਤੇ ਦੇਖਿਆ ਕਿ ਬੱਚਿਆਂ ਨੂੰ ਕਾਰਡੀਓਵਸਕੁਲਰ ਡਿਜ਼ੀਜ਼ ਹੋਣ ਦੀ ਸੰਭਾਵਨਾ ਮਾਤਾ-ਪਿਤਾ 'ਤੇ ਹੀ ਨਿਰਭਰ ਕਰਦੀ ਹੈ।

# ਮੇਲ ਬ੍ਰੈਸਟ ਐਨਲਾਰਜਮੈਂਟ





ਆਮ ਤੌਰ 'ਤੇ ਮੇਲ ਬ੍ਰੈਸਟ ਐਨਲਾਰਜਮੈਂਟ ਅੱਲ੍ਹੜਾਂ, ਮੋਟਾਪੇ ਤੋਂ ਪੀੜਤ, ਸ਼ਰਾਬ ਪੀਣ ਵਾਲੇ ਲੋਕਾਂ 'ਚ ਵਧੇਰੇ ਹੁੰਦਾ ਹੈ। ਕੁਝ ਕਿਸਮ ਦੀਆਂ ਦਵਾਈਆਂ ਵੀ ਇਸ ਦਾ ਕਾਰਨ ਹੋ ਸਕਦੀਆਂ ਹਨ। ਇਹ ਹਾਰਮੋਨਲ ਅਸੰਤੁਲਨ ਦਾ ਲੱਛਣ ਵੀ ਹੋ ਸਕਦਾ ਹੈ। ਵਿਰਲੇ ਮਾਮਲਿਆਂ 'ਚ ਅੰਡੇਦਾਨੀ ਜਾਂ ਫੇਫੜਿਆਂ ਦੇ ਕੈਂਸਰ ਜਾਂ ਹੋਰ ਗੰਭੀਰ ਰੋਗ ਕਾਰਨ ਵੀ ਅਜਿਹਾ ਹੋ ਸਕਦਾ ਹੈ। ਜੇਕਰ ਤੁਸੀਂ ਬਾਲਗ ਹੋ ਅਤੇ ਛਾਤੀ 'ਤੇ ਔਰਤ ਦੀਆਂ ਛਾਤੀਆਂ ਵਾਂਗ ਉਭਾਰ ਭਾਵ ਬ੍ਰੈਸਟ ਐਨਲਾਰਜਮੈਂਟ ਮਹਿਸੂਸ ਕਰ ਰਹੇ ਹੋ ਤਾਂ ਤੁਸੀਂ ਗਾਇਨੇਕੋਮਾਸਤਆ ਨਾਮੀ ਸਮੱਸਿਆ ਤੋਂ ਪੀੜਤ ਹੋ ਸਕਦੇ ਹੋ। ਬ੍ਰੈਸਟ ਟਿਸ਼ੂ ਸਖਤ ਅਤੇ ਗੰਢਨੁਮਾ ਹੁੰਦੇ ਹਨ, ਜੋ ਨਿੱਪਲਾਂ ਦੇ ਨੇੜੇ ਸਥਿਤ ਆਮ ਫੈਟ ਟਿਸ਼ੂ ਨਾਲੋਂ ਕਾਫੀ ਵੱਖਰੇ ਹੁੰਦੇ ਹਨ।

ਕੁਝ ਮਾਮਲਿਆਂ 'ਚ ਬ੍ਰੈਸਟ ਐਨਲਾਰਜਮੈਂਟ ਆਮ ਗੱਲ ਹੋ ਸਕਦੀ ਹੈ, ਜਿਸ ਦਾ ਕਾਰਨ ਅੱਲ੍ਹੜ ਉਮਰ 'ਚ ਐਸਟ੍ਰੋਜਨ ਹਾਰਮੋਨ ਦੇ ਪੱਧਰ 'ਚ ਵਾਧਾ ਹੋ ਸਕਦਾ ਹੈ। ਨੌਜਵਾਨਾਂ 'ਚ ਐਸਟ੍ਰੋਜਨ ਦੇ ਪ੍ਰਭਾਵਾਂ ਨੂੰ ਟੈਸਟੋਸਟੇਰਾਨ ਹਾਰਮੋਨ ਰੋਕਦਾ ਹੈ, ਇਸ ਲਈ ਆਮ ਤੌਰ 'ਚ ਬਾਲਗਾਂ 'ਚ ਨਿੱਪਲ ਦੇ ਆਲੇ-ਦੁਆਲੇ ਬਹੁਤ ਹੀ ਘੱਟ ਬ੍ਰੈਸਟ ਟਿਸ਼ੂ ਹੁੰਦੇ ਹਨ।ਅਸਾਧਾਰਨ ਬ੍ਰੈਸਟ ਐਨਲਾਰਜਮੈਂਟ ਦੇ ਸਭ ਤੋਂ ਆਮ ਕਾਰਨਾਂ 'ਚ ਦਵਾਈਆਂ ਨਾਲ ਹੋਣ ਵਾਲੇ ਸਾਈਡ ਇਫੈਕਟ ਸ਼ਾਮਲ ਹਨ। ਇਹ ਉਹ ਦਵਾਈਆਂ ਹਨ, ਜੋ ਟੈਸਟੋਸਟੇਰਾਨ ਅਤੇ ਐਸਟ੍ਰੋਜਨ ਦੇ ਸੰਤੁਲਨ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਤਰ੍ਹਾਂ ਦੇ ਲੱਛਣ ਦਿਸਣ 'ਤੇ ਤੁਸੀਂ ਆਪਣੇ ਡਾਕਟਰ ਨੂੰ ਦਵਾਈਆਂ ਬਦਲਣ ਲਈ ਕਹਿ ਸਕਦੇ ਹੋ। ਐਨਾਬਾਲਿਕ ਸਟੀਰਾਇਡਸ, ਸ਼ਰਾਬ ਅਤੇ ਗਾਂਜੇ ਦਾ ਨਸ਼ਾ ਵੀ ਬ੍ਰੈਸਟ ਐਨਲਾਰਜਮੈਂਟ ਦੀ ਸਮੱਸਿਆ ਪੈਦਾ ਕਰ ਸਕਦੇ ਹਨ। ਕੁਝ ਬਜ਼ੁਰਗਾਂ 'ਚ ਅੰਡੇਦਾਨੀਆਂ ਦੇ ਸੁੰਗੜਨ ਕਾਰਨ ਟੈਸਟੋਸਟੇਰਾਨ ਦੇ ਪੱਧਰ 'ਚ ਕਮੀ ਆਉਣ ਨਾਲ ਵੀ ਬ੍ਰੈਸਟ ਐਨਲਾਰਜਮੈਂਟ ਹੋ ਸਕਦਾ ਹੈ।

ਕੁਝ ਮਰਦ ਕਲਾਇਨਫੇਲਟਰ ਸਿੰਡ੍ਰੋਮ ਦੇ ਨਾਲ ਜਨਮ ਲੈਂਦੇ ਹਨ, ਜੋ ਐਨਲਾਰਜਡ ਬ੍ਰੈਸਟ ਟਿਸ਼ੂ ਅਤੇ ਛੋਟੀਆਂ ਅੰਡੇਦਾਨੀਆਂ ਕਾਰਨ ਬਣ ਸਕਦਾ ਹੈ। ਇਹ 500 'ਚੋਂ ਇਕ ਮਰਦ ਨੂੰ ਹੁੰਦਾ ਹੈ।

ਮਰਦਾਂ 'ਚ ਛਾਤੀਆਂ ਵਰਗਾ ਉਭਾਰ ਵਿਕਸਿਤ ਹੋਣ ਨਾਲ ਘੱਟ ਦੇਖੇ ਜਾਣ ਵਾਲੇ ਕਾਰਨਾਂ 'ਚ ਲਿਵਰ ਅਤੇ ਕਿਡਨੀ ਦੇ ਗੰਭੀਰ ਰੋਗ, ਬ੍ਰੈਸਟ ਕੈਂਸਰ, ਹਾਈਪੋਥਾਇਰਾਡਿਜ਼ਮ, ਪਿਟਿਊਟਰੀ ਗਲੈਂਡ ਟਿਊਮਰ ਅਤੇ ਹਾਰਮੋਨ ਰਿਸਾਉਣ ਵਾਲੇ ਅੰਗਾਂ ਵਰਗੇ ਫੇਫੜਿਆਂ ਅਤੇ ਅੰਡੇਦਾਨੀਆਂ 'ਚ ਟਿਊਮਰ ਸ਼ਾਮਲ ਹਨ।

ਬ੍ਰੈਸਟ ਐਨਲਾਰਜਮੈਂਟ ਦੇ ਲੱਛਣ ਨਜ਼ਰ ਆਉਂਦਿਆਂ ਹੀ ਪੂਰਾ ਚੈੱਕਅੱਪ ਕਰਵਾਓ ਤਾਂਕਿ ਸਮੇਂ ਸਿਰ ਇਸ ਦਾ ਇਲਾਜ ਹੋ ਸਕੇ ਅਤੇ ਕਿਸੇ ਹੋਰ ਗੰਭੀਰ ਰੋਗ ਦਾ ਵੀ ਸਮੇਂ ਸਿਰ ਪਤਾ ਲੱਗ ਸਕੇ।

# ਪੇਟ ਦੀਆਂ ਤਕਲੀਫਾਂ ਦੇ ਘਰੇਲੂ ਉਪਾਅ

ਆਪਣੀ ਹੀ ਗਲਤੀ ਕਾਰਨ ਖਾਣ-ਪੀਣ 'ਚ ਲਾਪ੍ਰਵਾਹੀ ਕਾਰਨ ਸਾਡੇ ਪੇਟ 'ਚ ਬਹੁਤ ਗੈਸ ਬਣਨ ਲੱਗਦੀ ਹੈ। ਇਹ ਬਣ ਕੇ ਨਿਕਲਦੀ ਰਹੇ, ਉਦੋਂ ਤਕ ਤਾਂ ਕੋਈ ਬਹੁਤੀ ਤਕਲੀਫ ਨਹੀਂ ਹੁੰਦੀ ਪਰ ਜਦੋਂ ਇਹ ਨਿਕਲਣ ਦਾ ਨਾਂ ਹੀ ਨਾ ਲਏ ਅਤੇ ਅਫਾਰਾ ਬਣਿਆ ਰਹੇ, ਤਾਂ ਬੜੀ ਔਖਿਆਈ ਹੁੰਦੀ ਹੈ। ਅਸਹਿਜ ਸਥਿਤੀ 'ਚੋਂ ਲੰਘਣਾ ਪੈਂਦਾ ਹੈ। ਆਓ, ਇਸ ਰੋਗ ਤੋਂ ਛੁਟਕਾਰੇ ਲਈ ਕੁਝ ਘਰੇਲੂ ਉਪਾਵਾਂ 'ਤੇ ਅਮਲ ਕਰੀਏ।

ਹਵਾ ਘੱਟ ਤੋਂ ਘੱਟ ਬਣੇ, ਇਸ ਲਈ ਆਲੂ, ਚੌਲ, ਤਲੇ ਪਦਾਰਥ, ਮਾਸ ਅਤੇ ਸ਼ਰਾਬ ਆਦਿ ਦੀ ਵਰਤੋਂ ਨਾ ਕਰੋ।

ਭੁੱਖ ਤੋਂ ਵਧੇਰੇ ਨਾ ਖਾਓ। ਪੇਟ ਦਾ ਕੁਝ ਹਿੱਸਾ ਖਾਲੀ ਵੀ ਰਹਿਣਾ ਚਾਹੀਦੈ।

ਖਾਲੀ ਪੇਟ ਰਹਿਣ ਨਾਲ ਵੀ ਗੈਸ ਬਣੇਗੀ, ਇਸ ਲਈ ਭੁੱਖੇ ਨਾ ਰਹੋ।

ਵਰਤ ਰੱਖਣਾ ਇਕ ਚੰਗਾ ਇਲਾਜ ਹੈ ਪਰ ਹਫਤੇ 'ਚ ਸਿਰਫ ਅੱਧਾ ਦਿਨ।

ਪੁਦੀਨਾ, ਅਨਾਰਦਾਣਾ, ਪਿਆਜ਼, ਧਨੀਏ ਆਦਿ ਦੀ ਚਟਣੀ ਜ਼ਰੂਰ ਲਿਆ ਕਰੋ।

ਲਸਣ, ਅਦਰਕ ਦੀ ਵੀ ਵਰਤੋਂ ਜ਼ਰੂਰੀ ਹੈ।

ਜਿਨ੍ਹਾਂ ਨੂੰ ਕਬਜ਼ ਵੀ ਰਹਿੰਦੀ ਹੋਵੇ ਅਤੇ ਹਵਾ ਵੀ ਕਾਫੀ ਬਣਦੀ ਹੋਵੇ, ਉਹ ਖਾਣਾ ਖਾਣ ਪਿੱਛੋਂ ਕਾਲਾ ਨਮਕ, ਜੀਰਾ, ਨਿੰਬੂ ਮਿਲਾ ਕੇ ਖਾਰਾ ਸੋਡਾ ਪੀ ਲੈਣ। ਇਸ ਨਾਲ ਕਾਫੀ ਆਰਾਮ ਮਿਲੇਗਾ। ਅੰਤੜੀਆਂ ਸਾਫ ਹੋ ਜਾਣਗੀਆਂ।ਤੁਸੀਂ ਜਿਥੇ ਵੀ ਜਾਓ, ਉਥੋਂ ਦੇ ਰਿਵਾਜ ਮੁਤਾਬਿਕ ਖਾਣਾ ਖਾਓ।



ਜਿਨ੍ਹਾਂ ਦੇ ਪੇਟ 'ਚ ਹਵਾ ਵਧੇਰੇ ਬਣਨ ਦੀ ਤਕਲੀਫ ਰਹਿੰਦੀ ਹੋਵੇ, ਉਹ ਗਰਮੀ ਦੇ ਮੌਸਮ 'ਚ ਹਦਵਾਣੇ ਅਤੇ ਅੰਬ ਆਦਿ ਦੀ ਵਧੇਰੇ ਮਾਤਰਾ ਨਾ ਖਾਣ। ਇਨ੍ਹਾਂ ਨਾਲ ਵੀ ਹਵਾ ਬਣਦੀ ਹੈ।

ਭੋਜਨ ਪਚੇਗਾ, ਪੇਟ ਸਾਫ ਰਹੇਗਾ ਤਾਂ ਗੈਸ ਘੱਟ ਬਣੇਗੀ। ਹਰੀਆਂ ਸਬਜ਼ੀਆਂ ਜਿਵੇਂ ਬਾਥੂ, ਪਾਲਕ, ਸਰ੍ਹੋਂ ਦਾ ਸਾਗ ਆਦਿ ਖਾਓ। ਖੀਰਾ, ਤਰ, ਗਾਜਰ ਅਤੇ ਚੁਕੰਦਰ ਵੀ ਇਸ ਰੋਗ ਨੂੰ ਸ਼ਾਂਤ ਰੱਖਦੇ ਹਨ।

ਪੱਕਿਆ ਪਪੀਤਾ ਮਿਲੇ ਤਾਂ ਜ਼ਰੂਰ ਖਾਓ। ਕੱਚੇ ਪਪੀਤੇ ਦੀ ਸਬਜ਼ੀ ਵੀ ਲਾਭਦਾਇਕ ਹੈ।

ਖਾਣਾ ਖਾਣ ਪਿੱਛੋਂ ਆਈਸਕ੍ਰੀਮ ਖਾਣਾ ਜਾਂ ਠੰਡੀਆਂ ਚੀਜ਼ਾਂ ਪੀਣ ਨਾਲ ਵੀ ਸਰੀਰਕ ਨੁਕਸਾਨ ਹੁੰਦਾ ਹੈ। ਅਜਿਹੇ 'ਚ ਠੰਡਾ ਜੂਸ ਪੀਣਾ ਵੀ ਠੀਕ ਨਹੀਂ ਰਹਿੰਦਾ।

ਜੇਕਰ ਕਿਸੇ ਨੂੰ ਚਾਹ ਜਾਂ ਕੌਫੀ ਦੀ ਆਦਤ ਹੋਵੇ ਤਾਂ ਇਹ ਵੀ ਨੁਕਸਾਨ ਕਰਦੀ ਹੈ। ਇਸ ਆਦਤ ਨੂੰ ਛੱਡ ਦਿਓ।

ਮੈਦੇ ਤੋਂ ਬਣੇ ਪਦਾਰਥ ਜਾਂ ਸੁਪਰ ਫਾਈਨ ਆਟੇ ਦੀ ਰੋਟੀ ਆਸਾਨੀ ਨਾਲ ਨਹੀਂ ਪਚਦੀ ਅਤੇ ਗੈਸ ਪੈਦਾ ਕਰਦੀ ਹੈ, ਇਸ ਲਈ ਮੋਟੇ ਚੋਕਰ ਵਾਲੇ ਆਟੇ ਜਾਂ ਛੋਲਿਆਂ ਅਤੇ ਸੋਇਆਬੀਨ ਮਿਲੇ ਆਟੇ ਤੋਂ ਬਣੀ ਰੋਟੀ ਖਾਓ, ਇਹ ਛੇਤੀ ਪਚੇਗੀ ਵੀ ਅਤੇ ਅਫਾਰੇ ਵਰਗੀ ਸਮੱਸਿਆ ਨਹੀਂ ਹੋਣ ਦੇਵੇਗੀ। ਇਸ ਤਰ੍ਹਾਂ ਜੇਕਰ ਅਸੀਂ ਆਪਣੇ ਖਾਣ-ਪੀਣ 'ਚ ਸੁਧਾਰ ਕਰ ਲਈਏ ਤਾਂ ਇਹ ਰੋਗ ਸ਼ਾਂਤ ਰਹੇਗਾ।

# ਤੁਹਾਡੀ ਸਿਹਤ ਤੁਹਾਡੇ ਹੱਥ

ਅੱਜ ਦੀ ਭਾਜੜ ਭਰੀ ਜ਼ਿੰਦਗੀ ਵਿਚ ਜੇ ਅਸੀਂ ਆਪਣੀ ਸਿਹਤ ਵਲ ਧਿਆਨ ਨਾ ਦੇਈਏ ਤਾਂ ਜ਼ਿੰਦਗੀ ਦੇ ਦਿਨ ਇੰਨੀ ਤੇਜ਼ੀ ਨਾਲ ਨਿਕਲ ਜਾਣਗੇ ਕਿ ਸਾਨੂੰ ਪਤਾ ਹੀ ਨਹੀਂ ਲੱਗੇਗਾ।ਸਮੇਂ ਦੀ ਘਾਟ ਤਾਂ ਹਮੇਸ਼ਾ ਹੀ ਰਹਿੰਦੀ ਹੈ ਅਤੇ ਰਹੇਗੀ। ਫਿਰ ਵੀ ਜਿਸ ਤਰ੍ਹਾਂ ਅਸੀਂ ਆਪਣੀਆਂ ਪਾਰਟੀਆਂ ਤੇ ਕੰਮਾਂ ਲਈ ਸਮਾਂ ਕੱਢ ਹੀ ਲੈਂਦੇ ਹਾਂ, ਠੀਕ ਉਸੇ ਤਰ੍ਹਾਂ ਥੋੜ੍ਹਾ ਜਿਹਾ ਸਮਾਂ ਕੱਢ ਕੇ ਹੇਠ ਲਿਖੀਆਂ ਗੱਲਾਂ ਆਪਣੀ ਰੁਟੀਨ ਵਿਚ ਸ਼ਾਮਿਲ ਕਰ ਲਈਏ ਤਾਂ 80 ਸਾਲ ਦੀ ਉਮਰ 'ਚ ਵੀ ਕੋਈ ਇਹ ਸਵਾਲ ਪੁੱਛਣ ਤੋਂ ਨਹੀਂ ਝਿਜਕੇਗਾ ਕਿ 'ਤੁਹਾਡੀ ਚੰਗੀ ਸਿਹਤ ਦਾ ਰਾਜ਼ ਕੀ ਹੈ ?' ਕੁਝ ਇਸ ਤਰ੍ਹਾਂ ਕਰੋ ਆਪਣੇ ਦਿਨ ਦੀ ਸ਼ੁਰੂਆਤ :ਰੋਜ਼ਾਨਾ ਸਵੇਰੇ 10-20 ਮਿੰਟਾਂ ਲਈ ਖੁੱਲ੍ਹੀ ਹਵਾ 'ਚ ਜਾ ਕੇ ਜਾਗਿੰਗ ਕਰੋ ਜਾਂ 4-5 ਕਿਲੋਮੀਟਰ ਦੀ ਦੂਰੀ ਤੁਰ ਕੇ ਹੀ ਤੈਅ ਕਰੋ। ਇੰਝ ਕਰਨ ਨਾਲ ਤੁਹਾਡੇ ਮਨ ਤੇ ਸਰੀਰ, ਦੋਵਾਂ ਨੂੰ ਫਾਇਦਾ ਮਿਲੇਗਾ।ਸਰੀਰ ਵਿਚ ਆਈ ਜਕੜਨ ਕੁਝ ਪਲਾਂ ਦੀ ਕਸਰਤ ਨਾਲ ਦੂਰ ਹੋ ਜਾਂਦੀ ਹੈ ਅਤੇ ਮਾਸਪੇਸ਼ੀਆਂ ਖੁੱਲ੍ਹ ਜਾਂਦੀਆਂ ਹਨ।ਪੂਰੇ ਦਿਨ ਵਿਚ ਘੱਟੋ-ਘੱਟ 4-5 ਲਿਟਰ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ ਤਾਂ ਕਿ ਸਰੀਰ ਵਿਚ ਤਰਲਤਾ ਬਣੀ ਰਹੇ।



# ਇੰਝ ਬਣ ਸਕਦੇ ਹੋ ਖ਼ੂਬਸੂਰਤ

ਖੂਬਸੂਰਤੀ ਨੂੰ ਬਣਾਈ ਰੱਖਣ ਲਈ ਪਹਿਲਾ ਨਿਯਮ ਹੈ ਜੀਵਨ ਸ਼ੈਲੀ ਨੂੰ ਵਿਵਸਥਿਤ ਕਰਨਾ ਕਿਉਂਕਿ ਬਿਨਾਂ ਇਸਦੇ ਅੰਦਰੂਨੀ ਸਿਹਤ ਨਹੀਂ ਮਿਲ ਸਕਦੀ। ਸਿਹਤ ਦਾ ਸਿੱਧਾ ਸੰਬੰਧ ਖੂਬਸੂਰਤੀ ਨਾਲ ਹੈ।ਕੰਮਕਾਜੀ ਔਰਤਾਂ ਨੂੰ ਇੰਨਾ ਸਮਾਂ ਨਹੀਂ ਮਿਲਦਾ ਕਿ ਉਹ ਆਪਣੀ ਚਮੜੀ ਦੀ ਦੇਖਭਾਲ ਕਰ ਸਕਣ। ਇਸ ਲਈ ਉਨ੍ਹਾਂ ਨੂੰ ਆਪਣੇ ਪਰਸ ਵਿਚ ਹਮੇਸ਼ਾ ਫੇਸ ਵਾਸ਼ ਤੇ ਕਲੀਂਜਰ ਰੱਖਣਾ ਚਾਹੀਦਾ ਹੈ। ਜਦੋਂ ਵੀ ਕੰਮ ਦੇ ਪਲਾਂ 'ਚੋਂ ਥੋੜ੍ਹੀ ਵਿਹਲ ਮਿਲੇ, ਉਹ ਆਪਣਾ ਚਿਹਰਾ ਸਾਫ ਕਰ ਲੈਣ।ਆਯੁਰਵੈਦਿਕ ਬਲੱਡ ਪਿਓਰੀਫਾਇਰ ਫਾਇਦੇਮੰਦ ਹੁੰਦੇ ਹਨ ਅਤੇ ਚਮੜੀ ਦੀਆਂ ਅੰਦਰੂਨੀ ਤੇ ਬਾਹਰਲੀਆਂ ਸਮੱਸਿਆਵਾਂ ਲਈ ਰਾਮਬਾਣ ਸਾਬਤ ਹੁੰਦੇ ਹਨ। ਕੋਈ ਵੀ ਉਤਪਾਦ ਅਪਨਾਉਣ ਤੋਂ ਪਹਿਲਾਂ ਮਾਹਿਰ ਦੀ ਸਲਾਹ ਜ਼ਰੂਰ ਲਵੋ। ਪਾਣੀ ਜ਼ਿਆਦਾ ਪੀਓ। ਆਪਣੀ ਖੁਰਾਕ ਵਿਚ ਫਲਾਂ-ਸਬਜ਼ੀਆਂ ਦਾ ਜੂਸ ਵੀ ਸ਼ਾਮਿਲ ਕਰੋ। ਆਲੂ, ਟਮਾਟਰ ਤੇ ਪਪੀਤਾ ਕੱਦੂਕਸ ਕਰਕੇ ਚਿਹਰੇ 'ਤੇ ਲਗਾਓ। ਇਸ ਨਾਲ ਦਾਗ-ਧੱਬੇ ਦੂਰ ਹੁੰਦੇ ਹਨ। ਕਰੇਲੇ ਦਾ ਜੂਸ ਪੀਣ ਨਾਲ ਕਿਲ-ਮੁਹਾਸਿਆਂ ਤੋਂ ਛੁਟਕਾਰਾ ਮਿਲਦਾ ਹੈ ਅਤੇ ਖੂਨ ਸਾਫ ਹੁੰਦਾ ਹੈ।



ਕੇਸਰ ਵਾਲਾ ਦੁੱਧ ਪੀਣ ਨਾਲ ਨਾ ਸਿਰਫ ਖੂਨ ਸਾਫ ਹੁੰਦਾ ਹੈ, ਸਗੋਂ ਚਿਹਰਾ ਵੀ ਖਿੜਿਆ-ਖਿੜਿਆ, ਨਿਖਰਿਆ ਤੇ ਗੋਰਾ ਹੋ ਜਾਂਦਾ ਹੈ। ਧੁੱਪ 'ਚ ਜਾਣ ਵੇਲੇ ਸੂਤੀ ਕੱਪੜਾ ਜਾਂ ਟੋਪੀ ਜ਼ਰੂਰ ਪਹਿਨੋ। ਸੂਤੀ ਕੱਪੜੇ 'ਚ ਹਵਾ ਵੀ ਆ-ਜਾ ਸਕਦੀ ਹੈ। ਧੁੱਪ ਤੋਂ ਬਚਣ ਲਈ ਛਤਰੀ ਵੀ ਲਈ ਜਾ ਸਕਦੀ ਹੈ। ਚਮੜੀ ਦੀ ਖਾਰਿਸ਼, ਐਲਰਜੀ ਆਦਿ ਤੋਂ ਬਚਣ ਲਈ ਛੋਲਿਆਂ ਦੇ ਆਟੇ ਦਾ ਘੋਲ ਚਮੜੀ 'ਤੇ ਲਗਾਓ। ਵੇਸਣ ਵਿਚ ਮਲਾਈ, ਇਕ ਚੁਟਕੀ ਹਲਦੀ ਤੇ ਦਹੀਂ ਮਿਲਾ ਕੇ ਸਾਰੇ ਸਰੀਰ 'ਤੇ ਉਬਟਨ ਲਗਾਉਣ ਨਾਲ ਚਮੜੀ ਮੁਲਾਇਮ ਤੇ ਚਮਕਦਾਰ ਹੁੰਦੀ ਹੈ। ਪੁਦੀਨੇ ਵਿਚ ਨਿੰਬੂ ਦੇ ਰਸ ਦੀਆਂ ਕੁਝ ਬੂੰਦਾਂ ਪਾ ਕੇ ਮੁਹਾਸਿਆਂ 'ਤੇ ਲਗਾਓ, ਜਲਦੀ ਫਾਇਦਾ ਮਿਲਦਾ ਹੈ। ਕੱਚੇ ਦੁੱਧ ਤੇ ਦਹੀਂ ਨੂੰ ਸਰੀਰ 'ਤੇ ਮਲਣ ਨਾਲ ਚਮੜੀ ਸਾਫ ਹੁੰਦੀ ਹੈ ਅਤੇ ਚਮਕ ਆਉਂਦੀ ਹੈ। ਹਫਤੇ 'ਚ ਇਕ ਵਾਰ ਵਾਲਾਂ ਵਿਚ ਅੰਡਾ ਲਗਾ ਕੇ ਅੱਧੇ ਘੰਟੇ ਬਾਅਦ ਸ਼ੈਂਪੂ ਨਾਲ ਸਿਰ ਧੋਵੋ। ਵਾਲ ਚਮਕਦਾਰ ਹੋ ਜਾਣਗੇ। ਚਿੱਟੇ ਸਿਰਕੇ ਨਾਲ ਵਾਲ ਧੋਣ ਨਾਲ ਵਾਲਾਂ ਦੀ ਚਿਕਨਾਈ ਘੱਟ ਹੁੰਦੀ ਹੈ।

# ਚੰਗੀ ਸਿਹਤ ਲਈ

ਅਰੋਗ ਸਰੀਰ ਹਰ ਕਿਸੇ ਦੀ ਚਾਹਤ ਹੁੰਦਾ ਹੈ। ਇਸਨੂੰ ਹਾਸਲ ਕਰਨ ਲਈ ਸਾਨੂੰ ਖੁਦ ਹੀ ਕੋਸ਼ਿਸ਼ ਕਰਨੀ ਪਵੇਗੀ। ਜੇ ਅਸੀਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖੀਏ ਤਾਂ ਆਸ ਅਨੁਸਾਰ ਨਤੀਜੇ ਹਾਸਲ ਕਰ ਸਕਾਂਗੇ :

ਆਂਵਲੇ 'ਚ ਕੋਲੈਸਟ੍ਰੋਲ ਨੂੰ ਘਟਾਉਣ ਦਾ ਖਾਸ ਗੁਣ ਹੁੰਦਾ ਹੈ। ਇਸ ਲਈ ਰੋਜ਼ਾਨਾ ਤਾਜ਼ਾ ਆਂਵਲੇ ਖਾ ਕੇ ਦਿਲ ਦੀਆਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ।

ਸਰੀਰ ਦੀ ਕਮਜ਼ੋਰੀ ਦੂਰ ਕਰਨ ਅਤੇ ਨਵੀਂ ਚੁਸਤੀ-ਫੁਰਤੀ ਪੈਦਾ ਕਰਨ ਲਈ 2 ਮਹੀਨੇ ਤਕ ਖਾਲੀ ਪੇਟ 2-3 ਸੇਬ ਖਾ ਕੇ ਦੁੱਧ ਪੀਓ, ਫਿਰ ਫਰਕ ਦੇਖੋ।

ਬਲੱਡ ਪ੍ਰੈਸ਼ਰ ਵਧਣ ਦੀ ਸ਼ਿਕਾਇਤ ਹੋਵੇ ਤਾਂ ਰੋਜ਼ਾਨਾ ਸਵੇਰੇ ਖਾਲੀ ਪੇਟ ਪੱਕਿਆ ਪਪੀਤਾ ਖਾਓ।



ਰੋਜ਼ਾਨਾ ਸਵੇਰੇ ਇਕ ਗਲਾਸ ਪਾਣੀ ਵਿਚ ਸਿਰਕਾ ਪਾ ਕੇ ਪੀਣ ਨਾਲ ਮੋਟਾਪਾ ਦੂਰ ਹੁੰਦਾ ਹੈ। ਗਲੇ 'ਚ ਦਰਦ ਹੋਵੇ ਤਾਂ ਇਕ ਗਲਾਸ ਕੋਸੇ ਪਾਣੀ ਵਿਚ ਸਿਰਕਾ ਪਾ ਕੇ ਗਰਾਰੇ ਕਰਨ ਨਾਲ ਫਾਇਦਾ ਮਿਲਦਾ ਹੈ। ਵਾਲਾਂ ਨੂੰ ਸੁੰਦਰ, ਕਾਲੇ ਤੇ ਸੰਘਣੇ ਕਰਨ ਲਈ ਪਾਣੀ ਵਿਚ ਸਿਰਕਾ ਪਾ ਕੇ ਸਿਰ ਧੋਵੋ। ਇਸ ਨਾਲ ਸਿੱਕਰੀ ਵੀ ਦੂਰ ਹੋ ਜਾਵੇਗੀ।

✡ ਯਾਦ ਸ਼ਕਤੀ ਵਧਾਉਣ ਲਈ ਰੋਜ਼ਾਨਾ ਸਵੇਰੇ ਖਾਲੀ ਪੇਟ ਸੌਂਫ ਦਾ ਚੂਰਨ ਸ਼ਹਿਦ ਨਾਲ ਖਾਓ। ਇਸ ਤੋਂ ਇਲਾਵਾ ਸੋਇਆਬੀਨ ਨਾਲ ਬਣੀਆਂ ਚੀਜ਼ਾਂ ਖਾਣ ਨਾਲ ਵੀ ਯਾਦ ਸ਼ਕਤੀ ਵਧਦੀ ਹੈ।

ਪੀਸਿਆ ਹੋਇਆ ਜੀਰਾ ਮੱਖਣ 'ਚ ਮਿਲਾ ਕੇ ਖਾਣ ਨਾਲ ਅੱਖਾਂ ਦੀ ਕਮਜ਼ੋਰੀ ਦੂਰ ਹੁੰਦੀ ਹੈ।

ਛਾਈਆਂ, ਮੁਹਾਸਿਆਂ ਆਦਿ ਤੋਂ ਛੁਟਕਾਰੇ ਲਈ ਜੀਰੇ ਨੂੰ ਪਾਣੀ ਵਿਚ ਉਬਾਲ ਕੇ ਉਸ ਪਾਣੀ ਨਾਲ ਮੂੰਹ ਧੋਵੋ।

ਜ਼ਖਮਾਂ 'ਤੇ ਹਲਦੀ ਛਿੜਕਣ ਨਾਲ ਇਹ ਜਲਦੀ ਸੁੱਕ ਜਾਂਦੇ ਹਨ। ਇਸਨੂੰ ਖੰਡ ਨਾਲ ਖਾਣ ਨਾਲ ਸੱਟ ਤੇ ਮੋਚ ਦੀ ਦਰਦ ਠੀਕ ਹੁੰਦੀ ਹੈ।

ਕੋਸੇ ਪਾਣੀ ਵਿਚ ਹਲਦੀ ਤੇ ਫਟਕੜੀ ਮਿਲਾ ਕੇ ਗਰਾਰੇ ਕਰਨ ਨਾਲ ਗਲੇ ਦੀ ਖਰਾਸ਼ ਤੇ ਟਾਂਸਿਲ ਵੇਲੇ ਫਾਇਦਾ ਮਿਲਦਾ ਹੈ।

ਸਰੀਰ ਵਿਚ ਹਲਕਾਪਨ ਲਿਆਉਣ ਅਤੇ ਪਾਚਨ ਸ਼ਕਤੀ ਤੇ ਭੁੱਖ ਨੂੰ ਵਧਾਉਣ ਲਈ ਧਨੀਏ ਵਾਲੀ ਚਾਹ ਪੀਓ। 6 ਗ੍ਰਾਮ ਧਨੀਆ ਉਬਾਲ ਕੇ ਥੋੜ੍ਹੀ ਖੰਡ ਤੇ ਦੁੱਧ ਮਿਲਾ ਕੇ ਛਾਣ ਲਵੋ ਅਤੇ ਚਾਹ ਵਾਂਗ ਪੀਓ।

ਕੌਮੀ ਪੱਤ੍ਰਿਕਾ

## ਸੰਪਾਦਕੀ

# ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਅਤੇ ਕਿਸਾਨ ਅੰਦੋਲਨ

ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਅਤੇ ਕਈ ਹੋਰ ਮੰਗਾਂ ਨੂੰ ਲੈ ਕੇ ਕਾਫ਼ੀ ਅਰਸੇ ਤੋਂ ਜੱਦੋ-ਜਹਿਦ ਕਰ ਰਹੀਆਂ ਹਨ। ਕਿਸਾਨ ਜਥੇਬੰਦੀਆਂ ਦੇ ਦੋ ਮੋਰਚਿਆਂ ਵੱਲੋਂ ਸਾਂਝੇ ਰੂਪ ਵਿੱਚ 'ਦਿੱਲੀ ਚੱਲੋ' ਸੱਦੇ ਤਹਿਤ ਪਿਛਲੇ ਕਰੀਬ 11 ਮਹੀਨਿਆਂ ਤੋਂ ਹਰਿਆਣਾ ਦੀ ਹੱਦ 'ਤੇ ਪੈਂਦੇ ਸ਼ੰਭੂ ਅਤੇ ਖਨੌਰੀ ਬੈਰੀਅਰਾਂ ਉੱਪਰ ਮੋਰਚੇ ਵਿੱਢੇ ਹੋਏ ਹਨ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਇੱਕ ਮਹੀਨੇ ਤੋਂ ਮਰਨ ਵਰਤ 'ਤੇ ਹਨ; ਮੈਡੀਕਲ ਮਾਹਿਰਾਂ ਮੁਤਾਬਿਕ, ਉਨ੍ਹਾਂ ਦੀ ਸਿਹਤ ਬਹੁਤ ਨਾਜ਼ੁਕ ਬਣ ਗਈ ਹੈ। ਦੂਜੇ ਪਾਸੇ, ਸ਼ੰਭੂ ਮੋਰਚੇ ਤੋਂ ਕਿਸਾਨਾਂ ਦੇ ਪੈਦਲ ਜਥੇ ਭੇਜਣ ਦੀਆਂ ਦੋ-ਤਿੰਨ ਕੋਸ਼ਿਸ਼ਾਂ ਸਫਲ ਨਾ ਹੋ ਸਕੀਆਂ ਜਿਨ੍ਹਾਂ ਉੱਪਰ ਹਰਿਆਣਾ ਪੁਲੀਸ ਅਤੇ ਕੇਂਦਰੀ ਦਸਤਿਆਂ ਵੱਲੋਂ ਅੱਥਰੂ ਗੈਸ ਅਤੇ ਪੈਲੇਟ ਗੰਨਾਂ ਦੀਆਂ ਬੁਛਾੜਾਂ ਕਾਰਨ ਦੋ ਦਰਜਨ ਤੋਂ ਵੱਧ ਕਿਸਾਨ ਜ਼ਖ਼ਮੀ ਹੋ ਗਏ ਸਨ।

ਇਸ ਦੌਰਾਨ ਪਿਛਲੇ ਕਈ ਦਿਨਾਂ ਤੋਂ ਪੰਜਾਬ ਭਰ ਤੋਂ ਕਿਸਾਨ ਅਤੇ ਹੋਰਨਾਂ ਤਬਕਿਆਂ ਦੇ ਲੋਕ ਖਨੌਰੀ ਨੇੜਲੇ ਢਾਬੀ ਗੁੱਜਰਾਂ ਮੋਰਚੇ ਵਿੱਚ ਪਹੁੰਚ ਕੇ ਡੱਲੇਵਾਲ ਨਾਲ ਹਮਦਰਦੀ ਜ਼ਾਹਿਰ ਕਰ ਰਹੇ ਹਨ। ਕੱਲ੍ਹ ਆਮ ਆਦਮੀ ਪਾਰਟੀ ਦੇ ਸੂਬਾਈ ਪ੍ਰਧਾਨ ਅਮਨ ਅਰੋੜਾ ਦੀ ਅਗਵਾਈ ਹੇਠ ਵਫ਼ਦ ਨੇ ਡੱਲੇਵਾਲ ਨਾਲ ਮੁਲਾਕਾਤ ਕਰ ਕੇ ਜਿੱਥੇ ਕਿਸਾਨ ਮੰਗਾਂ ਨਾਲ ਸਹਿਮਤੀ ਪ੍ਰਗਟਾਈ, ਉੱਥੇ ਡੱਲੇਵਾਲ ਨੂੰ ਅਪੀਲ ਕੀਤੀ ਕਿ ਉਹ ਲੋੜੀਂਦੀ ਮੈਡੀਕਲ ਸਹਾਇਤਾ ਲੈ ਕੇ ਆਪਣਾ ਸੰਘਰਸ਼ ਜਾਰੀ ਰੱਖ ਸਕਦੇ ਹਨ। ਇਸ ਵਫ਼ਦ ਵਿੱਚ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਬਰਿੰਦਰ ਕੁਮਾਰ ਗੋਇਲ, ਹਰਦੀਪ ਸਿੰਘ ਮੁੰਡੀਆਂ, ਤਰਨਪ੍ਰੀਤ ਸਿੰਘ ਸੌਂਦ, ਲਾਲਜੀਤ ਸਿੰਘ ਭੁੱਲਰ ਆਦਿ ਸ਼ਾਮਿਲ ਸਨ। ਰਿਪੋਰਟਾਂ ਮੁਤਾਬਿਕ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਨੇ ਪੰਜਾਬ ਸਰਕਾਰ ਦੇ ਨੁਮਾਇੰਦਿਆਂ ਨੂੰ ਜਵਾਬ ਦਿੱਤਾ ਕਿ ਜੇ ਪੰਜਾਬ ਸਰਕਾਰ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਸ਼ੁਰੂ ਕਰਨ ਲਈ ਐਨਾ ਜ਼ੋਰ ਕੇਂਦਰ 'ਤੇ ਪਾਉਂਦੀ ਤਾਂ ਸ਼ਾਇਦ ਇਸ ਕੋਈ ਨਤੀਜਾ ਸਾਹਮਣੇ ਆ ਸਕਦਾ ਸੀ।

ਉਧਰ, ਸੰਯੁਕਤ ਕਿਸਾਨ ਮੋਰਚੇ ਵੱਲੋਂ ਵਡੇਰੀ ਏਕਤਾ ਸਿਰਜਣ ਲਈ ਕਾਇਮ ਕਮੇਟੀ ਨੇ ਸਾਂਝੀਆਂ ਮੀਟਿੰਗਾਂ ਕੀਤੀਆਂ ਹਨ ਪਰ ਅਜੇ ਤੱਕ ਕੋਈ ਠੋਸ ਪ੍ਰਗਤੀ ਨਹੀਂ ਹੋ ਸਕੀ। ਸ਼ੰਭੂ ਮੋਰਚੇ ਦੀ ਅਗਵਾਈ ਕਰ ਰਹੇ ਕਿਸਾਨ ਮਜ਼ਦੂਰ ਮੋਰਚੇ ਦੇ ਸਰਵਣ ਸਿੰਘ ਪੰਧੇਰ ਵੱਲੋਂ ਐੱਸਕੇਐੱਮ ਦੇ ਆਗੂਆਂ ਨੂੰ ਚਿੱਠੀ ਲਿਖਣ ਤੋਂ ਬਾਅਦ ਇਹ ਕਵਾਇਦ ਸ਼ੁਰੂ ਹੋਈ ਸੀ ਪਰ ਇਸ ਮੰਤਵ ਲਈ ਬੁਲਾਈ ਪਹਿਲੀ ਮੀਟਿੰਗ ਵਿਚ ਡੱਲੇਵਾਲ ਦੀ ਅਗਵਾਈ ਹੇਠਲੇ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਦਾ ਕੋਈ ਨੁਮਾਇੰਦਾ ਸ਼ਾਮਿਲ ਨਹੀਂ ਹੋਇਆ। ਪੰਜਾਬ ਦੀ ਕਿਸਾਨੀ ਅੰਦਰ ਪਿਛਲੇ ਲੰਮੇ ਸਮੇਂ ਤੋਂ ਇਹ ਅਹਿਸਾਸ ਹੈ ਕਿ ਕੇਂਦਰ ਤੋਂ ਕਿਸਾਨਾਂ ਦੀਆਂ ਮੰਗਾਂ ਮਨਵਾਉਣ ਲਈ 2020-21 ਵਾਲੇ ਕਿਸਾਨ ਅੰਦੋਲਨ ਦੀ ਤਰਜ਼ 'ਤੇ ਹੀ ਸੰਯੁਕਤ ਕਿਸਾਨ ਮੋਰਚੇ ਨੂੰ ਪੂਰੀ ਤਰ੍ਹਾਂ ਇੱਕਜੁੱਟ ਹੋ ਕੇ ਅੰਦੋਲਨ ਵਿੱਢਣਾ ਪਵੇਗਾ, ਜਾਂ ਇਸ ਲਈ ਵੱਖ-ਵੱਖ ਮੋਰਚਿਆਂ ਦਰਮਿਆਨ ਕਾਰਗਰ ਤਾਲਮੇਲ ਬਿਠਾਉਣਾ ਪਵੇਗਾ। ਇਸ ਸਬੰਧ ਵਿੱਚ ਮੰਗਾਂ ਨੂੰ ਲੈ ਕੇ ਕੋਈ ਮਤਭੇਦ ਨਹੀਂ ਅਤੇ ਨਾ ਹੀ ਕਿਸਾਨਾਂ ਦੇ ਮਨੋਬਲ ਵਿੱਚ ਕੋਈ ਕਮੀ ਆਈ ਹੈ ਸਗੋਂ ਕਿਸਾਨ ਆਗੂਆਂ ਦੇ ਮਨਾਂ ਵਿੱਚ ਫ਼ਰਕ ਨਜ਼ਰ ਆ ਰਹੇ ਹਨ। ਸਤਹੀ ਤੌਰ 'ਤੇ ਹਰ ਕਿਸਾਨ ਜਥੇਬੰਦੀ ਅਤੇ ਹਰੇਕ ਆਗੂ ਵੱਲੋਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਹ ਏਕਤਾ ਲਈ ਵਚਨਬੱਧ ਹਨ ਪਰ ਥੋੜ੍ਹਾ ਜਿਹਾ ਕੁਰੇਦਣ 'ਤੇ ਹੀ ਉਨ੍ਹਾਂ ਅੰਦਰੋਂ ਇੱਕ ਦੂਜੇ ਪ੍ਰਤੀ ਬੇਵਿਸਾਹੀ ਸਾਹਮਣੇ ਆ ਜਾਂਦੀ ਹੈ। ਫੌਰੀ ਤੌਰ 'ਤੇ ਇਹੀ ਦਿੱਕਤ ਬਣੀ ਹੋਈ ਜਾਪਦੀ ਹੈ ਜਿਸ ਨੂੰ ਸਰ ਕੀਤਾ ਜਾ ਸਕਦਾ ਹੈ ਅਤੇ ਕੀਤਾ ਜਾਣਾ ਵੀ ਚਾਹੀਦਾ ਹੈ।

# ਕ੍ਰਿਸਮਸ ਦਾ ਪ੍ਰੋਗਰਾਮ ਬੜੀ ਧੂਮਧਾਮ ਨਾਲ ਮਨਾਇਆ ਗਿਆ



**ਚੰਡੀਗੜ੍ਹ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਸਟਰ ਰੌਬਰਟ ਖੋਸਲਾ ਅਤੇ ਪਾਸਟਰ ਯਾਸਮੀਨ ਨੇ ਦੱਸਿਆ ਪੀਸਮੇਕਰਜ਼ ਫਾਊਂਡੇਸ਼ਨ ਚਰਚ ਵਿੱਚ ਕ੍ਰਿਸਮਸ ਦਾ ਪ੍ਰੋਗਰਾਮ ਬੜੀ ਧੂਮਧਾਮ ਨਾਲ ਮਨਾਇਆ ਗਿਆ ਅਤੇ ਪ੍ਰਭੂ ਯਿਸੂ ਮਸੀਹ ਦੇ ਜਨਮ ਦਿਨ ਮੌਕੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ.

ਇਹ ਪ੍ਰੋਗਰਾਮ ਸਿੰਘਾ ਦੇਵੀ ਕਲੋਨੀ ਦੀ ਸ਼ਿਵਾਲਿਕ ਪਹਾੜੀਆਂ ਵਿੱਚ ਸਥਿਤ ਇਸ ਚਰਚ ਵਿੱਚ ਸਵੇਰੇ 10:00 ਵਜੇ ਤੋਂ ਸ਼ੁਰੂ ਹੋ ਕੇ 4:00 ਵਜੇ ਤੱਕ ਚੱਲਿਆ ਅਤੇ ਕ੍ਰਿਸਮਸ ਦੀ ਪ੍ਰਾਰਥਨਾ ਵਿੱਚ 450 ਤੋਂ ਵੱਧ ਲੋਕਾਂ ਨੇ ਹਿੱਸਾ ਲਿਆ ਅਤੇ ਹਰ ਕੋਈ ਬਹੁਤ ਖੁਸ਼ ਸੀ। ਕ੍ਰਿਸਮਿਸ ਦਾ ਪ੍ਰੋਗਰਾਮ ਬੜੇ ਉਤਸ਼ਾਹ ਨਾਲ ਮਨਾਇਆ ਗਿਆ।

ਇਸ ਪ੍ਰੋਗਰਾਮ ਵਿੱਚ ਪਾਸਟਰ ਰੌਬਰਟ ਖੋਸਲਾ ਅਤੇ ਪਾਸਟਰ ਯਾਸਮੀਨ ਨੇ ਦੱਸਿਆ ਕਿ ਪ੍ਰਭੂ ਯਿਸੂ ਦਾ ਜਨਮ ਸਮੁੱਚੀ ਦੁਨੀਆਂ ਨੂੰ ਬਚਾਉਣ ਅਤੇ ਸ਼ਾਂਤੀ ਦੇਣ ਲਈ ਇੱਕ ਵੱਡੀ ਖੁਸ਼ਖਬਰੀ ਹੈ। ਇਹ ਤਿਉਹਾਰ ਪੂਰੀ ਦੁਨੀਆ ਵਿੱਚ ਬਹੁਤ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ।

ਇਸ ਪ੍ਰੋਗਰਾਮ ਵਿੱਚ ਬੱਚਿਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ।

ਪ੍ਰਭੂ ਦੇ ਸੇਵਕ ਪਾਸਟਰ ਇਸਹਾਕ ਦੱਤਾ ਆਪਣੇ ਪਰਿਵਾਰ ਸਮੇਤ ਕ੍ਰਿਸਮਸ ਦੇ ਜਸ਼ਨ ਵਿੱਚ ਮੁੱਖ ਬੁਲਾਰੇ ਵਜੋਂ ਆਏ ਅਤੇ ਇਹ ਵੀ ਪ੍ਰਚਾਰ ਕੀਤਾ ਕਿ ਯਿਸੂ ਮਸੀਹ ਸ਼ਾਂਤੀ ਦਾ ਰਾਜਕੁਮਾਰ ਹੈ ਅਤੇ ਸ਼ਕਤੀਸ਼ਾਲੀ ਕੰਮ ਕਰਦਾ ਹੈ। ਪਾਦਰੀ ਯਾਸਮੀਨ ਨੇ ਕ੍ਰਿਸਮਿਸ ਦੇ ਵੱਡੇ ਦਿਨ 'ਤੇ ਸਾਰਿਆਂ ਨੂੰ ਵਧਾਈ ਦਿੱਤੀ। ਛੋਟੇ ਬੱਚਿਆਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਡਾਂਸ ਪ੍ਰੋਗਰਾਮ ਪੇਸ਼ ਕੀਤੇ ਗਏ, ਖਾਸ ਕਰਕੇ ਪੰਜਾਬੀ ਭੰਗੜਾ, ਹਰਿਆਣਵੀ ਡਾਂਸ, ਹਿਮਾਚਲੀ ਡਾਂਸ, ਰਾਜਸਥਾਨੀ ਡਾਂਸ ਅਤੇ ਹੋਰ। ਸਾਰਿਆਂ ਨੇ ਦੇਸ਼ ਦੀ ਏਕਤਾ ਅਤੇ ਵਿਸ਼ਵ ਸ਼ਾਂਤੀ ਲਈ ਅਰਦਾਸ ਕੀਤੀ ਅਤੇ ਕ੍ਰਿਸਮਿਸ ਨੱਚ-ਗਾ ਕੇ ਬੜੇ ਉਤਸ਼ਾਹ ਨਾਲ ਮਨਾਇਆ। ਪ੍ਰੋਗਰਾਮ ਦੀ ਅਗਵਾਈ ਪਾਸਟਰ ਅਸ਼ੀਸ਼ ਕੁਮਾਰ ਨੇ ਕੀਤੀ।

ਪ੍ਰੋਗਰਾਮ ਦੇ ਅੰਤ ਵਿੱਚ, ਸਾਰਿਆਂ ਲਈ ਇੱਕ ਵਿਸ਼ੇਸ਼ ਕ੍ਰਿਸਮਿਸ ਭੋਜਨ ਦਾ ਪ੍ਰਬੰਧ ਕੀਤਾ ਗਿਆ ਸੀ। ਇਸ ਮੌਕੇ ਪਾਸਟਰ ਰੌਬਰਟ ਖੋਸਲਾ ਅਤੇ ਪਾਸਟਰ ਯਾਸਮੀਨ, ਅਸ਼ੀਸ਼ ਕੁਮਾਰ, ਡੇਵਿਡ ਟੋਨੀ, ਜਸਬੀਰ ਖੋਸਲਾ, ਪ੍ਰੇਮ, ਅਮਿਤ, ਤਰੁਣ, ਲਾਰੈਂਸ, ਨੀਰਜ, ਅਰੁਣ, ਸੁਮਿਤ, ਲੱਕੀ, ਸੈਮੂਅਲ, ਅੰਗਰੇਜ਼, ਹੈਪੀ, ਸੂਰਜ, ਸੰਦੀਪ, ਅੰਜੂ, ਧਰਮਵੀਰ ਆਦਿ ਹਾਜ਼ਰ ਸਨ ।

# ਆਮਦਨ ਕਰ ਵਿਭਾਗ ਨੇ ਜ਼ੀਰਕਪੁਰ ਵਿੱਚ ਸੁਸ਼ਮਾ ਗਰੁੱਪ ਦੇ ਰਿਹਾਇਸ਼ੀ ਅਤੇ ਵਪਾਰਕ ਪ੍ਰੋਜੈਕਟਾਂ ਤੇ ਕੀਤੀ ਰੇਡ




**ਜ਼ੀਰਕਪੁਰ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੀ ਸਵੇਰੇ ਆਮਦਨ ਕਰ ਵਿਭਾਗ ਨੇ ਜ਼ੀਰਕਪੁਰ 'ਚ ਸੁਸ਼ਮਾ ਗਰੁੱਪ ਦੇ ਸਾਰੇ ਰਿਹਾਇਸ਼ੀ ਅਤੇ ਵਪਾਰਕ ਪ੍ਰੋਜੈਕਟਾਂ 'ਤੇ ਛਾਪੇਮਾਰੀ ਕੀਤੀ। ਸਵੇਰੇ 6 ਵਜੇ ਸ਼ੁਰੂ ਹੋਈ ਛਾਪੇਮਾਰੀ ਸੀਆਰਪੀਐਫ ਦੇ ਜਵਾਨਾਂ ਦੀ ਮੌਜੂਦਗੀ ਵਿੱਚ ਕੀਤੀ ਗਈ। ਸੁਸ਼ਮਾ ਗਰੁੱਪ, ਇੱਕ ਮਸ਼ਹੂਰ ਰੀਅਲ ਅਸਟੇਟ ਡਿਵੈਲਪਰ, ਦੇ ਜ਼ੀਰਕਪੁਰ ਵਿੱਚ ਕਈ ਪ੍ਰੋਜੈਕਟ ਹਨ, ਜਿਨ੍ਹਾਂ ਵਿੱਚ ਸੁਸ਼ਮਾ ਕੈਪੀਟਲ, ਸੁਸ਼ਮਾ ਗ੍ਰੀਨ ਵਿਸਟਾ, ਸੁਸ਼ਮਾ ਇਨਫਿਨਿਅਮ, ਸੁਸ਼ਮਾ ਡਾਊਨਟਾਊਨ, ਸੁਸ਼ਮਾ ਮੈਟਰੋਪੋਲ, ਸੁਸ਼ਮਾ ਮਾਈਲਸਟੋਨ ਕਰਾਸ, ਸੁਸ਼ਮਾ ਬੇਲੇਜ਼ਾ, ਸੁਸ਼ਮਾ ਕ੍ਰੇਸੈਂਟ, ਅਤੇ ਹੋਰ ਪ੍ਰੋਜੈਕਟ ਸ਼ਾਮਲ ਹਨ। ਸੁਸ਼ਮਾ ਗਰੁੱਪ ਦੇ ਪ੍ਰੋਜੈਕਟਾਂ 'ਤੇ ਇਨਕਮ ਟੈਕਸ ਵਿਭਾਗ ਦੀ ਛਾਪੇਮਾਰੀ ਨੇ ਰੀਅਲ ਅਸਟੇਟ ਇੰਡਸਟਰੀ 'ਚ ਹਲਚਲ ਮਚਾ ਦਿੱਤੀ ਹੈ। ਵਿਭਾਗ ਨੇ ਹਾਲੇ ਤੱਕ ਛਾਪੇਮਾਰੀ ਦੇ ਕਾਰਨਾਂ ਬਾਰੇ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਹੈ। ਹਾਲਾਂਕਿ, ਸੂਤਰਾਂ ਦਾ ਕਹਿਣਾ ਹੈ ਕਿ ਇਹ ਸਮੂਹ ਦੁਆਰਾ ਕਥਿਤ ਟੈਕਸ ਚੋਰੀ ਨਾਲ ਸਬੰਧਤ ਹੋ ਸਕਦਾ ਹੈ। ਛਾਪੇਮਾਰੀ ਦੌਰਾਨ ਸਥਾਨਕ ਪੁਲਿਸ ਨੂੰ ਮਾਮਲੇ ਤੋਂ ਦੂਰ ਰੱਖਿਆ ਗਿਆ। ਸੁਸ਼ਮਾ ਗਰੁੱਪ ਜ਼ੀਰਕਪੁਰ ਵਿੱਚ ਆਪਣੇ ਆਲੀਸ਼ਾਨ ਅਤੇ ਉੱਚ ਪੱਧਰੀ ਰਿਹਾਇਸ਼ੀ ਅਤੇ ਵਪਾਰਕ ਪ੍ਰੋਜੈਕਟਾਂ ਲਈ ਜਾਣਿਆ ਜਾਂਦਾ ਹੈ। ਇਹ ਸਮੂਹ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਰੀਅਲ ਅਸਟੇਟ ਕਾਰੋਬਾਰ ਵਿੱਚ ਹੈ ਅਤੇ ਗੁਣਵੱਤਾ ਵਾਲੇ ਪ੍ਰੋਜੈਕਟਾਂ ਨੂੰ ਪ੍ਰਦਾਨ ਕਰਨ ਲਈ ਨਾਮਣਾ ਖੱਟਿਆ ਹੈ। ਛਾਪੇਮਾਰੀ ਦੀ ਖਬਰ ਨਾਲ ਪ੍ਰਾਪਰਟੀ ਬਜ਼ਾਰ ਵਿੱਚ ਤਹਿਲਕਾ ਮਚਾ ਦਿੱਤਾ ਹੈ। ਜ਼ੀਰਕਪੁਰ 'ਚ ਸੁਸ਼ਮਾ ਗਰੁੱਪ ਦੇ ਪ੍ਰੋਜੈਕਟਾਂ 'ਤੇ ਇਨਕਮ ਟੈਕਸ ਵਿਭਾਗ ਦੀ ਛਾਪੇਮਾਰੀ ਨੇ ਰੀਅਲ ਅਸਟੇਟ ਬਾਜ਼ਾਰ 'ਚ ਖਲਬਲੀ ਮਚਾ ਦਿੱਤੀ ਹੈ ਫਿਲਹਾਲ, ਸਮੂਹ ਸਮੂਹ ਨੇ ਛਾਪੇਮਾਰੀ ਬਾਰੇ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਹੈ। ਆਮਦਨ ਕਰ ਵਿਭਾਗ ਵੱਲੋਂ ਆਉਣ ਵਾਲੇ ਦਿਨਾਂ ਵਿੱਚ ਹੋਰ ਜਾਣਕਾਰੀ ਜਾਰੀ ਕਰਨ ਦੀ ਉਮੀਦ ਹੈ।

# ਨਗਰ ਕੌਂਸਲ ਵੱਲੋਂ ਦੋ ਨਾਜਾਇਜ਼ ਦੁਕਾਨਾਂ ਸੀਲ

**ਜ਼ੀਰਕਪੁਰ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਨਗਰ ਕੌਂਸਲ ਜ਼ੀਰਕਪੁਰ ਵੱਲੋਂ ਨਾਜਾਇਜ਼ ਉਸਾਰੀਆਂ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਰਵੱਈਆ ਅਪਣਾਇਆ ਜਾ ਰਿਹਾ ਹੈ। ਬੀਤੇ ਹਫ਼ਤੇ ਨਗਰ ਕੌਂਸਲ ਵੱਲੋਂ ਵੀਆਈਪੀ ਸੜਕ 'ਤੇ ਸਥਿਤ ਛੇ ਨਾਜਾਇਜ਼ ਇਮਾਰਤਾਂ ਨੂੰ ਸੀਲ ਕੀਤਾ ਸੀ ਜਦਕਿ ਵੀਰਵਾਰ ਨੂੰ ਪੀਰਮੁਛੱਲਾ ਖੇਤਰ ਵਿਖੇ ਦੋ ਨਾਜਾਇਜ਼ ਦੁਕਾਨਾਂ ਨੂੰ ਸੀਲ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਨਗਰ ਕੌਂਸਲ ਜ਼ੀਰਕਪੁਰ ਦੇ ਏਟੀਪੀ ਸਰਬਜੀਤ ਸਿੰਘ ਨੇ ਦੱਸਿਆ ਕਿ ਇਸ ਕਾਰਵਾਈ ਦੌਰਾਨ ਪੀਰਮੁਛੱਲਾ ਖੇਤਰ ਦੇ ਰਹਿਮਤ ਹੋਮਜ਼ ਵਿਖੇ ਪਲਾਟ ਨੰਬਰ 46 ਅਤੇ 48 ਵਿਖੇ ਪਾਰਕਿੰਗ ਏਰੀਆ 'ਚ ਦੁਕਾਨਾਂ ਬਣਾਈਆਂ ਗਈਆਂ ਸਨ। ਜਿਨ੍ਹਾਂ ਨੂੰ ਨਗਰ ਕੌਂਸਲ ਵੱਲੋਂ ਕਈ ਨੋਟਿਸ ਜਾਰੀ ਕੀਤੇ ਗਏ ਪਰ ਉਸਾਰੀ ਕਰਤਾਵਾਂ ਵੱਲੋਂ ਨਗਰ ਕੌਂਸਲ ਦੇ ਨੋਟਿਸਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ ਅਤੇ ਉਸਾਰੀ ਦਾ ਕੰਮ ਜਾਰੀ ਰੱਖਿਆ। ਜਿਸ 'ਤੇ ਕਾਰਵਾਈ ਨਗਰ ਕੌਂਸਲ ਦੇ ਕਾਰਜ ਸਾਧਕ ਅਫ਼ਸਰ ਅਸ਼ੋਕ ਪਥਰੀਆ ਵੱਲੋਂ ਇਨ੍ਹਾਂ ਦੋਵੇਂ ਦੁਕਾਨਾਂ ਨੂੰ ਸੀਲ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ। ਏਟੀਪੀ ਨੇ ਦੱਸਿਆ ਕਿ ਦੋਵੇਂ ਨਾਜਾਇਜ਼ ਦੁਕਾਨਾਂ ਨੂੰ ਸੀਲ ਕਰ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਖੇਤਰ ਵਿੱਚ ਨਾਜਾਇਜ਼ ਉਸਾਰੀਆਂ ਕਰਨ ਵਾਲਿਆਂ ਖ਼ਿਲਾਫ਼ ਨਗਰ ਕੌਂਸਲ ਵੱਲੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਲਿਸਟ ਤਿਆਰ ਹੋ ਚੁੱਕੀ ਹੈ ਅਤੇ ਵਾਰੀ ਅਨੁਸਾਰ ਸਾਰੀਆਂ ਨਾਜਾਇਜ਼ ਉਸਾਰੀਆਂ ਖ਼ਿਲਾਫ਼ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਨਾਜਾਇਜ਼ ਉਸਾਰੀਆਂ ਕਰਨ ਵਾਲੇ ਨਗਰ ਕੌਂਸਲ ਵੱਲੋਂ ਜਾਰੀ ਨੋਟਿਸਾਂ ਨੂੰ ਗੰਭੀਰਤਾ ਨਾਲ ਲੈਣ ਨਹੀਂ ਤਾਂ ਭਵਿੱਖ ਵਿੱਚ ਉਹ ਕਾਰਵਾਈ ਲਈ ਤਿਆਰ ਰਹਿਣ।

ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਸਾਰੀ ਨਕਸ਼ੇ ਅਨੁਸਾਰ ਹੀ ਕੀਤੀ ਜਾਵੇ। ਜੇਕਰ ਨਕਸ਼ੇ ਦੇ ਉਲਟ ਉਸਾਰੀ ਕੀਤੀ ਗਈ ਤਾਂ ਅਜਿਹੇ ਉਸਾਰੀ ਕਰਵਾਤਾਵਾਂ ਨੂੰ ਨਗਰ ਕੌਂਸਲ ਵੱਲੋਂ ਐੱਨਓਸੀ ਜਾਰੀ ਨਹੀਂ ਕੀਤੀ ਜਾਵੇਗੀ।

# ਨਵੇਂ ਥਾਣਾ ਇੰਚਾਰਜ ਇੰਸਪੈਕਟਰ ਗੁਰਮੇਹਰ ਸਿੰਘ ਸਿੱਧੂ ਨੇ ਨਵਾਂਗਾਓਂ ਥਾਣੇ ਦੇ ਇੰਚਾਰਜ ਦਾ ਚਾਰਜ ਸੰਭਾਲ ਲਿਆ

**ਚੰਡੀਗੜ੍ਹ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸਥਾਨਕ ਨਵਾਂਗਾਓਂ ਦੇ ਨਵੇਂ ਥਾਣਾ ਇੰਚਾਰਜ ਇੰਸਪੈਕਟਰ ਗੁਰਮੇਹਰ ਸਿੰਘ ਸਿੱਧੂ ਨੇ ਨਵਾਂਗਾਓਂ ਦੇ ਨਵੇਂ ਥਾਣਾ ਇੰਚਾਰਜ ਵਜੋਂ ਅਹੁਦਾ ਸੰਭਾਲ ਲਿਆ ਹੈ। ਇਸ ਤੋਂ ਪਹਿਲਾਂ ਇੰਸਪੈਕਟਰ ਗੁਰਮੇਹਰ ਸਿੰਘ ਸਿੱਧੂ ਮੋਹਾਲੀ ਦੇ ਸਾਈਬਰ ਸੈੱਲ ਥਾਣੇ ਵਿਚ ਤਾਇਨਾਤ ਸਨ ਅਤੇ ਇੰਸਪੈਕਟਰ ਜੈਦੀਪ ਜਾਖੜ ਪਹਿਲਾਂ ਨਵਾਂਗਾਓਂ ਥਾਣੇ ਦੇ ਇੰਚਾਰਜ ਸਨ, ਹੁਣ ਉਨ੍ਹਾਂ ਨੂੰ ਮੁਹਾਲੀ ਦੇ ਸਾਈਬਰ ਸੈੱਲ ਥਾਣੇ ਦਾ ਇੰਚਾਰਜ ਬਣਾਇਆ ਗਿਆ ਹੈ । . ਇਸ ਸਬੰਧੀ ਥਾਣਾ ਸਦਰ ਦੇ ਨਵੇਂ ਇੰਚਾਰਜ ਇੰਸਪੈਕਟਰ ਗੁਰਮੇਹਰ ਸਿੰਘ ਸਿੱਧੂ ਨੇ ਪ੍ਰੈਸ ਕਾਨਫਰੰਸ ਕਰਕੇ ਕਿਹਾ ਕਿ ਮੁਹਾਲੀ ਜ਼ਿਲ੍ਹੇ ਦੇ ਐਸ.ਐਸ.ਪੀ ਦੀਪਕ ਪਾਰਿਖ ਵੱਲੋਂ ਨਸ਼ਾ ਵੇਚਣ ਵਾਲਿਆਂ ਅਤੇ ਨਸ਼ਾ ਕਰਨ ਵਾਲਿਆਂ ਵਿਰੁੱਧ ਸ਼ਿਕੰਜਾ ਕੱਸ ਕੇ ਚਲਾਈ ਗਈ ਨਸ਼ਾ ਵਿਰੋਧੀ ਮੁਹਿੰਮ ਤਹਿਤ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਇਸ ਦੇ ਨਾਲ ਹੀ ਦੱਸਿਆ ਗਿਆ ਕਿ ਕਾਨੂੰਨ ਵਿਵਸਥਾ ਦੇ ਮੱਦੇਨਜ਼ਰ ਨਵਾਂਗਾਓਂ ਦੇ ਸਾਰੇ ਮਕਾਨ ਮਾਲਕਾਂ, ਦੁਕਾਨਦਾਰਾਂ, ਹੋਟਲ ਮਾਲਕਾਂ ਅਤੇ ਪੇਇੰਗ ਗੈਸਟ ਮਾਲਕਾਂ ਨੂੰ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਜੇਕਰ ਕੋਈ ਨੌਕਰ, ਕਿਰਾਏਦਾਰ ਜਾਂ ਕੋਈ ਵੀ ਮਹਿਮਾਨ ਉਨ੍ਹਾਂ ਕੋਲ ਠਹਿਰਨ ਲਈ ਆਉਂਦਾ ਹੈ ਤਾਂ ਉਸ ਬਾਰੇ ਪੂਰੀ ਜਾਣਕਾਰੀ ਨਯਾਗਾਓਂ ਥਾਣੇ ਨੂੰ ਦੇਣਾ ਪਵੇਗਾ, ਅਤੇ ਕੋਈ ਵੀ ਵਿਅਕਤੀ ਮੈਰਿਜ ਪੈਲੇਸਾਂ ਵਿੱਚ ਕੋਈ ਵੀ ਹਥਿਆਰ ਨਹੀਂ ਲੈ ਕੇ ਆਵੇਗਾ ਅਤੇ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਲਾਊਡ ਸਪੀਕਰ ਨਹੀਂ ਵਜਾਏ ਜਾਣਗੇ।

ਇਸ ਵਿਚ ਵੀ ਧਾਰਮਿਕ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਇਕੱਠ ਲਈ ਆਵਾਜ਼ ਦੀ ਇਜਾਜ਼ਤ ਲੈਣੀ ਲਾਜ਼ਮੀ ਹੈ ਅਤੇ ਲਾਊਡ ਸਪੀਕਰਾਂ ਦੀ ਆਵਾਜ਼ ਘੱਟ ਰੱਖਣ ਦੀਆਂ ਹਦਾਇਤਾਂ ਵੀ ਦਿੱਤੀਆਂ ਗਈਆਂ ਹਨ ਤਾਂ ਜੋ ਕਿਸੇ ਵੀ ਆਂਢੀ-ਗੁਆਂਢੀ ਜਾਂ ਬੱਚਿਆਂ ਨੂੰ ਪੜ੍ਹਾਈ ਦੌਰਾਨ ਕਿਸੇ ਤਰ੍ਹਾਂ ਦੀ ਕੋਈ ਦਿੱਕਤ ਨਾ ਆਵੇ ਮੁਹਾਲੀ ਜ਼ਿਲ੍ਹੇ ਦੇ ਐਸਐਸਪੀ ਦੀਪਕ ਪਰੀਕ ਵੱਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।

ਉਨ੍ਹਾਂ ਟਰੈਫਿਕ ਨਿਯਮਾਂ ਦੀ ਉਲੰਘਣਾ ਨਾ ਕਰਨ ਲਈ ਵੀ ਕਿਹਾ। ਨਵੇਂ ਥਾਣਾ ਇੰਚਾਰਜ ਇੰਸਪੈਕਟਰ ਇੰਸਪੈਕਟਰ ਗੁਰਮੇਹਰ ਸਿੰਘ ਸਿੱਧੂ ਨੇ ਕਿਹਾ ਕਿ ਜੋ ਵੀ ਇਨ੍ਹਾਂ ਹਦਾਇਤਾਂ ਦੀ ਉਲੰਘਣਾ ਕਰੇਗਾ, ਉਸ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਤਾਂ ਜੋ ਅਮਨ-ਕਾਨੂੰਨ ਨੂੰ ਕਾਇਮ ਰੱਖਿਆ ਜਾ ਸਕੇ।

# ਫ਼ਤਹਿਗੜ੍ਹ ਸਾਹਿਬ ਦੀ ਧਰਤੀ 'ਤੇ ਹੋਈਆਂ ਸ਼ਾਹਦਤਾਂ ਦੀ ਮਿਸਾਲ ਦੁਨੀਆਂ ਵਿੱਚ ਹੋਰ ਕਿਤੇ ਨਹੀਂ ਮਿਲਦੀ: ਅਮਨ ਅਰੋੜਾ



**ਫ਼ਤਹਿਗੜ੍ਹ ਸਾਹਿਬ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹੀਦੀ ਸਭਾ ਮੌਕੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੇ ਕੈਬਨਿਟ ਮੰਤਰੀ ਤੇ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਸ਼੍ਰੀ ਅਮਨ ਅਰੋੜਾ ਨੇ ਵੱਖੋ-ਵੱਖ ਕੈਬਨਿਟ ਮੰਤਰੀਆਂ ਤੇ ਵਿਧਾਇਕਾਂ ਸਮੇਤ ਮੱਥਾ ਟੇਕਣ ਉਪਰੰਤ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਫ਼ਤਹਿਗੜ੍ਹ ਸਾਹਿਬ ਵਰਗੀ ਮਹਾਨ ਧਰਤੀ ਤੇ ਇਥੇ ਹੋਈਆਂ ਮਹਾਨ ਸ਼ਹਾਦਤਾਂ ਦੀ ਮਿਸਾਲ ਦੁਨੀਆਂ ਵਿੱਚ ਹੋਰ ਕਿਤੇ ਵੀ ਨਹੀਂ ਮਿਲਦੀ। ਇਸ ਲਈ ਅੱਜ ਉਹ ਸੰਗਤੀ ਰੂਪ ਵਿੱਚ ਇਸ ਇਤਿਹਾਸਕ ਧਰਤੀ ਤੇ ਮਹਾਨ ਸ਼ਹਾਦਤਾਂ ਨੂੰ ਨਤਮਸਤਕ ਹੋਣ ਆਏ ਹਨ। ਕੈਬਨਿਟ ਮੰਤਰੀ ਸ਼੍ਰੀ ਅਰੋੜਾ ਨੇ ਕਿਹਾ ਕਿ ਉਹਨਾਂ ਨੇ ਅਰਦਾਸ ਕੀਤੀ ਹੈ ਕਿ ਅਕਾਲ ਪੁਰਖ ਸਭਨਾਂ ਦੇ ਸਿਰ 'ਤੇ ਮਿਹਰ ਭਰਿਆ ਹੱਥ ਰੱਖੇ ਤੇ ਪੰਜਾਬ ਵੱਧ ਤੋਂ ਵੱਧ ਤਰੱਕੀ ਕਰੇ। ਉਹਨਾਂ ਕਿਹਾ ਕਿ ਫ਼ਤਹਿਗੜ੍ਹ ਸਾਹਿਬ ਵਿਖੇ ਹੋਈਆਂ ਸ਼ਹਾਦਤਾਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਹਾਸਲ ਕਰ ਕੇ ਅੱਗੇ ਜਾਗਰੂਕਤਾ ਪੈਦਾ ਕਰਨੀ ਸਮੇਂ ਦੀ ਲੋੜ ਹੈ। ਉਹਨਾਂ ਕਿਹਾ ਕਿ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਤੋਂ ਸੇਧ ਲੈ ਕੇ ਸਮਾਜ ਨੂੰ ਬਿਹਤਰ ਬਣਾਉਣ ਲਈ ਕਾਰਜ ਕਰਨੇ ਵੀ ਜ਼ਰੂਰੀ ਹਨ।

ਸ਼੍ਰੀ ਅਰੋੜਾ ਨੇ ਕਿਹਾ ਕਿ ਇਹ ਸ਼ਹਾਦਤਾਂ ਸਾਨੂੰ ਬਿਨਾਂ ਕਿਸੇ ਡਰ-ਭੈਅ ਤੋਂ ਸੱਚ ਦੀ ਆਵਾਜ਼ ਬੁਲੰਦ ਕਰਨ ਦੀ ਸੇਧ ਦਿੰਦੀਆਂ ਹਨ। ਉਹਨਾਂ ਕਿਹਾ ਕਿ ਝੂਠ ਤੇ ਕੂੜ ਦਾ ਪਸਾਰਾ ਜਿੰਨਾ ਮਰਜ਼ੀ ਵੱਡਾ ਹੋਵੇ, ਅੰਤ ਨੂੰ ਜਿੱਤ ਸੱਚ ਦੀ ਹੋਣੀ ਹੁੰਦੀ ਹੈ।ਸ਼੍ਰੀ ਅਮਨ ਅਰੋੜਾ ਸਮੇਤ ਪੰਜਾਬ ਦੇ ਵੱਖੋ-ਵੱਖ ਕੈਬਨਿਟ ਮੰਤਰੀਆਂ ਤੇ ਵਿਧਾਇਕਾਂ ਨੇ ਗੁਰ ਮਰਯਾਦਾ ਅਨੁਸਾਰ ਬਹੁਤ ਹੀ ਨਿਮਰ ਢੰਗ ਨਾਲ ਪੰਗਤ ਵਿੱਚ ਬੈਠ ਕੇ ਲੰਗਰ ਛਕਿਆ। ਇਸ ਮੌਕੇ ਹਲਕਾ ਫ਼ਤਹਿਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਵੱਲੋਂ ਸ਼੍ਰੀ ਅਮਨ ਅਰੋੜਾ ਦਾ ਸਨਮਾਨ ਵੀ ਕੀਤਾ ਗਿਆ।ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ, ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਗੁਰਮੀਤ ਸਿੰਘ ਖੁੱਡੀਆਂ, ਤਰੁਨਪ੍ਰੀਤ ਸਿੰਘ ਸੌਂਦ, ਹਰਦੀਪ ਸਿੰਘ ਮੁੰਡੀਆਂ, ਡਾ. ਬਲਜੀਤ ਕੌਰ ਅਤੇ ਵਿਧਾਇਕ ਫ਼ਤਹਿਗੜ੍ਹ ਸਾਹਿਬ ਐਡਵੋਕੇਟ ਲਖਬੀਰ ਸਿੰਘ ਰਾਏ, ਵਿਧਾਇਕ ਬੱਸੀ ਪਠਾਣਾਂ ਰੁਪਿੰਦਰ ਸਿੰਘ ਹੈਪੀ, ਵਿਧਾਇਕ ਸਮਾਣਾ ਚੇਤਨ ਸਿੰਘ ਜੌੜਮਾਜਰਾ, ਵਿਧਾਇਕ ਸਮਰਾਲਾ ਜਗਤਾਰ ਸਿੰਘ ਦਿਆਲਪੁਰਾ, ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀ.ਪੀ., ਚੇਅਰਮੈਨ ਪੰਜਾਬ ਜਲ ਸਪਲਾਈ ਤੇ ਸੀਵਰੇਜ ਬੋਰਡ ਡਾ. ਸਨੀ ਸਿੰਘ ਆਹਲੂਵਾਲੀਆ, ਜ਼ਿਲ੍ਹਾ ਯੋਜਨਾ ਕਮੇਟੀ ਫ਼ਤਹਿਗੜ੍ਹ ਸਾਹਿਬ ਦੇ ਚੇਅਰਮੈਨ ਅਜੈ ਸਿੰਘ ਲਿਬੜਾ, ਇੰਪਰੂਵਮੈਂਟ ਟਰੱਸਟ ਮੋਗਾ ਦੇ ਚੇਅਰਮੈਨ ਦੀਪਕ ਸ਼ਰਮਾ, ਮਾਰਕੀਟ ਕਮੇਟੀ ਸਰਹਿੰਦ ਦੇ ਚੇਅਰਮੈਨ ਗੁਰਵਿੰਦਰ ਸਿੰਘ ਢਿੱਲੋਂ, ਸਮੇਤ ਵੱਖ-ਵੱਖ ਅਹੁਦੇਦਾਰ ਹਾਜ਼ਰ ਸਨ।ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਅਤੇ ਜ਼ਿਲ੍ਹਾ ਪੁਲਿਸ ਮੁਖੀ ਡਾ. ਰਵਜੋਤ ਗਰੇਵਾਲ ਹਾਜ਼ਰ ਸਨ।

# ਆਯੂਸ਼ਮਾਨ ਸਿਹਤ ਬੀਮਾ ਯੋਜਨਾ ਦੇ 1121 ਕਾਰਡ ਬਨਾਏ ਗਏ: ਡਾ ਐਰਿਕ

**ਫਾਜ਼ਿਲਕਾ, 31 ਦਸੰਬਰ**
**ਪ੍ਰੈਸ ਕੀ ਤਾਕਤ ਬਿਊਰੋ-**

ਪੰਜਾਬ ਸਰਕਾਰ ਪੰਜਾਬ ਨਿਵਾਸੀਆਂ ਲਈ ਮਿਆਰੀ ਪੱਧਰ ਦੀਆਂ ਸਿਹਤ ਸਹੂਲਤਾਂ ਘਰਾਂ ਦੇ ਨੇੜੇ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਉਪਲਬਧ ਕਰਵਾਉਣ ਦੇ ਨਾਲ ਨਾਲ ਆਯੂਸ਼ਮਾਨ ਸਿਹਤ ਬੀਮਾ ਯੋਜਨਾ ਰਾਹੀਂ 5 ਲੱਖ ਤੱਕ ਦਾ ਮੁਫ਼ਤ ਇਲਾਜ ਮੰਨਜੂਰਸ਼ੁਦਾ ਪ੍ਰਾਈਵੇਟ ਹਸਪਤਾਲਾਂ ਵਿੱਚ ਵੀ ਕਰਵਾ ਰਹੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ ਐਰਿਕ ਨੇ ਦੱਸਿਆ ਕਿ ਸਰਕਾਰ ਪਹਿਲਾਂ ਹੀ ਆਯੂਸ਼ਮਾਨ ਸਿਹਤ ਬੀਮਾ ਯੋਜਨਾ ਅਧੀਨ ਵੱਖ ਵੱਖ ਕੈਟਾਗਿਰੀਆਂ ਨੂੰ 5 ਲੱਖ ਤੱਕ ਮੁਫ਼ਤ ਸਿਹਤ ਸਹੂਲਤਾਂ ਉਪਲਬਧ ਕਰਵਾ ਰਹੀ ਹੈ। ਹੁਣ ਪਿਛਲੇ ਕੁਝ ਸਮੇਂ ਤੋਂ ਸਰਕਾਰ ਵੱਲੋਂ ਹਰੇਕ ਕੈਟਾਗਰੀ ਦੇ 70 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਇਸ ਸਕੀਮ ਅਧੀਨ ਮੁਫ਼ਤ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਉਹਨਾਂ ਦੱਸਿਆ ਕਿ ਸਰਕਾਰ ਦਾ ਬਜ਼ੁਰਗਾਂ ਲਈ ਬਹੁਤ ਵਧੀਆਂ ਉਪਰਾਲਾ ਹੈ। ਇਸ ਯੋਜਨਾ ਦੀ ਸਾਰੇ ਪੰਜਾਬ ਨਿਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਹੈ। ਹੁਣ 70 ਸਾਲਾਂ ਤੋਂ ਉਪਰ ਬਜ਼ੁਰਗ ਆਪਣਾ 5 ਲੱਖ ਤੱਕ ਦਾ ਇਲਾਜ ਸਰਕਾਰੀ ਅਤੇ ਮਾਨਤਾ ਪ੍ਰਾਪਤ ਪ੍ਰਾਈਵੇਟ ਹਸਪਤਾਲਾਂ ਤੋਂ ਮੁਫ਼ਤ ਕਰਵਾ ਸਕਣਗੇ।

# 30ਵੀਂ ਸਲਾਨਾ ਬਰਸੀ ਤੇ ਸਮਾਜ ਦੇ ਹਜ਼ਾਰਾਂ ਲੋਕਾਂ ਨੇ ਦਿੱਤੀ ਸ਼ਰਧਾਂਜਲੀ

**ਲੁਧਿਆਣਾ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਰਤ ਦੇਸ ਪਹਿਲੇ ਸਿੱਖ ਰਾਸ਼ਟਰਪਤੀ ਜਿਨਾਂ ਦੀ 30ਵੀ ਸਲਾਨਾ ਬਰਸੀ ਰਾਜ ਘਾਟ ਏਕਤਾ ਸੱਥਲ ਦਿੱਲੀ ਵਿਖੇ ਵਿਸ਼ਵਕਰਮਾ ਸਮਾਜ ਦੇ ਹਜ਼ਾਰਾਂ ਦੀ ਤਦਾਦ ਵਿੱਚ ਲੋਕਾਂ ਨੇ ਸ਼ਰਧਾਂਜਲੀ ਸਮਾਰੋਹ ਵਿੱਚ ਸ਼ਾਮਲ ਹੋ ਕੇ ਆਪਣੇ ਉਸ ਨੇਤਾ ਨੂੰ ਯਾਦ ਕੀਤਾ ਜਿਨ੍ਹਾਂ ਨੇ ਸਭ ਤੋ ਪਹਿਲਾਂ ਰਾਸ਼ਟਰਪਤੀ ਭਵਨ ਵਿੱਚ ਲੋਕਾਂ ਦੀਆਂ ਸਮੱਸਿਆ ਨੂੰ ਹੱਲ ਕਰਨ ਲਈ ਸਭਾ ਦਾ ਅਯੋਜਨ ਕੀਤਾ ਸੀ।ਇਸ ਸਮੇਂ ਇਸ ਸ਼ਰਧਾਂਜਲੀ ਸਮਾਗਮ ਸਮਾਰੋਹ ਦੀ ਅਗਵਾਈ ਉਨ੍ਹਾਂ ਦੇ ਪੋਤੇ ਇੰਦਰਜੀਤ ਸਿੰਘ ਬੱਬੂ ਸਿਨੀਅਰ ਲੀਡਰ ਵੱਲੋਂ ਕੀਤੀ ਗਈ।ਇਸ ਮੌਕੇ ਪੰਜਾਬ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ,ਨੈਸ਼ਨਲ ਮੈਨੋਰਿਟੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ,ਰਾਮ ਆਸਰੇ ਵਿਸ਼ਵਕਰਮਾ ਸਾਬਕਾ ਸਿੱਖਿਆ ਮੰਤਰੀ ਯੂ, ਪੀ, ਯੋਗ ਮੁੰਨੀ ਬਾਪੂ ਮਹਾਰਾਜ , ਮਹੰਤ ਮੋਨੀ ਬਾਬਾ ਅਤੇ ਵਿਸ਼ਵਕਰਮਾ ਸਮਾਜ ਪੰਨਚਾਲ,ਜਾਗੜ, ਧੀਮਾਨ ਅਤੇ ਹੋਰ ਕੋਮ ਨਾਲ ਸਬੰਧਤ ਸੁਸਾਇਟੀਆ ਦੇ ਪ੍ਰਧਾਨ ਆਦਿ ਸ਼ਾਮਲ ਸਨ।ਇਸ ਸਮੇਂ ਇਕਬਾਲ ਸਿੰਘ ਲਾਲਪੁਰਾ ਜੀ ਚੈਅਰਮੈਨ ਵੱਲੋਂ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਗਿਆਨੀ ਜੀ ਸਖ਼ਤ ਮਿਹਨਤ ਨਾਲ ਦੇਸ਼ ਦੀ ਸਭ ਤੋਂ ਵੱਡੀ ਪਦਵੀ ਤੇ ਪਹੁੰਚੇ ਉਨ੍ਹਾਂ ਕਿਹਾ ਕਿ ਉਹ ਐਮਐਲਏ ਸੀ ਐਮ ਪੰਜਾਬ ਮੈਂਬਰ ਪਾਰਲੀਮੈਂਟ ਗ੍ਰਹਿ ਮੰਤਰੀ ਤੋਂ ਰਾਸ਼ਟਰਪਤੀ ਤੱਕ ਦੇ ਸ ਦੀ ਸੇਵਾ ਕੀਤੀ। ਉਨਾਂ ਆਜ਼ਾਦੀ ਲਈ ਅਤੇ ਰਜਵਾੜਿਆਂ ਨਾਲ ਲੜਦਿਆਂ ਜੇਲਾਂ ਕੱਟੀਆਂ ਤਸੀਹੇ ਝਲੇ ?। ਉਹਨਾਂ ਗੁਰਬਾਣੀ ਦੇ ਕਥਨ ਅਨੁਸਾਰ ਮਾਰਗ ਦਰਸਉਦੇ ਸਿਫ਼ਤਾਂ ਕੀਤੀਆਂ।ਇਸ ਮੋਕੇ ਇੰਦਰਜੀਤ ਸਿੰਘ ਬੱਬੂ ਆਏ ਸਾਰਿਆਂ ਵਿਸ਼ਵਕਰਮਾ ਸਮਾਜ ਦੇ ਲੋਕਾਂ ਨੂੰ ਏਕਤਾ ਦਾ ਸਬੂਤ ਦੇਂਦੇ ਹੋਏ ਇੱਕ ਮੰਚ ਤੇ ਇੱਕਤਰ ਹੋਣ ਲਈ ਕਿਹਾ। ਉਨਾਂ ਕਿਹਾ ਕਿ ਜਦੋਂ ਤੱਕ ਅਸੀਂ ਆਪਣੀ ਏਕਤਾ ਦਾ ਸਬੂਤ ਨਹੀਂ ਦੇਵਾਂਗੇ ਉਦੋਂ ਤੱਕ ਦੇਸ਼ ਦੀਆਂ ਇਹ ਸਾਰੀਆਂ ਰਾਜਨੀਤਕ ਨੈਸ਼ਨਲ ਪਾਰਟੀਆਂ ਤੁਹਾਨੂੰ ਕੁੱਝ ਨਹੀਂ ਦੇਣਗੀਆਂ। ਉਨਾਂ ਕਿਹਾ ਕਿ ਵੋਟਾਂ ਸਮੇਂ ਹਰ ਸਮਾਜ ਦੀ ਵੋਟ ਦਾ ਅੰਦਾਜ਼ ਲਗਾਇਆ ਜਾਂਦਾ ਹੈ ਪਰ ਕੱਦੇ ਇਹ ਕਿਹਾ ਕਿ ਵਿਸ਼ਵਕਰਮਾ ਵੋਟ ਕਿਧਰ ਜਾਵੇਗੀ। ਹੁਣ ਸਮਾਂ ਆ ਗਿਆ ਹੈ ਏਕਤਾ ਕਰਨ ਦਾ ਏਕਤਾ ਕਰ ਸਾਨੂੰ ਇਨ੍ਹਾਂ ਰਾਜਨੀਤਿਕ ਨੈਸ਼ਨਲ ਪਾਰਟੀਆਂ ਕੋਲੋਂ ਆਪਣੇ ਹੱਕ ਖੋਹੇ ਹਨ।ਇਸ ਮੌਕੇ ਰਾਮਗੜ੍ਹੀਆ ਬੋਰਡ ਦਿੱਲੀ ਤਰਲੋਚਨ ਸਿੰਘ ਕੋਂਡਲ ਪ੍ਰਧਾਨ,ਆਲ ਇੰਡੀਆ ਰਾਮਗੜ੍ਹੀਆ ਫਾਉਂਡੇਸ਼ਨ ਸੁਖਦੇਵ ਸਿੰਘ ਰਿਐਤ, ਮਨਮੀਤ ਸਿੰਘ ਮੁਧੜ, ਅਵਤਾਰ ਸਿੰਘ ਭੁਰਜੀ, ਬਲਬੀਰ ਸਿੰਘ ਨਾਮਧਾਰੀ, ਕਿਸ਼ਨ ਲਾਲ ਪੰਨਚਾਲ, ਮੁਕੂਲ ਅੰਨਦ ਪਟਨਾ,ਪਦਮ ਸਿੰਘ ਪੰਨਚਾਲ, ਭੋਜਪੁਰੀ ਅਭਿਨੇਤਾ ਦਿਵਾਕਰ ਵਿਸ਼ਵਕਰਮਾ,ਐਮ, ਕੇ ਰਾਜਪੂਤ,ਰਾਜੂ ਵਿਸ਼ਵਕਰਮਾ, ਸਾਬਕਾ ਸਿੱਖਿਆ ਮੰਤਰੀ ਯੂਪੀ ਰਾਮ ਆਸਰੇ ਵਿਸ਼ਵਕਰਮਾ,ਬੇਟੀ ਗੁਰਦੀਪ ਕੌਰ,ਬੇਟੀ ਜੋਗਿੰਦਰ ਕੌਰ, ਕਮਲੇਸ਼ ਸਿੰਘ ਆਦਿ ਸ਼ਾਮਲ ਸਨ।

# ਪੰਜਾਬ ਪੁਲਿਸ ਐਕਸ਼ਨ ਮੋਡ 'ਚ, ਨਵਾਂਗਾਓਂ ਥਾਣੇ 'ਚ ਕੀਤੀ ਗਈ ਵਾਧੂ ਸੁਰੱਖਿਆ

**ਚੰਡੀਗੜ੍ਹ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਵਿੱਚ ਵੱਧ ਰਹੇ ਅਪਰਾਧਾਂ ਨੂੰ ਘੱਟ ਕਰਨ ਲਈ ਹੁਣ ਪੰਜਾਬ ਪੁਲਿਸ ਐਕਸ਼ਨ ਮੋਡ ਵਿੱਚ ਆ ਗਈ ਹੈ। ਅਪਰਾਧਾਂ ਦੇ ਵਧਦੇ ਗ੍ਰਾਫ ਨੇ ਪੁਲਿਸ ਦੀ ਚਿੰਤਾ ਵਧਾ ਦਿੱਤੀ ਹੈ। ਇਹੀ ਕਾਰਨ ਹੈ ਕਿ ਪੰਜਾਬ ਦੇ ਸਾਰੇ ਜ਼ਿਲਿਆਂ 'ਚ ਵੱਖ-ਵੱਖ ਥਾਵਾਂ 'ਤੇ ਪੁਲਸ ਤਾਇਨਾਤ ਕੀਤੀ ਜਾ ਰਹੀ ਹੈ। ਇਸ ਦੌਰਾਨ ਨਯਾਗਾਂਵ ਥਾਣੇ ਦੀ ਸੁਰੱਖਿਆ ਵੀ ਵਧਾ ਦਿੱਤੀ ਗਈ ਹੈ। ਡੀ.ਜੀ.ਪੀ ਪੰਜਾਬ ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ 'ਤੇ ਐਸ.ਐਸ.ਪੀ ਮੋਹਾਲੀ ਦੀਪਕ ਪਾਰਿਖ ਵਲੋਂ ਜਾਰੀ ਹਦਾਇਤਾਂ 'ਤੇ ਗੇਟ 'ਤੇ ਸੁਰੱਖਿਆ ਗਾਰਡ ਤਾਇਨਾਤ ਕਰ ਦਿੱਤੇ ਗਏ ਹਨ ਅਤੇ ਰੇਤ ਦੀਆਂ ਬੋਰੀਆਂ ਵੀ ਭਰ ਦਿੱਤੀਆਂ ਗਈਆਂ ਹਨ ਅਤੇ ਉੱਪਰ ਹਰੇ ਰੰਗ ਦੇ ਜਾਲੀਦਾਰ ਪਰਦੇ ਵੀ ਲਗਾਏ ਗਏ ਹਨ।

ਨਵੇਂ ਆਏ ਥਾਣਾ ਇੰਚਾਰਜ ਇੰਸਪੈਕਟਰ ਗੁਰਮੇਹਰ ਸਿੰਘ ਸਿੱਧੂ ਨੇ ਕਿਹਾ ਕਿ ਵੱਧ ਰਹੇ ਅਪਰਾਧਾਂ ਨੂੰ ਰੋਕਣ ਲਈ ਹਰ ਪੁਲਿਸ ਮੁਲਾਜ਼ਮ ਮਦਦ ਲਈ ਤਿਆਰ ਹੈ।

ਸਾਰੀਆਂ ਨਾਕਿਆਂ 'ਤੇ ਪੁਲਿਸ ਤਾਇਨਾਤ ਹੈ:- ਪੁਲਿਸ ਕਰਮਚਾਰੀ ਹਮੇਸ਼ਾ ਬਾਹਰ ਗਸ਼ਤ 'ਤੇ ਹੁੰਦੇ ਹਨ, ਜੋ ਹਰ ਜਗ੍ਹਾ ਨਿਗਰਾਨੀ ਕਰਨ ਵਿਚ ਲੱਗੇ ਹੁੰਦੇ ਹਨ। ਇਸ ਤੋਂ ਇਲਾਵਾ ਥਾਣਿਆਂ ਵਿੱਚ ਮੁਲਾਜ਼ਮਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਕੁਝ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ।

# ਪੇਂਡੂ ਬੇਰੁਜਗਾਰ ਨੌਜਵਾਨਾਂ ਲਈ ਡੇਅਰੀ ਫਾਰਮਿੰਗ ਦਾ ਸਿਖਲਾਈ ਕੋਰਸ ਸ਼ੁਰੂ

**ਗੁਰਦਾਸਪੁਰ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲਾ ਗੁਰਦਾਸਪੁਰ ਨਾਲ ਸਬੰਧਿਤ ਪੇਂਡੂ ਬੇਰੁਜਗਾਰ ਨੌਜਵਾਨ ਲੜਕੇ/ ਲੜਕੀਆਂ,ਜੋ ਡੇਅਰੀ ਦਾ ਕਿੱਤਾ ਸ਼ੁਰੂ ਕਰਨਾ ਚਾਹੁੰਦੇ ਹਨ, ਡੇਅਰੀ ਸਿਖਲਾਈ ਕੋਰਸ ਵਾਸਤੇ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ, ਜਿਲਾ ਪ੍ਰਬੰਧਕੀ ਕੰਪਲੈਕਸ, ਬਲਾਕ—ਬੀ, ਚੌਥੀ ਮੰਜਿਲ, ਕਮਰਾ ਨੰ:508 ਵਿਖੇ ਅਰਜੀਆਂ ਦੇ ਸਕਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਵਰਿਆਮ ਸਿੰਘ ਗੁਰਦਾਸਪੁਰ ਨੇ ਦੱਸਿਆ ਕਿ ਖੇਤੀ ਵਿੱਚ ਵਿਭਿੰਨਤਾ ਲਿਆਉਣ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਡੇਅਰੀ ਦੇ ਕਿੱਤੇ ਨੂੰ ਸਹਾਇਕ ਧੰਦੇ ਵਜੋਂ ਅਪਨਾਉਣ ਲਈ 2 ਹਫਤੇ ਦੀ ਡੇਅਰੀ ਸਿਖਲਾਈ ਮਿਤੀ 30ਦਸੰਬਰ, 2024 ਤੋ ਡੇਅਰੀ ਸਿਖਲਾਈ ਤੇ ਵਿਸਥਾਰ ਕੇਂਦਰ, ਵੇਰਕਾ (ਜਿਲਾ ਅੰਮ੍ਰਿਤਸਰ) ਵਿਖੇ ਕਰਵਾਈ ਜਾਣੀ ਹੈ। ਇਸ ਸਿਖਲਾਈ ਕੋਰਸ ਵਿੱਚ ਜਿਲਾ ਗੁਰਦਾਸਪੁਰ ਨਾਲ ਸਬੰਧਤ ਬੇਰੁਜਗਾਰ ਨੌਜਵਾਨ ਲੜਕੇ/ ਲੜਕੀਆਂ ਜ਼ੋ ਘੱਟੋ ਘੱਟ 5ਵੀਂ ਪਾਸ ਹੋਣ,ਉਮਰ 18 ਤੋਂ 55 ਸਾਲ ਦਰਮਿਆਨ ਹੋਵੇ,ਪੇਂਡੂ ਖੇਤਰ ਨਾਲ ਸਬੰਧਤ ਹੋਣ, ਇਸ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ।ਸਿਖਲਾਈ ਉਪਰੰਤ ਵਿਭਾਗ ਵੱਲੋਂ ਸਬੰਧਤਾਂ ਨੂੰ ਵੱਖ ਵੱਖ ਬੈਂਕਾਂ ਤੋਂ ਡੇਅਰੀ ਕਰਜੇ ਦੀ ਸੁਵਿਧਾ ਰਾਹੀਂ 2 ਤੋਂ 20 ਪਸ਼ੂਆਂ ਦੇ ਡੇਅਰੀ ਯੂਨਿਟ ਸਥਾਪਤ ਕਰਵਾ ਕੇ 25 % ਜਨਰਲ ਅਤੇ 33% ਅ.ਜਾਤੀ. ਲਈ ਸਬਸਿਡੀ ਮੁਹੱਈਆ ਕਰਵਾਈ ਜਾਵੇਗੀ

# ਚਲਦੇ ਸਮੇਂ ਦਾ ਉਭਰਦਾ ਸਿਤਾਰਾ ਗਾਇਕ ਪ੍ਰਦੀਪ ਮਾਨ




**ਮਾਛੀਵਾੜਾ ਸਾਹਿਬ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰ ਕੋਈ ਆਪਣੀ ਵੱਖਰੀ ਪਹਿਚਾਣ ਬਣਾਉਣ ਲਈ ਕੁਝ ਨਾ ਕੁਝ ਵੱਖਰਾ ਕਰਦਾ ਹੈ ਇਸੇ ਤਰ੍ਹਾਂ ਹੀ ਮਾਛੀਵਾੜਾ ਸਾਹਿਬ ਦੇ ਨੌਜਵਾਨ ਪ੍ਰਦੀਪ ਮਾਨ ਨੇ ਗਾਇਕੀ ਦੇ ਖੇਤਰ ਵਿੱਚ ਆਪਣੀ ਨਮੀ ਛਾਪ ਛੱਡੀ ਹੈ।ਪਹਿਲਾਂ ਧਾਰਮਿਕ ਸਥਾਨਾਂ ਤੇ ਛੋਟੇ ਪ੍ਰੋਗਰਾਮ ਕਰਦਾ ਹੋਇਆ। ਇਹ ਨੌਜਵਾਨ ਹੁਣ ਗਾਇਕੀ ਦੇ ਖੇਤਰ ਵਿੱਚ ਇੱਕ ਉਭਰਦਾ ਸਿਤਾਰਾ ਬਣ ਗਿਆ ਹੈ। ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪ੍ਰਦੀਪ ਮਾਨ ਨੇ 'ਵਾਰ' ਧਾਰਮਿਕ ਸ਼ਬਦ ਸੰਗਤਾਂ ਦੇ ਰੂ-ਬ-ਰੂ ਕੀਤਾ ਹੈ।ਜੋ ਐੱਸ.ਪੀ ਮਾਨ ਵਲੋਂ ਵਰਲਡ ਵਾਈਡ ਰਿਲੀਜ਼ ਕੀਤਾ ਗਿਆ। ਇਸ 'ਵਾਰ' ਧਾਰਮਿਕ ਗੀਤ ਨੂੰ ਸੰਗਤਾਂ ਵਲੋ ਬਹੁਤ ਪਿਆਰ ਮਿਲ ਰਿਹਾ ਹੈ।

ਦੇਸ਼ਾਂ ਵਿਦੇਸ਼ਾਂ 'ਚ 'ਵਾਰ' ਸ਼ਬਦ ਨੂੰ ਸੁਣਿਆ ਜਾ ਰਿਹਾ ਹੈ।

ਪ੍ਰਦੀਪ ਮਾਨ ਨੇ ਇਸ ਨੂੰ ਬਹੁਤ ਪਿਆਰੀ ਤੇ ਬੁਲੰਦ ਆਵਾਜ਼ ਵਿੱਚ ਗਾਇਆ ਹੈ।

ਜਿਸ ਨੂੰ ਲਿਖਿਆ ਗੁਰਵਿੰਦਰ ਮਾਵੀ ਨੇ ਤੇ ਇਸ ਦਾ ਸੰਗੀਤ ਗੋਲਡ ਵਾਈਬਸ ਨੇ ਕੀਤਾ ਹੈ।

ਇਸ ਸ਼ਬਦ ਦੀ ਵੀਡਿਓ ਨਿਰਦੇਸ਼ਕ ਐੱਸ ਮਾਨ,ਕੈਮਰਾ ਮੇਨ ਕਿੰਗ ਰਾਜ ਤੇ ਵਿਸ਼ਾਲ ਮਾਨ ਨੇ ਵੀਡਿਓ ਬਣਾਈ

ਇਸ ਸ਼ਬਦ ਵਿਚ ਸਿੱਖ ਇਤਿਹਾਸ ਦੇ ਯੋਧਿਆਂ ਦੀ ਕੁਰਬਾਨੀ ਬਾਰੇ ਦੱਸਿਆ ਗਿਆ ਹੈ। ਇਸ ਮੌਕੇ ਪ੍ਰਦੀਪ ਮਾਨ ਨੇ ਕਿਹਾ ਕਿ ਮੈਂ ਦੇਸ਼ਾਂ ਵਿਦੇਸ਼ਾਂ ਵਿੱਚ ਬੈਠੀਆਂ ਸਾਰੀਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕਰ ਰਿਹਾ ਹਾਂ ਜਿਨਾਂ ਨੇ ਮੇਰੇ ਇਸ 'ਵਾਰ' ਧਾਰਮਿਕ ਸ਼ਬਦ ਨੂੰ ਅਥਾਹ ਪਿਆਰ ਬਖਸ਼ਿਆ ਹੈ।

# ਚੋਰ ਵੱਲੋਂ ਘਰ ਅਤੇ ਦੁਕਾਨ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼

**ਮਾਛੀਵਾੜਾ ਸਾਹਿਬ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਮੇਨ ਚੌਂਕ ਵਿੱਚ ਸਥਿਤ ਇੱਕ ਕਰਿਆਨੇ ਦੀ ਦੁਕਾਨ ਤੇ ਮਕਾਨ ਨੂੰ ਚੋਰ ਵੱਲੋਂ ਨਿਸ਼ਾਨਾ ਬਣਾਉਣ ਦੀ ਅਸਫਲ ਕੋਸ਼ਿਸ਼ ਕੀਤੀ ਗਈ। ਦੁਕਾਨ ਦੇ ਮਾਲਕ ਵਿਸ਼ਾਲ ਸੂਦ ਨੇ ਦੱਸਿਆ ਕਿ ਉਹ ਕਰਿਆਨੇ ਦੀ ਦੁਕਾਨ ਕਰਦਾ ਹੈ ਅਤੇ ਦੁਕਾਨ ਦੇ ਪਿੱਛੇ ਹੀ ਉਹਨਾਂ ਦੀ ਰਿਹਾਇਸ਼ ਹੈ। ਉਹਨਾਂ ਦੱਸਿਆ ਕਿ ਇੱਕ ਚੋਰ ਤੜਕੇ 4 ਵਜੇ ਉਨ੍ਹਾਂ ਦੀ ਦੁਕਾਨ ਦੀ ਛੱਤ ਰਾਹੀਂ ਮਕਾਨ ਵਿੱਚ ਦਾਖਲ ਹੋਇਆ।

ਚੋਰ ਦੇ ਹੌਸਲੇ ਐਨੇ ਬੁਲੰਦ ਹਨ ਕਿ ਉਸਨੇ ਕੁਝ ਸਕਿੰਟਾਂ ਵਿੱਚ ਐਲੂਮੀਨੀਅਮ ਦਾ ਲੌਕ ਖੋਲ ਦਿੱਤਾ ਅਤੇ ਕਮਰੇ ਦੀ ਫਰੋਲਾ ਫਰਾਲੀ ਕੀਤੀ। ਦੁਕਾਨਦਾਰ ਨੇ ਦੱਸਿਆ ਕਿ ਸ਼ੱਕ ਪੈਣ ਜਦੋਂ ਉਹ ਉੱਠੇ ਤੇ ਆਸੇ ਪਾਸੇ ਦੇਖਿਆ ਤਾਂ ਚੋਰ ਖੜਕਾ ਸੁਣ ਕੇ ਫਰਾਰ ਹੋ ਗਿਆ।

ਦੁਕਾਨਦਾਰ ਨੇ ਦੱਸਿਆ ਕਿ ਸੀ.ਸੀ.ਟੀ.ਵੀ. ਫੁਟੇਜ ਵਿੱਚ ਚੋਰ ਸਾਫ ਦਿਖਾਈ ਦੇ ਰਿਹਾ ਹੈ ਅਤੇ ਜੇਕਰ ਉਹ ਮੁਸਤੈਦੀ ਨਾ ਵਰਤਦੇ ਤਾਂ ਚੋਰ ਵੱਡਾ ਨੁਕਸਾਨ ਕਰ ਸਕਦਾ ਸੀ। ਮਕਾਨ ਮਾਲਕ ਵੱਲੋਂ ਇਸ ਘਟਨਾ ਦੀ ਸੂਚਨਾ ਸਥਾਨਕ ਪੁਲਿਸ ਨੂੰ ਦੇ ਦਿੱਤੀ ਗਈ ਹੈ ਤੇ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

# ਕਾਵਿ ਕਿਆਰੀ

## ਬਾਬਲ ਦੇ ਵਿਹੜੇ ਨੀਂ

ਬਾਬਲ ਦੇ ਵਿਹੜੇ ਨੀਂ
ਸਭ ਖ਼ੁਸ਼ੀਆਂ ਖੇੜੇ ਨੀਂ।
ਦਿਨ ਹੱਸਣ ਖੇਡਣ ਦੇ,
ਦੁੱਖ ਮਾਂ ਨੂੰ ਦੱਸਣ ਦੇ,
ਇੱਥੇ ਕੋਈ ਵੀ ਝੇੜੇ ਨ੍ਹੀਂ,
ਬਾਬਲ ਦੇ ਵਿਹੜੇ ਨੀਂ।
ਕੁਝ ਗਾ ਤੇ ਟੱਪ ਲਿਆ,
ਦਾਜ ਬਣਾ ਕੇ ਰੱਖ ਲਿਆ,
ਰਾਗ ਸਹੇਲੀਆਂ ਛੇੜੇ ਨੀਂ,
ਬਾਬਲ ਦੇ ਵਿਹੜੇ ਨੀਂ।
ਮਾਂ ਸ਼ਾਮੀ ਸੁਵਾ ਦਿੰਦੀ,
ਤੇ ਸੁਬ੍ਹਾ ਜਗਾ ਦਿੰਦੀ,
ਕਦੇ ਚੁੱਕ ਕੰਧੇੜੇ ਨੀਂ,
ਬਾਬਲ ਦੇ ਵਿਹੜੇ ਨੀਂ।
ਕੋਈ ਵੀ ਨਾ ਝਮੇਲਾ ਸੀ,
ਬਸ ਮੇਲਾ ਹੀ ਮੇਲਾ ਸੀ,
ਮਹਿਕ ਚਾਰ ਚੁਫ਼ੇਰੇ ਨੀਂ,
ਬਾਬਲ ਦੇ ਵਿਹੜੇ ਨੀਂ।
ਜਦ ਮੈਂ ਰੁੱਸਦੀ ਸੀ,
ਮਾਂ ਗੋਦੀ ਚੁੱਕਦੀ ਸੀ,
ਵਾਲ਼ ਗੁੰਦਦੀ ਮੇਰੇ ਨੀਂ,
ਬਾਬਲ ਦੇ ਵਿਹੜੇ ਨੀਂ।
ਵਿੱਚ ਤੀਆਂ ਜਾਂਦੀ ਸੀ,
ਰੱਜ ਪੀਂਘਾਂ ਪਾਉਂਦੀ ਸੀ,
ਖਾਂਦੀ ਮੱਖਣ ਪੇੜੇ ਨੀਂ,
ਬਾਬਲ ਦੇ ਵਿਹੜੇ ਨੀਂ।
ਪੇਕੇ ਯਾਦ ਆਉਂਦੇ ਨੇ,
ਕੁਝ ਸੁਪਨੇ ਸਤਾਉਂਦੇ ਨੇ,
ਸੱਜਣ ਦੇ ਵਿਹੜੇ ਨੀਂ।
ਬਾਬਲ ਦੇ ਵਿਹੜੇ ਨੀਂ,
ਸਭ ਖ਼ੁਸ਼ੀਆਂ ਖੇੜੇ ਨੀਂ।



- ਡਾ. ਦਰਸ਼ਨ ਕੌਰ ਭੀਖੀ
ਸੰਪਰਕ: 98884-90481

## ਦੋਹੇ

ਦੋਹਾ ਦੋਹਾ ਆਖਦੇ, ਸੁਣੋ ਮਾਤਰਿਕ ਛੰਦ।
ਤੇਰਾਂ ਤੇ ਵਿਸ਼ਰਾਮ ਕਰ, ਚੌਵੀ ਤੇ ਹੋ ਬੰਦ।
ਕੂੜ ਪਸਾਰਾ ਫੈਲਿਆ, ਕਿਵੇਂ ਮਿਟੇ ਅੰਧਕਾਰ।
ਵਿੱਦਿਆ ਰੂਪੀ ਦੀਪ ਲੈ, ਰੌਸ਼ਨ ਕਰ ਸੰਸਾਰ।
ਕੌਣ ਕਿਸੇ ਦੀ ਕਦ ਸੁਣੇ, ਜਦ ਮਨ ਅੰਦਰ ਖੋਟ।
ਉਸ ਪਲ ਚੇਤੇ ਆਂਵਦੀ, ਲੱਗਦੀ ਹੈ ਜਦ ਚੋਟ।
ਸੱਚ ਝੂਠ ਦੀ ਪਰਖ ਨਾ, ਨਾ ਹੀ ਮਨ ਵਿਸ਼ਵਾਸ।
ਏਸ ਜਗਤ ਮੇਂ ਸੁਣ ਮਨਾ, ਕਿਆ ਕਿਸੇ ਤੋਂ ਆਸ।
ਛੱਡ ਪਰਾਈ ਚਾਕਰੀ, ਖ਼ੁਦ ਦੀ ਪਾ ਲੈ ਹੱਟ।
ਆਪਣੇ ਵਰਗਾ ਸੁਖ ਨਹੀਂ, ਬਹੁਤਾ ਭਾਵੇਂ ਘੱਟ।
ਝੱਖੜ ਝੋਲਾ ਜਦ ਚੱਲੇ, ਪਹਿਲਾਂ ਮਰੇ ਕਿਸਾਨ।
ਅੱਗ ਸਬਰ ਦੀ ਭੜਕਦੀ, ਘਰ ਬਣਦੇ ਸ਼ਮਸ਼ਾਨ।
ਜਦੋਂ ਸੁਆਰਥ ਪਣਪਦਾ, ਮਾਰੀ ਜਾਂਦੀ ਬੁੱਧ।
ਕੰਧਾਂ ਪਾਵਣ ਕੀਰਨੇ, ਛਿੜੇ ਘਰੇਲੂ ਯੁੱਧ।

- ਸੰਤ ਸਿੰਘ ਸੋਹਲ
93166-25738

## ਗ਼ਜ਼ਲ

ਬੰਦ, ਹਨੇਰਿਆਂ ਦਾ ਮਚਾਇਆ ਕੋਹਰਾਮ ਕਰੀਏ।
ਮੁੜ੍ਹਕੇ ਦੀ ਹੁੰਦੀ ਲੁੱਟ ਦੇ ਰਾਹ ਜਾਮ ਕਰੀਏ।
ਮੁੜ੍ਹਕਾ ਜੇ ਡੁੱਲ੍ਹਿਆ ਕਿਰਤੀ ਦਾ, ਬਹਾਰ ਖਿੜੀ,
ਦੇਸ਼ ਦੀ ਖੁਸ਼ਹਾਲੀ ਉਹਦੇ ਨਾਮ ਕਰੀਏ।
ਚੂੰਡ ਚੂੰਡ ਕੇ ਖਾ ਗਏ ਨੇਤਾ ਸੋਨ ਚਿੜੀ,
ਇਸ ਪਾਕ ਲੋਕ ਆਵਾਜ਼ ਨੂੰ ਸਲਾਮ ਕਰੀਏ।
ਕਰਨ ਲੋਕ ਨਾ ਢਾਰਿਆਂ ਦੇ ਕਿਉਂ ਖ਼ੁਦਕੁਸ਼ੀ ?
ਕਹਿੰਦੇ ਲਾਲੋ ਵਾਂਗੂੰ ਕਿਰਤ ਤਮਾਮ ਕਰੀਏ।
ਵੰਡਣ ਧਰਮ ਸਥਾਨ ਜੋ ਸਾਨੂੰ, ਪੂਜੀਏ ਕਿਉਂ ?
ਉਸਤਤ ਮਿਹਨਤਕਸ਼ਾਂ ਦੀ ਸੁਬ੍ਹਾ ਸ਼ਾਮ ਕਰੀਏ।
ਹਰ ਬੰਦੇ ਦੀ ਸੋਚ ਦੇ ਉੱਡਣ ਦਿਉ ਪੰਖੇਰੂ,
ਰਾਜ ਸਿੰਘਾਸਨ ਜ਼ਰੀਏ ਨਾ ਗੁਲਾਮ ਕਰੀਏ।
ਵੇਖ ਹੁੰਦਾ ਅਨਿਆਂ ਲਹੂ ਖੌਲ ਉੱਠਦਾ,
'ਦੇਵਲ' ਸੱਚ ਦੀ ਮਦਦ ਸ਼ਰੇਆਮ ਕਰੀਏ।

- ਸੁਰਜੀਤ ਦੇਵਲ
92563-67202222

## ਦਰਜਾਬੰਦੀ

ਵਿਦਿਆਰਥੀਆਂ ਦੇ ਖੇਡ ਮੁਕਾਬਲੇ, ਕੈਂਪ, ਸਹਿਯੋਗੀ ਗਤੀਵਿਧੀਆਂ ਜਾਂ ਫਿਰ ਦਫ਼ਤਰੀ ਡਾਕ ਨਾਲ ਸਬੰਧਿਤ ਕੋਈ ਵੀ ਕੰਮ ਹੋਵੇ ਤਾਂ ਸਕੂਲ ਮੁਖੀ ਨੇ ਮਾਸਟਰ ਕੌਰ ਸਿੰਘ ਨੂੰ ਹੀ ਇਹ ਕੰਮ ਸੌਂਪ ਦੇਣਾ। ਮਾਸਟਰ ਜੀ ਨੇ ਵੀ ਕਦੇ ਕੰਮ ਤੋਂ ਜੁਆਬ ਨਹੀਂ ਸੀ ਦਿੱਤਾ ਤੇ ਹਰ ਹੀਲੇ ਆਪਣੀ ਡਿਊਟੀ ਨੂੰ ਸਮਰਪਣ ਭਾਵਨਾ ਨਾਲ ਨਿਭਾ ਕੇ ਮਾਣ ਮਹਿਸੂਸ ਕਰਨਾ। ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਤੋਂ ਕਿਤੇ ਵੱਧ ਪ੍ਰਿੰਸੀਪਲ, ਮਾਸਟਰ ਜੀ ਦੇ ਕੰਮ ਤੋਂ ਖ਼ੁਸ਼ ਸੀ। ਸਾਲ ਦੇ ਅੰਤ ਵਿੱਚ ਵਿਭਾਗ ਵੱਲੋਂ ਗੁਪਤ ਰਿਪੋਰਟਾਂ ਅਧਿਆਪਕਾਂ ਤਕ ਪੁੱਜੀਆਂ ਤਾਂ ਮਾਸਟਰ ਕੌਰ ਸਿੰਘ ਆਪਣੀ ਗੁਪਤ ਰਿਪੋਰਟ ਵਿੱਚ ਨੀਵੀਂ ਦਰਜਾਬੰਦੀ ਵੇਖ ਕੇ ਹੱਕਾ ਬੱਕਾ ਰਹਿ ਗਿਆ।

ਜਦੋਂ ਉਸ ਨੇ ਆਪਣੀ ਦਰਜਾਬੰਦੀ ਬਾਰੇ ਸਕੂਲ ਦਫ਼ਤਰ ਵਿੱਚ ਗੱਲ ਕੀਤੀ ਤਾਂ ਪ੍ਰਿੰਸੀਪਲ ਨੇ ਬੜੇ ਸਿਆਣਪ ਭਰੇ ਲਹਿਜੇ ਨਾਲ ਉੱਤਰ ਦਿੰਦਿਆਂ ਕਿਹਾ, "ਮਾਸਟਰ ਜੀ, ਨਿਰਸੰਦੇਹ ਤੁਸੀਂ ਵਿਦਿਆਰਥੀਆਂ ਦੀ ਸਰਬਪੱਖੀ ਸ਼ਖ਼ਸੀਅਤ ਦੇ ਨਿਖਾਰ ਹਿੱਤ ਅਤੇ ਸਕੂਲ ਦੇ ਵਿਕਾਸ ਕਾਰਜਾਂ ਵਾਸਤੇ ਸਾਰੇ ਸਟਾਫ਼ ਮੈਂਬਰਾਂ ਤੋਂ ਵੱਧ ਭੱਜ-ਨੱਠ ਕਰਦੇ ਹੋ, ਪਰ ਤੁਹਾਡੇ ਵੱਲੋਂ ਪੜ੍ਹਾਈ ਦਸਵੀਂ ਜਮਾਤ ਦਾ ਨਤੀਜਾ ਬੋਰਡ ਨਾਲੋਂ ਥੋੜ੍ਹਾ ਜਿਹਾ ਘੱਟ ਹੋਣ ਕਰਕੇ ਮੈਂ ਮਜਬੂਰੀਵੱਸ ਤੁਹਾਨੂੰ ਦੂਜੇ ਅਧਿਆਪਕਾਂ ਤੋਂ ਵਧੀਆ ਦਰਜਾਬੰਦੀ ਅੰਕ ਨਹੀਂ ਸੀ ਦੇ ਸਕਦਾ।" ਸਕੂਲ ਮੁਖੀ ਦਾ ਉੱਤਰ ਸੁਣ ਕੇ ਸੁੰਨ ਹੋਇਆ ਮਾਸਟਰ ਕੌਰ ਸਿੰਘ ਸਟਾਫ਼ ਰੂਮ ਤੋਂ ਕਲਾਸ ਰੂਮ ਤਕ ਸੀਮਿਤ ਅਧਿਆਪਕਾਂ ਦੀ ਉੱਚੀ ਦਰਜਾਬੰਦੀ ਬਾਰੇ ਸੋਚਦਾ ਹੋਇਆ ਆਪਣੀ ਜਮਾਤ ਵੱਲ ਨੂੰ ਹੋ ਤੁਰਿਆ।

- ਮਾ. ਹਰਭਿੰਦਰ ਮੁੱਲਾਂਪੁਰ
ਸੰਪਰਕ: 94646-01001

ਕਹਾਣੀ

# ਪਰਬਤ ਦੀ ਪੀੜ

• ਰਾਜੇਸ਼ ਗੁਪਤਾ



ਪਰਬਤ ਦੀ ਪੀੜ ਕੀ ਹੁੰਦੀ ਹੈ ਇਸ ਸਮਝਣਾ ਬਹੁਤ ਔਖਾ ਹੈ। ਪਰਬਤ ਨੂੰ ਬੜਾ ਮਜ਼ਬੂਤ ਤੇ ਸਖ਼ਤ ਸਮਝਿਆ ਜਾਂਦਾ ਹੈ, ਪਰ ਉਸਨੂੰ ਵੀ ਕਦੇ-ਕਦੇ ਦਰਦ ਦੇ ਅਹਿਸਾਸ ਵਿੱਚੋਂ ਲੰਘਣਾ ਪੈਂਦਾ ਹੈ। ਕਈ ਤੂਫ਼ਾਨੇ ਉਸ 'ਤੇ ਅਕਸਰ ਹਮਲੇ ਕਰਦੇ ਹੀ ਰਹਿੰਦੇ ਹਨ ਜਿਨ੍ਹਾਂ ਨੂੰ ਉਹ ਬੜੀ ਮਜ਼ਬੂਤੀ ਨਾਲ ਆਪਣੇ ਸੀਨੇ 'ਤੇ ਸਹਾਰਦਾ ਹੈ। ਤੂਫ਼ਾਨ ਭਾਵੇਂ ਉਸਦਾ ਕੁੱਝ ਵਿਗਾੜ ਤਾਂ ਨਹੀਂ ਸਕਦੇ ਪਰ ਕੁਝ ਦੁੱਖ, ਕੁਝ ਦਰਦ ਉਸਨੂੰ ਦੇ ਹੀ ਜਾਂਦੇ ਹਨ। ਸੋਚਣ ਵਾਲੀ ਹਰ ਇੱਕ ਸ਼ੈਅ ਅੰਦਰ ਦਿਲ ਆਪਣੇ-ਆਪ ਹੀ ਉਤਪਨ ਹੋ ਜਾਂਦਾ ਹੈ। ਜਿਸ ਦੇ ਅੰਦਰ ਦਿਲ ਹੁੰਦਾ ਹੈ ਉਸ ਅੰਦਰ ਦਰਦ ਵੀ ਆਪਣੇ-ਆਪ ਹੀ ਪੈਦਾ ਹੋ ਜਾਂਦਾ ਹੈ। ਬੜਾ ਹੀ ਵਚਿੱਤਰ ਸੰਸਾਰ ਬਣਾਇਆ ਹੈ ਪਰਮਾਤਮਾ ਨੇ। ਪੱਥਰਾਂ ਦੇ ਦਿਲ ਹੁੰਦੇ ਨੇ ਤੇ ਉਨ੍ਹਾਂ ਅੰਦਰ ਦਰਦ ਤੇ ਕੁਰਲਾਹਟ ਵੀ ਹੁੰਦੀ ਹੈ। ਕਰਤਾਰ ਸਿੰਘ ਅੱਜ ਆਪਣੇ ਘਰ ਅੰਦਰ ਹੀ ਕੱਖੋਂ ਹੌਲਾ ਹੋ ਗੁਆਚੀ ਗਾਂ ਵਾਂਗ ਫ਼ਿਰ ਰਿਹਾ ਹੈ। ਪਰਬਤ ਦੀ ਪੀੜ ਦਾ ਅਹਿਸਾਸ ਅੱਜ ਉਸਦੀ ਰੂਹ ਅੰਦਰ ਸਮਾਉਂਦਾ ਜਾ ਰਿਹਾ ਹੈ। ਅੱਜ ਹੋ ਰਹੀ ਬੇਕਦਰੀ ਨੂੰ ਵੇਖਕੇ ਉਸਨੂੰ ਵਿਸ਼ਵਾਸ ਨਹੀਂ ਹੋ ਰਿਹਾ ਹੈ ਕਿ ਉਹ ਉਹੀ ਪਹਿਲੇ ਵਾਲਾ ਕਰਤਾਰ ਸਿੰਘ ਹੈ ਜਿਸ ਦੀ ਰਵਾਨਗੀ ਨਾਲ ਸਾਰਾ ਘਰ ਚੱਲਦਾ ਸੀ। ਉਸਦੇ ਬੈਠਣ ਨਾਲ ਸਭ ਬੈਠਦੇ ਸੀ ਤੇ ਉਸਦੇ ਖੜ੍ਹੇ ਹੋਣ ਨਾਲ ਸਾਰੇ ਖੜ੍ਹੇ ਹੋ ਜਾਂਦੇ ਸਨ। ਪਰ ਅੱਜ ਤਾਂ ਸਾਰੀ ਦੀ ਸਾਰੀ ਤਸਵੀਰ ਹੀ ਬਦਲੀ ਹੋਈ ਹੈ। ਅੱਜ ਤਾਂ ਕਰਤਾਰ ਸਿੰਘ ਇਉਂ ਲੱਗ ਰਿਹਾ ਹੈ ਜਿਵੇਂ ਘਰ ਵਿੱਚ ਕੋਈ ਮੰਗਤਾ ਹੋਵੇ। ਸ਼ਾਮ ਹੋ ਚੁੱਕੀ ਹੈ। ਉਸਨੂੰ ਭੁੱਖ ਲੱਗ ਗਈ ਹੈ। ਅੱਜ ਉਸਨੂੰ ਰੋਟੀ ਦੇਣ ਦੀ ਵਾਰੀ ਉਸਦੀ ਛੋਟੀ ਨੂੰਹ ਦੀ ਹੈ ਪਰ ਉਸਦੀ ਹਿੰਮਤ ਨਹੀਂ ਹੈ ਕਿ ਉਹ ਉਸਨੂੰ ਰੋਟੀ ਦੇਣ ਬਾਰੇਂ ਕਹੇ। ਪਰ ਜਦ ਉਸਦੀ ਘਰਵਾਲੀ ਜ਼ਿੰਦਾ ਸੀ ਤਾਂ ਉਸਨੂੰ ਨੂੰ ਕੁਝ ਵੀ ਆਖਣ ਦੀ ਲੋੜ ਨਹੀਂ ਸੀ ਪੈਂਦੀ। ਉਹ ਆਪ ਹੀ ਉਸ ਲਈ ਰੋਟੀ ਬਣਾ ਕੇ ਲੈ ਆਉਂਦੀ ਸੀ। ਅਚਾਨਕ ਕਰਤਾਰ ਸਿੰਘ ਦੀ ਸੁਰਤੀ ਭੰਗ ਹੁੰਦੀ ਹੈ। ਪਲੇਟ ਦਾ ਖੜਾਕ ਹੁੰਦਾ ਹੈ। ਉਹ ਅਗਾਂਹ ਵਧਕੇ ਵੇਖਦਾ ਹੈ। ਉਸਦੀ ਛੋਟੀ ਨੂੰਹ ਉਸਦੀ ਰੋਟੀ ਵਾਲੀ ਪਲੇਟ ਪੌੜੀਆਂ 'ਚ ਧਰਕੇ ਵਾਪਸ ਜਾ ਚੁੱਕੀ ਹੈ। ਉਸਨੂੰ ਆਪਣਾ ਪਿਛਲਾ ਸਮਾਂ ਯਾਦ ਆ ਜਾਂਦਾ ਹੈ। ਉਸਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਇਹ ਪੌੜੀ ਦੀ ਉਹੀ ਥਾਂ ਹੈ ਜਿੱਥੇ ਉਹ ਕਦੇ ਆਪਣੇ ਕੁੱਤੇ ਨੂੰ ਰੋਟੀ ਦਿੰਦੇ ਸਨ। ਉਸਨੂੰ ਆਪਣੇ ਘਰ ਅੰਦਰ ਆਪਣੀ ਹੈਸੀਅਤ ਦਾ ਅਹਿਸਾਸ ਹੋ ਰਿਹਾ ਹੈ। ਉਹ ਸੋਚਦਾ, ਹਾਲਾਤ ਨੂੰ ਸਵੀਕਾਰ ਕਰਨਾ ਕਿੰਨਾ ਕੁ ਔਖਾ ਕੰਮ ਹੈ। ਜੇ ਤੁਸੀਂ ਪੁੱਤਰ ਹੋ ਤਾਂ ਵਿੱਚਾਰ ਕਰੋ ਜੇ ਪਿਤਾ ਹੋ ਤਾਂ ਬਰਦਾਸ਼ਤ ਕਰਨ ਦੀ ਆਦਤ ਪਾਓ ਕਿਉਂਕਿ ਇਹ ਦਿਨ ਤੁਹਾਡੇ 'ਤੇ ਵੀ ਆ ਸਕਦੇ ਹਨ। ਖ਼ੈਰ ਆਪਾਂ ਅੱਗੇ ਵਧੀਏ। ਘਰ ਦਾ ਮੋਹਰੀ ਤੇ ਬੱਚਿਆਂ ਦਾ ਪਿਤਾ ਇੱਕ ਚਟਾਨ ਦਾ ਕੰਮ ਕਰਦਾ ਹੈ ਪਰ ਜਦ ਇਹ ਦਿਨ ਆਉਂਦਾ ਹੈ ਤਾਂ ਉਹ ਕਿਵੇਂ ਟੁੱਟਦਾ, ਬੱਸ ਇਹੀ ਦੱਸਣਾ ਚਾਹ ਰਿਹਾ ਹਾਂ। ਕਰਤਾਰ ਸਿੰਘ ਨੂੰ ਲੱਗ ਰਿਹਾ ਹੈ ਕਿ ਉਸਦੀ ਬੀਵੀ ਕੀ ਮਰੀ ਉਹ ਤਾਂ ਆਪ ਵੀ ਜਿਉਂਦੇ-ਜੀ ਮਰ ਗਿਆ। ਉਹ ਸੋਚਦਾ ਕਿ ਉਸਦੀ ਬੀਵੀ ਨੂੰ ਨਹੀਂ ਬਲਕਿ ਉਸਨੂੰ ਪਹਿਲਾਂ ਮਰਨਾ ਚਾਹੀਦਾ ਸੀ। "ਪਰ ਚੰਗਾ ਹੋਇਆ ਤੂੰ ਪਹਿਲਾਂ ਮਰ ਗਈ, ਨਹੀਂ ਤਾਂ ਇਹ ਤੇਰੇ ਨਾਲ ਕਿਹੜਾ ਇਹ ਹਾਲ ਨਾ ਕਰਦੇ।" ਉਹ ਮਨ ਹੀ ਮਨ ਸੋਚ ਕੇ ਚੁੱਪ ਕਰ ਜਾਂਦਾ ਹੈ ਤੇ ਆਪਣੇ-ਆਪ ਨਾਲ ਗੱਲਾਂ ਕਰਨ ਲੱਗ ਜਾਂਦਾ ਹੈ। ਪੀੜ ਉਸਨੂੰ ਰੋਟੀ ਦੀ ਨਹੀਂ ਬਲਕਿ ਉਸ ਬੇਰੁਖੀ ਦੀ ਹੈ ਜੋ ਉਸ ਨਾਲ ਹੋ ਰਹੀ ਹੈ। ਹੌਲੀ-ਹੌਲੀ ਉਸਨੂੰ ਕੁਝ-ਕੁਝ ਝੁੰਜਲਾਹਟ ਜਿਹੀ ਮਹਿਸੂਸ ਹੋ ਰਹੀ ਹੈ। ਉਹ ਕਿਸ ਵੇਲੇ ਫ਼ਰਸ਼ 'ਤੇ ਢਹਿ ਪਿਆ ਉਸਨੂੰ ਕੁਝ ਵੀ ਪਤਾ ਨਾ ਲੱਗਾ। ਉਹ ਆਪਣੇ-ਆਪ ਵਿੱਚ ਬੜਾ ਅਜੀਬ ਜਿਹਾ ਮਹਿਸੂਸ ਕਰ ਰਿਹਾ ਹੈ। ਪਰਬਤ ਫ਼ਰਸ਼ 'ਤੇ ਪਿਆ ਆਪਣੇ ਦਰਦ ਨੂੰ ਭੋਗ ਰਿਹਾ ਹੈ। ਉਸਨੂੰ ਆਪਣੇ ਸਰੀਰ ਅੰਦਰ ਮਾਸ ਦਾ ਛੋਟਾ ਜਿਹਾ ਲੋਥੜਾ ਫ਼ੜਫ਼ੜਾਉਂਦਾ ਜਾਪ ਰਿਹਾ ਹੈ। ਅੱਜ ਤੋਂ ਪਹਿਲਾਂ ਉਸ ਕਦੇ ਵੀ ਇਉਂ ਦਾ ਮਹਿਸੂਸ ਨਹੀਂ ਸੀ ਕੀਤਾ, ਅੱਜ ਸਭ ਕੁਝ ਅਜੀਬ ਤਰ੍ਹਾਂ ਨਾਲ ਹੋ ਰਿਹਾ ਹੈ। ਉਹ ਸਭ ਕੁਝ ਵੇਖਕੇ ਹਲਕਾ-ਹਲਕਾ ਮੁਸਕੁਰਾ ਰਿਹਾ ਹੈ। ਉਸ ਨੂੰ ਸਭ ਕੁਝ ਜਿਵੇਂ ਆਪਣੇ ਹੱਥੋਂ ਬਾਹਰ ਹੁੰਦਾ ਜਾਪ ਰਿਹਾ ਹੈ। ਅੱਧ-ਖੁੱਲ੍ਹੀਆਂ ਅੱਖਾਂ ਤੇ ਮਨ-ਮਸਤਕ ਜਿਵੇਂ ਸਭ ਕੁੱਝ ਅਵਚੇਤਨਾ ਵੱਲ ਜਾ ਰਿਹਾ ਹੈ। ਆਪਣੇ ਬੱਚਿਆਂ ਨਾਲ ਗੁਜ਼ਾਰਿਆ ਹੋਇਆ ਸਮਾਂ ਉਸ ਦੀਆਂ ਅੱਖਾਂ ਅੱਗੇ ਘੁੰਮ ਰਿਹਾ ਹੈ। ਦੋਹਾਂ ਬੱਚਿਆਂ ਨਾਲ ਗੁਜ਼ਾਰਿਆ ਉਸਦਾ ਜਵਾਨੀ ਦਾ ਵੇਲਾ ਉਸਨੂੰ ਯਾਦ ਆ ਰਿਹਾ ਹੈ। ਅਵਚੇਤਨਾ ਦੀ ਚੇਤਨਾ ਵਿੱਚ ਕਈ ਦ੍ਰਿਸ਼ ਜਵਾਨੀ ਦੇ ਸਮੇਂ ਦੇ ਘੁੰਮ ਰਹੇ ਹਨ। ਉਸਦੇ ਚਿਹਰੇ 'ਤੇ ਕਈ ਤਰ੍ਹਾਂ ਦੇ ਹਾਵ-ਭਾਵ ਉੱਭਰ ਰਹੇ ਹਨ। ਕੁਝ ਜਾਣੇ ਪਛਾਣੇ ਤੇ ਕੁਝ ਅਣਪਛਾਤੇ ਚਿਹਰੇ ਉਸ ਦੇ ਆਲੇ ਦੁਆਲੇ ਮੰਡਰਾਉਣੇ ਸ਼ੁਰੂ ਹੋ ਗਏ। ਉਹ ਅਵਚੇਤਨਤਾ ਦੇ ਗਹਿਰੇ ਸਮੁੰਦਰ ਵਿੱਚ ਜਾ ਰਿਹਾ ਹੈ। ਹੁਣੇ ਕੁਝ ਦੇਰ ਪਹਿਲੇ ਪੌੜੀਆਂ ਵਿੱਚ ਕੁੱਤੇ ਵਾਲੀ ਥਾਂ 'ਤੇ ਰੋਟੀ ਰੱਖਕੇ ਗਈ ਕੁਝ ਪਛਾਣੀ ਔਰਤ ਉਹੀ ਰੋਟੀ ਦੀ ਪਲੇਟ ਲੈ ਕੇ ਉਸਦੇ ਅੱਗੇ-ਪਿੱਛੇ ਮੰਡਰਾ ਰਹੀ ਹੈ। ਪਰ ਉਹ ਅਨੰਤ ਅਵਚੇਤਨਤਾ ਦੇ ਗਹਿਰੇ ਸਮੁੰਦਰ ਵਿੱਚ ਸਮਾ ਚੁੱਕਾ ਹੈ। ਚੀਕ-ਚਿਹਾੜੇ ਦੀ ਆਵਾਜ਼ ਨੇ ਘਰ ਨੂੰ ਸਿਰ 'ਤੇ ਚੁੱਕ ਲਿਆ ਹੈ। ਮੌਤ ਤੋਂ ਪਹਿਲੇ ਵਾਲਾ ਸੰਨਾਟਾ ਖ਼ਤਮ ਹੋ ਰਿਹਾ ਹੈ ਤੇ ਉਸ ਤੋਂ ਬਾਅਦ ਉੱਠਣ ਵਾਲਾ ਤੂਫ਼ਾਨ ਸ਼ੁਰੂ ਹੋ ਗਿਆ ਹੈ। ਸਾਰੇ ਕਲਾਕਾਰ ਆਪਣਾ-ਆਪਣਾ ਰੋਲ ਬਾਖ਼ੂਬੀ ਨਿਭਾ ਰਹੇ ਹਨ। ਮੌਤ ਤੋਂ ਬਾਅਦ ਵਾਲਾ ਨਾਟਕ ਬਹੁਤ ਵਧੀਆ ਚੱਲ ਰਿਹਾ ਹੈ। ਹਰ ਕਲਾਕਾਰ ਨੂੰ ਆਪਣਾ ਰੋਲ ਵਧੀਆ ਢੰਗ ਨਾਲ ਨਿਭਾਉਣ ਦੀ ਚਿੰਤਾ ਹੈ ਤੇ ਉਹ ਇਹ ਕਰ ਵੀ ਰਿਹਾ ਹੈ। ਸਭ ਕੁਝ ਠੀਕ ਹੋ ਰਿਹਾ ਹੈ। ਉਨ੍ਹਾਂ ਕਲਾਕਾਰਾਂ ਦੇ ਕੁਝ ਸਹਿਯੋਗੀ ਕਲਾਕਾਰ ਵੀ ਉਨ੍ਹਾਂ ਦੀ ਮਦਦ ਲਈ ਆ ਪਹੁੰਚੇ ਹਨ ਤਾਂ ਜੋ ਨਾਟਕ ਦੀ ਪੇਸ਼ਕਾਰੀ ਵਿੱਚ ਕੋਈ ਕਮੀ ਨਾ ਰਹਿ ਜਾਵੇ। ਸਭ ਕੁਝ ਵਧੀਆ ਢੰਗ ਨਾਲ ਨਿਪਟ ਗਿਆ ਹੈ। ਅਜੇ ਵੀ ਬਹੁਤ ਸਾਰੇ ਪਰਬਤ ਆਪਣਾ ਦਰਦ ਲੈ ਕੇ ਇਸ ਸੰਸਾਰ ਵਿੱਚ ਜੀਅ ਰਹੇ ਹਨ। ਕੁਝ ਤੁਹਾਡੇ ਤੇ ਕੁਝ ਮੇਰੇ ਆਲੇ-ਦੁਆਲੇ ਜ਼ਰਾ ਧਿਆਨ ਕਰੋ। ਮਾਂ-ਬਾਪ ਜੀਵਨ ਦਾ ਉਹ ਅਣਮੋਲ ਸਰਮਾਇਆ ਹਨ ਜੋ ਜ਼ਿੰਦਗੀ ਵਿੱਚ ਸਿਰਫ਼ ਇੱਕ ਵਾਰ ਹੀ ਮਿਲਦੇ ਹਨ ਦੂਸਰੀ ਵਾਰ ਨਹੀਂ।

ਵਿਅੰਗ:

# ਮੂੰਗੀ ਦੀ ਦਾਲ

**ਸੁਖਵਿੰਦਰ ਕੌਰ 'ਹਰਿਆਓ'**



ਦਫ਼ਤਰੋਂ ਛੁੱਟੀ ਹੋਣ ਉਪਰੰਤ ਮੈਂ ਘਰ ਨੂੰ ਚਾਲੇ ਪਾਏ। ਅਜੇ ਕੁਝ ਹੀ ਦੂਰ ਗਿਆ ਸੀ ਕਿ ਫੋਨ ਦੀ ਘੰਟੀ ਖੜਕੀ। ਬਿਨਾਂ ਵੇਖੇ ਹੀ ਮੈਂ ਫੋਨ ਚੁੱਕ ਲਿਆ। ਸ਼ਾਮ ਹੋਣ ਵਾਲੀ ਸੀ ਤਾਂ ਜ਼ਾਹਿਰ ਸੀ ਕਿ ਸ੍ਰੀਮਤੀ ਜੀ ਨੇ ਬਜ਼ਾਰੋਂ ਕੁਝ ਮੰਗਵਾਉਣ ਲਈ ਫੋਨ ਕੀਤਾ ਹੋਣਾ। ਆਰਡਰ ਹੋਇਆ, 'ਬਜ਼ਾਰੋਂ ਕੋਈ ਸਬਜ਼ੀ ਲੈ ਆਣਾ। ਅੱਜ ਗਲ਼ੀ 'ਚ ਫੇਰੀ ਵਾਲਾ ਨਹੀਂ ਆਇਆ'। ਮੈਂ ਫੋਨ ਜੇਬ 'ਚ ਪਾ ਕੇ ਅੱਗੇ ਤੁਰ ਪਿਆ। ਅਜੇ ਸਬਜ਼ੀ ਬਜ਼ਾਰ ਵੱਲ ਮੁੜਨ ਹੀ ਲੱਗਿਆ ਸੀ, ਇਕ ਖੱਚਰ ਰੇੜ੍ਹੇ ਵਾਲਾ ਹੋਕਾ ਦੇ ਰਿਹਾ ਸੀ, 'ਲੈ ਜੋ ਸਾਬਤ ਮੂੰਗੀ, ਘਰ ਦੀ ਮੂੰਗੀ, ਬਦਾਮਾਂ ਵਰਗੀ ਦੇਸੀ ਮੂੰਗੀ'। ਆਵਾਜ਼ ਕੰਨਾਂ 'ਚ ਮਿਸ਼ਰੀ ਵਾਂਗ ਘੁਲਣ 'ਤੇ ਸੋਚਾਂ ਅਤੀਤ ਵੱਲ ਲੈ ਤੁਰੀਆਂ... ਬੇਬੇ ਸ਼ਾਮ ਢਲਣ ਤੋਂ ਪਹਿਲਾਂ ਹੀ ਹਾਰੇ ਵਿਚ ਮੂੰਗੀ ਰਿੱਝਣੀ ਪਾ ਦਿੰਦੀ 'ਤੇ ਆਉਂਦੀ-ਜਾਂਦੀ ਕੰਮ ਕਰਦੀ ਪਾਥੀਆਂ ਭੰਨ੍ਹ ਹਾਰੇ 'ਚ ਪਾਉਂਦੀ ਰਹਿੰਦੀ। ਦੋ-ਤਿੰਨ ਘੰਟਿਆਂ ਬਾਅਦ ਹਾਰੇ 'ਚੋਂ ਮੂੰਗੀ ਉਬਾਲਾ ਦੇਣ ਲਈ ਤਪਲੇ (ਮਿੱਟੀ ਦਾ ਭਾਂਡਾ ਜੋ ਪਤੀਲੇ ਦੀ ਥਾਂ ਵਰਤਿਆ ਜਾਂਦਾ) 'ਚ ਕੱਢ ਕੇ ਚੁੱਲ੍ਹੇ 'ਤੇ ਧਰ ਦਿੰਦੀ। ਆਪ ਕੋਲ ਚੁੱਲ੍ਹੇ 'ਤੇ ਰੋਟੀਆਂ ਪਕਾਉਂਦੀ ਰਹਿੰਦੀ। ਮੂੰਗੀ ਦੀ ਦਾਲ ਤਾਂ ਸਾਰੇ ਸਵਾਦਾਂ ਨੂੰ ਮਾਤ ਪਾਉਂਦੀ ਸੀ। ਮੂੰਹ ਸਵਾਦ ਨਾਲ ਭਰ ਜਾਂਦਾ, ਢਿੱਡ ਰੱਜ ਜਾਂਦਾ ਪਰ ਦਿਲ ਨਾ ਰੱਜਦਾ। ਨਾਲ ਗੰਢਾ ਖਾਂਦੇ, ਸ਼ਾਹੀ ਖਾਣਾ ਹੁੰਦਾ ਸੀ। ਸੋਚਾਂ ਦੀਆਂ ਵਾਗਾਂ ਫਿਰ ਆਈ ਆਵਾਜ਼ ਨਾਲ ਟੁੱਟੀਆਂ ਤੇ ਮੈਂ ਰੇਹੜੇ ਕੋਲ ਜਾ ਕੇ ਮੂੰਗੀ ਦਾ ਭਾਅ ਪੁੱਛਿਆ। 'ਬਾਈ ਜੀ ਸੌ ਰੁਪਏ ਕਿਲੋ ਐ। ਦੇਖੋ ਤਾਂ ਸਹੀ ਦਾਣਾ-ਦਾਣਾ ਚਮਕਦਾ ਪਿਆ ਐ', ਰੇੜ੍ਹੇ ਵਾਲੇ ਨੇ ਹੱਥ 'ਤੇ ਮੂੰਗੀ ਦੇ ਦਾਣੇ ਧਰ ਕੇ ਮੇਰੇ ਅੱਗੇ ਕੀਤੇ। ਇਕ ਵਾਰ ਤਾਂ ਰੇਟ ਸੁਣ ਕੇ ਸੋਚਿਆ ਛੱਡ ਮਨਾ, ਫਿਰ ਸੋਚਿਆ ਕਿੰਨੇ ਸਾਲ ਹੋ ਗਏ ਮੂੰਗੀ ਦਾ ਸਵਾਦ ਚੱਖਿਆਂ ਨੂੰ। ਦਿਲ ਦੀ ਮੰਨ ਕੇ ਇਕ ਕਿਲੋ ਮੂੰਗੀ ਪਵਾ ਲਈ ਤੇ ਘਰ ਵੱਲ ਤੁਰ ਪਿਆ।

'ਕਾਹਦੀ ਸਬਜ਼ੀ ਲਿਆਂਦੀ', ਚਾਹ ਨਾ ਪਾਣੀ ਸ੍ਰੀਮਤੀ ਨੇ ਫ਼ਰਮਾਇਸ਼ੀ ਮਤਾ ਅੱਗੇ ਰੱਖਿਆ। ਜਦੋਂ ਮੂੰਗੀ ਵਾਲਾ ਲਿਫ਼ਾਫਾ ਅੱਗੇ ਕੀਤਾ ਤਾਂ ਸ੍ਰੀਮਤੀ ਜੀ ਦੇ ਸਿਰ ਸੌ ਘੜੇ ਪਾਣੀ ਪੈ ਗਿਆ। ਪਾਰਾ ਤਾਂ ਨੱਬੇ ਡਿੱਗਰੀ ਚੜ੍ਹ ਗਿਆ। 'ਹਾਏ ਮੂੰਗੀ... ਕਿਸ ਦੀ ਸਲਾਹ ਲੈ ਕੇ ਚੁੱਕ ਲਿਆਂਦੀ। ਬੱਚੇ ਤਾਂ ਪਹਿਲਾਂ ਹੀ ਪਸੰਦ ਨਹੀਂ ਕਰਦੇ। ਕੋਈ ਚੱਜ ਦੀ ਸਬਜ਼ੀ ਲਿਆਉਂਦੇ'। ਮੈਂ ਤਾਜ਼ੇ ਫੜੇ ਚੋਰ ਵਾਂਗ ਨਜ਼ਰਾਂ ਚੁਰਾ ਗਿਆ। 'ਚੱਲ ਕੋਈ ਨਾ ਧਰ ਲਓ ਅੱਜਕਲ੍ਹ ਨੂੰ ਸਬਜ਼ੀ ਲਿਆਵਾਂਗਾ। ਬੱਚੇ ਵੀ ਤਾਂ ਖਾਣਗੇ ਜੇ ਕਦੇ ਖਾਧੀ ਹੋਵੇ, ਸੌ ਰੁਪਈਆ ਲੱਗਿਆ', ਡਰਦੇ ਨੇ ਹਿੰਮਤ ਵਿਖਾ ਕੇ ਮੰਗ ਅੱਗੇ ਰੱਖ ਦਿੱਤੀ ਤੇ ਸ੍ਰੀਮਤੀ ਨੇ ਨੱਕ-ਬੁੱਲ੍ਹ ਕੱਢ ਕੇ ਮੰਗ ਮਨਜ਼ੂਰ ਕਰ ਹੀ ਲਈ। ਮਨ ਗਦ-ਗਦ ਹੋ ਗਿਆ। ਸ੍ਰੀਮਤੀ ਨੇ ਪ੍ਰੈਸ਼ਰ ਕੁੱਕਰ ਚੁੱਕਿਆ ਤੇ ਪਾਣੀ 'ਚ ਨਮਕ ਮਿਰਚ ਪਾ ਕੇ ਮੂੰਗੀ ਵਾਲਾ ਅੱਧਾ ਲਿਫ਼ਾਫਾ ਉਲਟਾ ਦਿੱਤਾ। ਵੇਖ ਕੇ ਇਕ ਵਾਰ ਤਾਂ ਮਨ ਫਿੱਕਾ ਜਿਹਾ ਹੋ ਗਿਆ। ਚਲੋ ਜ਼ਮਾਨਾ ਬਦਲਿਆ ਇੰਨੀ ਸਜ਼ਾ ਤਾਂ ਸਹਿਣੀ ਪਵੇਗੀ। ਜਦ ਉਖਲੀ 'ਚ ਸਿਰ ਪਾ ਹੀ ਲਿਆ ਫਿਰ ਮੋਹਲਿਆਂ ਤੋਂ ਕੀ ਡਰਨਾ। ਸ੍ਰੀਮਤੀ ਜੀ ਨੇ ਜਾ ਕੇ ਟੀ.ਵੀ. ਲਾ ਲਿਆ। ਅੱਧਾ ਕੁ ਘੰਟਾ ਤਾਂ ਵੇਖਿਆ ਫਿਰ ਸਬਰ ਦਾ ਪਿਆਲਾ ਟੁੱਟਿਆ। 'ਸ੍ਰੀਮਤੀ ਜੀ ਨੂੰ ਕਿਹਾ ਜ਼ਰਾ ਵੇਖ ਲੈਂਦੇ, ਇੰਨਾ ਚਿਰ ਹੋ ਗਿਆ ਐ ਗੈਸ ਚਲ ਰਿਹਾ। ਦਾਲ ਖਰਾਬ ਨਾ ਹੋ ਜਾਵੇ'। ਸ੍ਰੀਮਤੀ ਜੀ ਨੇ ਰਿਮੋਟ ਪਟਕਾਂਦਿਆਂ ਕਿਹਾ, 'ਨਵੀਂ ਨਹੀਂ ਆਈ, ਹੁਣ ਤੱਕ ਦਾਲ ਸਬਜ਼ੀਆਂ 'ਚ ਹੀ ਰਹੀ ਹਾਂ। ਗੋਭੀ ਨ੍ਹੀਂ ਜੋ ਪੰਦਰ੍ਹਾਂ ਮਿੰਟਾਂ 'ਚ ਬਣੂ, ਤਿੰਨ ਸੀਟੀਆਂ 'ਤੇ ਹੀ ਬਣੂ ਦਾਲ। ਬਹਿ ਜਾਓ ਰਾਮ ਨਾਲ, ਮੈਂ ਵੇਚ ਕੇ ਨ੍ਹੀਂ ਆਉਂਦੀ... ਦਾਲ ਘਰੇ ਹੀ ਦੇਵਾਂਗੀ ਖਾਣ ਨੂੰ। ਮੇਰਾ ਸੀਰੀਅਲ ਚਲ ਰਿਹਾ ਐ, ਚੁੱਪ ਕਰੋ'। ਸ੍ਰੀਮਤੀ ਜੀ ਨੇ ਰਿਮੋਟ ਚੁੱਕ ਆਵਾਜ਼ ਹੋਰ ਉੱਚੀ ਕਰ ਲਈ। ਮੈਂ ਹਾਰੇ ਖਿਡਾਰੀ ਵਾਂਗ ਉੱਥੇ ਹੀ ਬਹਿ ਗਿਆ।

ਜਦ ਰਾਤ ਨੂੰ ਡਾਇਨਿੰਗ ਟੇਬਲ 'ਤੇ ਆ ਕੇ ਬੈਠਿਆ, ਸਾਰਾ ਕੁਝ ਹੋਣ 'ਤੇ ਵਰ੍ਹਿਆਂ ਬਾਅਦ ਮੂੰਗੀ ਦਾ ਸਵਾਦ ਚੱਖਣ ਦੀ ਤਾਂਘ ਸੀ। ਬੱਚੇ ਤਾਂ ਮੂੰਗੀ ਵੇਖ ਕੇ ਹੀ ਨੱਕ ਵੱਟ ਗਏ। ਸ੍ਰੀਮਤੀ ਜੀ ਘੂਰਨ ਲੱਗੇ, ਬੱਚਿਆਂ ਨੇ ਰੌਲਾ ਪਾ ਲਿਆ, 'ਅਸੀਂ ਭੁੱਖੇ ਹੀ ਸੌਂ ਜਾਵਾਂਗੇ ਪਰ ਆਹ ਮੂੰਗੀ ਨਹੀਂ ਖਾਣੀ। ਸਾਨੂੰ ਤਾਂ ਪੀਜ਼ਾ ਮੰਗਵਾ ਕੇ ਦਿਓ'। ਸ੍ਰੀਮਤੀ ਨੇ ਜਦੋਂ ਦਾਲ ਕੌਲੀ 'ਚ ਪਾਈ ਤਾਂ ਵੇਖ ਕੇ ਮਨ ਖੱਟਾ ਹੋ ਗਿਆ। ਪਾਣੀ ਅੱਡ ਤੇ ਦਾਲ ਅੱਡ ਫਿਰੇ, ਤਲਾਅ 'ਚ ਮੱਛੀਆਂ ਵਾਂਗੂ। ਪਹਿਲੀ ਬੁਰਕੀ ਪਾਈ ਤਾਂ ਜਾੜ੍ਹ ਥੱਲ੍ਹੇ ਕੋਕੜੂ ਕੜਕ ਦੇਣੇ ਆ ਗਿਆ। ਦਾਲ 'ਚ ਨਾ ਨਮਕ ਨਾ ਕੋਈ ਮਿਰਚ। ਬੁਰਕੀ ਬਾਹਰ ਆਵੇ ਮੈਂ ਅੰਦਰ ਨੂੰ ਧੱਕਾਂ। ਸ੍ਰੀਮਤੀ ਜੀ ਵੱਲ ਵੇਖਣ ਦੀ ਹਿੰਮਤ ਨਾ ਹੋਈ। ਸਿਫ਼ਾਰਿਸ਼ ਤਾਂ ਮੇਰੀ ਹੀ ਸੀ। ਨਘੋਚ ਕੱਢੂੰਗਾ ਤਾਂ ਇਕ ਦੇ ਬਦਲੇ ਦਸ ਸੁਣਨੀਆਂ ਪੈਣਗੀਆਂ। ਕਹੂਗੀ ਜਿਹੜੀ ਵਧੀਆ ਬਣਾਉਂਦੀ ਉਹ ਲੈ ਆ। ਹਫ਼ਤਾ ਭੁੱਖ ਹੜਤਾਲ 'ਤੇ ਰਹਿਣਾ ਪਊਗਾ। ਸੋਚ ਕੇ ਚੁੱਪ ਹੀ ਕਰ ਗਿਆ। ਬੱਚੇ ਧਰਨੇ 'ਤੇ ਬੈਠ ਗਏ। ਫੋਨ ਕਰਕੇ ਪੀਜ਼ੇ ਦਾ ਆਰਡਰ ਦਿੱਤਾ। ਉਧਰੋਂ ਸ੍ਰੀਮਤੀ ਜੀ ਨੇ ਮੂੰਗੀ ਦੀ ਸਾਰੀ ਦਾਲ ਮੇਰੇ ਅੱਗੇ ਕਰ ਦਿੱਤੀ, 'ਤੁਸੀਂ ਲੈ ਕੇ ਆਏ ਸੀ ਨਾ, ਹੁਣ ਸਾਰੀ ਦਾਲ ਤੁਸੀਂ ਹੀ ਖਾਇਓ'। ਫਸੀ ਨੂੰ ਫਟਕਣ ਕੀ ? ਸਾਰੇ ਪੀਜ਼ਾ ਖਾ ਕੇ ਘੁਰਾੜੇ ਮਾਰਨ ਲੱਗੇ ਤੇ ਮੈਂ ਦਾਲ ਅੱਗੇ ਰੱਖੀ। ਆਪਣੇ ਪੈਰੀਂ ਆਪ ਕੁਹਾੜਾ ਮਾਰ ਹੁਣ ਪਛਤਾ ਰਿਹਾ ਸੀ। ਕੰਨਾਂ ਨੂੰ ਹੱਥ ਲਾ ਕੇ ਤੋਬਾ ਕੀਤੀ ਅੱਗੇ ਤੋਂ ਅਚਾਰ ਨਾਲ ਰੋਟੀ ਖਾਣੀ ਮਨਜ਼ੂਰ ਐ ਪਰ ਮੂੰਗੀ ਦੀ ਦਾਲ ਕਦੇ ਨਾ ਆਪ ਲਿਆਵਾਂ ਤੇ ਨਾ ਕਿਸੇ ਨੂੰ ਲਿਆਉਣ ਦੇਵਾਂ। ਭੁੱਖਾ ਮਰ ਜਾਵਾਂਗਾ ਪਰ ਮੂੰਗੀ...ਡਸਟਬਿਨ 'ਚ ਦਾਲ ਪਾ ਕੇ ਚੁੱਪ ਕਰਕੇ ਬਿਨਾਂ ਅੱਖਾਂ ਮੀਚੇ ਸੌਂ ਗਿਆ।

-ਸਕੱਤਰ ਮਾਲਵਾ ਲਿਖਾਰੀ ਸਭਾ, ਸੰਗਰੂਰ

# ਚਾਹ ਦਾ ਕੱਪ ਤੇ ਗੱਪ-ਸ਼ੱਪ

**ਦਲਜੀਤ ਕੌਰ ਸਿੱਧੂ**



ਪਿਛਲੇ ਤੋਂ ਪਿਛਲੇ ਹਫਤੇ ਮੈਂ ਪਾਠਕਾਂ ਨਾਲ ਚਾਹ ਦੇ ਕੱਪ ਤੋਂ ਬਿਨਾਂ ਗੱਪ-ਸ਼ੱਪ ਕੀਤੀ ਸੀ। ਅੱਜ ਫਿਰ ਉਸੇ ਗੱਪ-ਸ਼ੱਪ ਨੂੰ ਅੱਗੇ ਵਧਾਉਂਦੀ ਹਾਂ।

ਕੁਝ ਦਿਨ ਪਹਿਲਾਂ ਅਸੀਂ ਕਈ ਸਹੇਲੀਆਂ ਚਾਹ ਦੇ ਕੱਪ ਤੇ ਇੱਕਠੀਆਂ ਹੋਈਆਂ। ਸਾਡੇ ਵਿਚ ਗ੍ਰਹਿਣੀਆਂ ਵੱਧ 'ਤੇ ਕੰਮਕਾਜੀ ਔਰਤਾਂ ਦੀ ਗਿਣਤੀ ਘੱਟ ਸੀ। ਗ੍ਰਹਿਣੀਆਂ ਆਮ ਤੌਰ 'ਤੇ ਰੋਜ਼ ਮਰ੍ਹਾ ਖਬਰਾਂ ਜਾਂ ਰਾਜਨੀਤੀ ਬਾਰੇ ਗੱਲ ਨਹੀਂ ਕਰਦੀਆਂ। ਜੇ ਕਰਦੀਆਂ ਹਨ ਤਾਂ ਆਪਣੇ ਪਤੀਆਂ, ਬੱਚਿਆਂ ਤੇ ਰਿਸ਼ਤੇਦਾਰਾਂ ਬਾਰੇ ਕਰਦੀਆਂ ਹਨ। ਗੱਲਾਂ ਤਾਂ ਬਹੁਤ ਹੋਈਆਂ ਪਰ ਕੁਝ ਇਕ ਮੈਨੂੰ ਪਸੰਦ ਆਈਆਂ।

ਇਕ ਸਹੇਲੀ ਦਾ ਪਤੀ ਛੇ ਮਹੀਨੇ ਪਹਿਲਾਂ ਹੀ ਸੇਵਾ-ਮੁਕਤ ਹੋਇਆ ਸੀ। ਪਹਿਲਾਂ ਤਾਂ ਉਹ ਅਚਾਨਕ ਬੋਲੀ 'ਬਈ, ਪਤੀਆਂ ਨੂੰ ਤਾਂ ਸੇਵਾ-ਮੁਕਤ ਹੋਣਾ ਹੀ ਨਹੀਂ ਚਾਹੀਦਾ।'

ਮੈਂ ਆਖਿਆ 'ਸਾਰੀ ਉਮਰ ਤਾਂ ਦਫਤਰ ਵਿਚ ਕੰਮ ਕਰਦਿਆਂ ਬੀਤ ਜਾਂਦੀ ਹੈ, ਸੇਵਾ-ਮੁਕਤੀ ਹੀ ਤਾਂ ਮੌਕਾ ਦਿੰਦੀ ਹੈ ਪਤਨੀ ਤੇ ਬੱਚਿਆਂ ਨਾਲ ਸਮਾਂ ਬਿਤਾਉਣ ਦਾ'।

'ਆਹੋ! ਬੱਚੇ ਤਾਂ ਜਦ ਤੱਕ ਸੈਟਲ ਹੋ ਜਾਂਦੇ ਹਨ ਤੇ ਰਹਿ ਜਾਂਦੀ ਹੈ ਪਤਨੀ - ਤਨਖਾਹ ਅੱਧੀ ਮਿਲਦੀ ਹੈ ਤੇ ਪਤੀ ਪੂਰਾ ਤੇ ਉਸ ਦਾ ਸਮਾਂ ਵਾਧੂ ਵਿਚ। ਇਸ ਉਮਰ ਵਿਚ ਇਕ-ਦੂਜੇ ਨੂੰ ਨਿਹਾਰਨ ਤੋਂ ਤਾਂ ਰਹੇ ਤੇ ਸ਼ੁਰੂ ਹੋ ਜਾਂਦੀ ਹੈ ਖਾਹ-ਮਖਾਹ ਦੀ ਚੁੰਝ ਭਿੜਾਈ ਤੇ ਬਹਿਸਬਾਜ਼ੀ'।

ਇਸ ਤੋਂ ਪਹਿਲਾਂ ਕਿ ਮੈਂ ਕੁਝ ਬੋਲਦੀ, ਉਹ ਆਖਣ ਲੱਗੀ, 'ਹਾਂ ਸੱਚ ਮੈਂ ਇਕ ਹੋਰ ਗੱਲ ਦੱਸਣੀ ਹੀ ਭੁੱਲ ਗਈ 'ਸੇਵਾ-ਮੁਕਤੀ ਤੋਂ ਬਾਅਦ ਪਤੀ-ਪਤੀ ਘੱਟ ਤੇ ਸੱਸ ਜ਼ਿਆਦਾ ਬਣ ਜਾਂਦਾ ਹੈ। ਸਾਰੀ ਉਮਰ ਤਾਂ ਸਿਰਫ ਕੁਰਸੀ ਮੇਜ਼ 'ਤੇ ਬੈਠ ਕੇ ਖਾਣਾ ਖਾਧਾ ਤੇ ਖਿਸਕ ਗਏ। ਪਿੱਛੇ ਮੁੜ ਕੇ ਵੀ ਨਹੀਂ ਵੇਖਿਆ। ਸੇਵਾ-ਮੁਕਤੀ ਤੋਂ ਬਾਅਦ ਆਨੇ-ਬਹਾਨੇ ਰਸੋਈ ਦੇ ਦਸ ਚੱਕਰ ਲਗਾਉਣਗੇ, ਵਾਰ-ਵਾਰ ਫਰਿੱਜ ਖੋਲ੍ਹਣਗੇ, ਨੁਕਤਾਚੀਨੀ ਦੀ ਆਦਤ ਤਾਂ ਪਈ ਹੀ ਹੁੰਦੀ ਹੈ-ਸੋ, ਕੀ ਰੱਖਿਆ ਹੈ, ਕਿਵੇਂ ਰੱਖਿਆ ਹੈ, ਇਹ ਕਿੰਨੀ ਪੁਰਾਣੀ ਸਬਜ਼ੀ ਹੈ, ਵਗੈਰਾ ਵਗੈਰਾ, ਵੀਹ ਸਵਾਲ ਪੁੱਛਣਗੇ। ਬਈ ਮੇਰੇ ਲਈ ਤਾਂ ਇਨ੍ਹਾਂ ਦੀ ਸੇਵਾ-ਮੁਕਤੀ ਸੱਸ ਬਣ ਚੁੱਕੀ ਹੈ'।

ਅਸੀਂ ਸਾਰੀਆਂ ਜ਼ੋਰ-ਜ਼ੋਰ ਦੀ ਹੱਸ ਪਈਆਂ। ਗੱਲਾਂ ਉਸ ਦੀਆਂ ਬਹੁਤੀਆਂ ਗ਼ਲਤ ਵੀ ਨਹੀਂ ਸਨ।

ਇੰਨੇ ਵਿਚ ਇਕ ਹੋਰ ਬੋਲੀ, 'ਤੁਸੀਂ ਤਾਂ ਆਪਣੇ ਪਤੀ ਦੀ ਗੱਲ ਕਰ ਰਹੇ ਹੋ ਮੈਂ ਅਪਣੇ ਪਿਆਰੇ ਬੱਚਿਆਂ ਦੀ ਗੱਲ ਦੱਸਦੀ ਹਾਂ। ਮੇਰੀ ਧੀ ਹਮੇਸ਼ਾ ਗਰਮੀਆਂ ਦੀਆਂ ਛੁੱਟੀਆਂ ਵਿਚ ਆਪਣੇ ਬੱਚਿਆਂ ਨੂੰ ਲੈ ਕੇ ਪੇਕੇ ਆਉਂਦੀ ਹੈ। ਮੈਂ ਉਨ੍ਹਾਂ ਲਈ ਉਚੇਚੀਆਂ ਤਿਆਰੀਆਂ ਵੀ ਕਰਦੀ ਹਾਂ। ਬੱਚਿਆਂ ਦੇ ਖਾਣ-ਪੀਣ ਤੇ ਮਨਪ੍ਰਚਾਵੇ ਦਾ ਵੀ ਧਿਆਨ ਰੱਖਦੀ ਹਾਂ। ਪਰ ਹੁਣ ਜਿਸਮ ਸਾਥ ਨਹੀਂ ਦਿੰਦਾ, ਥਕਾਵਟ ਬਹੁਤ ਹੋ ਜਾਂਦੀ ਹੈ। ਪਿਛਲੀਆਂ ਗਰਮੀਆਂ ਵਿਚ ਫਿਰ ਮੇਰੀ ਬੇਟੀ ਤੇ ਬੱਚੇ ਆਏ। ਜਦ ਉਹ ਜਾਣ ਲੱਗੇ ਤਾਂ ਮੈਂ ਬੱਚਿਆਂ ਨੂੰ ਕੁਝ ਤੋਹਫੇ ਤੇ ਬੇਟੀ ਨੂੰ ਪੈਸੇ ਦਿੱਤੇ। ਬੇਟੀ ਬੋਲੀ 'ਮੰਮੀ ਹਰ ਵਾਰੀ ਤੁਸੀਂ ਸਾਡੇ ਆਉਣ 'ਤੇ ਐਨੀ ਖਾਤਰਦਾਰੀ ਕਰਦੇ ਹੋ ਤੇ ਫਿਰ ਪੈਸੇ ਵੀ ਦਿੰਦੇ ਹੋ, ਇਹ ਤਾਂ ਤੁਹਾਡੇ 'ਤੇ ਸਾਡੇ ਆਉਣ ਦਾ ਵਾਧੂ ਟੈਕਸ ਹੈ।' 'ਮੈਂ ਪੈਸੇ ਆਉਣ ਦੇ ਨਹੀਂ, ਜਾਣ ਦੇ ਦੇ ਰਹੀ ਹਾਂ', ਮੇਰੇ ਮੂੰਹ ਵਿਚੋਂ ਅਚਾਨਕ ਨਿਕਲ ਗਿਆ। ਮੈਂ ਬੜਾ ਪਛਤਾਈ ਇਹ ਕੀ ਕਹਿ ਦਿੱਤਾ ਹੈ। ਪਰ ਬੇਟੀ ਸੀ ਉਹ ਸਮਝ ਗਈ ਕਿ ਮਾਂ ਦੀ ਵਧਦੀ ਉਮਰ ਦਾ ਅਸਰ ਉਸ ਦੇ ਚਾਅ 'ਤੇ ਹੁਣ ਹਾਵੀ ਹੋ ਰਿਹਾ ਹੈ। ਸੋ ਅਸੀਂ ਗਲੇ ਮਿਲੀਆਂ ਤੇ ਹੱਸ ਪਈਆਂ। ਜੇ ਕਿਤੇ ਨੂੰਹ ਹੁੰਦੀ ਤਾਂ ਸ਼ਾਇਦ ਉਹ ਇਸ ਸਾਲ ਆਉਂਦੀ ਹੀ ਨਾ। ਇਕ ਹੋਰ ਸਹੇਲੀ ਬੋਲੀ, 'ਨੂੰਹਾਂ ਦੇ ਖਿਲਾਫ਼ ਐਸਾ ਨਾ ਕਹੋ। ਉਹ ਵੀ ਕਿਸੇ ਦੀਆਂ ਧੀਆਂ ਹਨ ਤੇ ਸਮਝਦਾਰ ਵੀ ਹਨ।' ਗੱਲਾਂ ਹੋਰ ਬਹੁਤ ਹੋਈਆਂ ਤੇ ਹੁੰਦੀਆਂ ਰਹਿਣਗੀਆਂ ਪਰ ਸੁਣਾਵਾਂਗੀ ਫਿਰ ਕਦੇ।

## ਇਮਾਨਦਾਰੀ ਦਾ ਪਾਠ

ਸਕੂਲ ਵਿਚ ਅੱਧੀ ਛੁੱਟੀ ਹੋਈ ਸੀ। ਅਧਿਆਪਕ ਦਫਤਰ ਦੇ ਸਾਹਮਣੇ ਇਕੱਠੇ ਬੈਠੇ ਸਨ। ਪੰਜਵੀਂ ਜਮਾਤ ਦਾ ਬੱਚਾ ਆਇਆ ਤੇ ਬੜੀ ਮਸੂਮੀਅਤ ਨਾਲ ਅਧਿਆਪਕਾਂ ਨੂੰ ਕਹਿਣ ਲੱਗਾ, 'ਸਰ ਜੀ! ਮੇਰੇ ਦਸ ਰੁਪਏ ਡਿੱਗ ਪਏ ਹਨ, ਕਿਤੇ ਤਹਾਨੂੰ ਤੇ ਨਹੀਂ ਲੱਭੇ ? ਨਹੀਂ ਪੁੱਤ ਸਾਨੂੰ ਨਹੀਂ ਲੱਭੇ। ਕੀ ਕਰਨੇ ਸੀ ਦਸ ਰੁਪਏ ? ਖੇਡ ਅਧਿਆਪਕ ਨੇ ਬੱਚੇ ਨੂੰ ਸਵਾਲ ਕੀਤਾ। 'ਸਰ ਜੀ! ਪੰਜ ਰੁਪਏ ਘਰ ਜਾਣ ਦਾ ਕਿਰਾਇਆ ਸੀ ਅਤੇ ਪੰਜ ਰੁਪਏ ਦੀ ਚੀਜ਼ ਖਾਣੀ ਸੀ'। ਜਦ ਬੱਚਾ ਮਸੂਮੀਅਤ ਵਿਚ ਇਹ ਬੋਲ, ਬੋਲ ਰਿਹਾ ਸੀ ਤਾਂ 'ਚੀਜ਼ ਖਾਣ' ਦੇ ਨਾਂਅ ਤੋਂ ਬੱਚੇ ਦੀਆਂ ਅੱਖਾਂ ਨਮ ਹੋ ਗਈਆਂ। ਕੁਝ ਅਧਿਆਪਕਾਂ ਨੂੰ ਇੰਜ ਲੱਗਾ ਕਿ ਜਿਵੇਂ ਉਹ ਬੱਚਾ ਉਨ੍ਹਾਂ ਦੀਆਂ ਚੱਲ ਰਹੀਆਂ ਗੱਲਾਂਬਾਤਾਂ ਵਿਚ ਵਿਘਨ ਪਾ ਰਿਹਾ ਹੋਵੇ। ਇਕ ਅਧਿਆਪਕ ਨੇ ਆਪਣੇ ਬਟੂਏ ਵਿਚੋਂ ਦਸ ਰੁਪਏ ਦਾ ਨੋਟ ਕੱਢਿਆ ਤੇ ਬੱਚੇ ਨੂੰ ਦੇਣਾ ਚਾਹਿਆ। ਸਰ ਜੀ! ਇਹ ਮੇਰੇ ਪੈਸੇ ਨਹੀਂ, ਮੇਰੇ ਤੇ ਪੰਜਾਂ-ਪੰਜਾਂ ਦੇ ਦੋ ਦੁੱਪੜ ਸਨ। 'ਰੱਖ ਲਾ...,ਉਹ ਵੀ ਦਸ ਰੁਪਏ ਸੀ, ਇਹ ਵੀ ਦਸ ਰੁਪਏ ਆਂਇਕ ਹੋਰ ਅਧਿਆਪਕ ਜੋ ਬੱਚੇ ਨੂੰ ਆਪਣੀ ਚੱਲ ਰਹੀ ਗੱਲਬਾਤ ਵਿਚ ਰੁਕਾਵਟ ਪਾਉਂਦਾ ਜਾਪਿਆ, ਥੋੜ੍ਹੀ ਜਿਹੀ ਉੱਚੀ ਆਵਾਜ਼ ਅਤੇ ਤਲਖੀ ਵਿਚ ਬੋਲਿਆ। ਵਿਦਿਆਰਥੀ ਨੇ ਦਸ ਰੁਪਏ ਦਾ ਨੋਟ ਰੱਖ ਤਾਂ ਲਿਆ ਪਰ ਉਸ ਦੇ ਚਿਹਰੇ 'ਤੇ ਖੁਸ਼ੀ-ਮੁਸਕਾਨ ਦਾ ਕੋਈ ਚਿੰਨ੍ਹ ਦਿਖਾਈ ਨਾ ਦਿੱਤਾ। ਅੱਧੀ ਛੁੱਟੀ ਬੰਦ ਹੋਣ ਵਿਚ ਕੁਝ ਮਿੰਟ ਬਾਕੀ ਸਨ, ਥੋੜੀ ਦੇਰ ਬਾਅਦ ਉਹ ਬੱਚਾ ਆਪਣੇ ਇਕ ਹੱਥ ਦੀ ਮੁੱਠੀ ਮੀਟੀ ਤੇਜ਼ੀ ਨਾਲ ਦੌੜਦਾ ਹੋਇਆ ਅਧਿਆਪਕਾਂ ਕੋਲ ਆਇਆ ਤੇ ਬੜੇ ਖੁਸ਼ੀ ਭਰੇ ਲਹਿਜ਼ੇ ਵਿਚ ਕਹਿੰਦਾ, ਸਰ ਜੀ! ਸਰ ਜੀ...! ਆਹ ਲਓ ਆਪਣਾ ਦਸਾਂ ਦਾ ਨੋਟ! ਮੈਨੂੰ ਮੇਰੇ ਪੈਸੇ ਲੱਭ ਗਏ ਆ, ਪੌੜੀਆਂ ਵਿਚ ਡਿੱਗੇ ਪਏ ਸੀ। ਆਹ ਦੇਖੋ ਪੰਜਾਂ-ਪੰਜਾਂ ਦੇ ਦੋ ਦੁੱਪੜ, ਬੱਚਾ ਸਾਹੋ-ਸਾਹੀ ਹੋਇਆ ਇਕੋ ਸਾਹੇ ਖੁਸ਼ੀ ਭਰੇ ਲਹਿਜ਼ੇ ਵਿਚ ਬੋਲੀ ਜਾ ਰਿਹਾ ਸੀ। ਬੱਚੇ ਦੀ ਮਸੂਮੀਅਤ ਅਤੇ ਈਮਾਨਦਾਰੀ ਨੂੰ ਦੇਖਦੇ ਅਧਿਆਪਕ ਆਪੋ-ਆਪਣੇ ਦੁੱਖ-ਸੁੱਖ ਫਰੋਲਦੇ ਇਕ ਦਮ ਚੁੱਪ ਕਰ ਗਏ। ਬੱਚੇ ਵਰਗੀ ਖੁਸ਼ੀ ਲੱਭਣ ਦੀ ਕੋਸ਼ਿਸ਼ ਕਰਦੇ ਇਕ-ਦੂਜੇ ਦੇ ਚਿਹਰਿਆਂ ਵੱਲ ਦੇਖਦੇ। ਆਪਣੇ ਪੜ੍ਹਾਏ ਦਾ ਬੱਚਿਆਂ 'ਤੇ ਹੋਏ ਅਸਰ ਦਾ ਫ਼ਖ਼ਰ ਮਹਿਸੂਸ ਕਰਦੇ ਅੰਦਰੋ-ਅੰਦਰੀ ਮੁਸਕਰਾਉਣ ਲੱਗ ਪਏ, ਪਰ ਨਿਮਾਣਾਂ ਸਿਹੁੰ ਵੀ ਥੋੜ੍ਹੀ ਦੂਰ ਬੈਠਾ ਇਹ ਸਭ ਕੁਝ ਦੇਖ ਕੇ ਮੁਸਕਰਾਉਂਦਾ ਹੋਇਆ ਸੋਚ ਰਿਹਾ ਸੀ ਕਿ ਜਿਵੇਂ ਅੱਜ ਉਹ ਮਾਸੂਮ ਬੱਚਾ ਨਿਮਾਣੇ ਸਮੇਤ ਬਾਕੀ ਅਧਿਆਪਕਾਂ ਨੂੰ ਵੀ ਇਮਾਨਦਾਰੀ ਦਾ ਪਾਠ ਪੜ੍ਹਾ ਗਿਆ ਹੋਵੇ।

-ਸੁਖਬੀਰ ਸਿੰਘ ਖੁਰਮਣੀਆਂ

# ਕੇਜਰੀਵਾਲ ਦਾ ਪੁਜਾਰੀਆਂ ਤੇ ਗ੍ਰੰਥੀਆਂ ਨੂੰ 18000 ਮਾਸਕ ਦੇਣ ਦਾ ਵਾਅਦਾ

**ਦੂਜੇ ਪਾਸੇ ਮਸਜਿਦਾਂ ਦੇ ਇਮਾਮਾਂ ਤੇ ਮੁਅੱਜ਼ਿਨਾਂ ਵੱਲੋਂ ਭੱਤੇ 'ਚ ਦੇਰੀ ਖ਼ਿਲਾਫ਼ ਮੁਜ਼ਾਹਰਾ**

**ਨਵੀਂ ਦਿੱਲੀ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਸੋਮਵਾਰ ਨੂੰ ਕਿਹਾ ਕਿ ਜੇ ਉਨ੍ਹਾਂ ਦੀ ਪਾਰਟੀ ਆਗਾਮੀ ਚੋਣਾਂ ਵਿਚ ਮੁੜ ਦਿੱਲੀ 'ਚ ਸੱਤਾ ਸੰਭਾਲਦੀ ਹੈ ਤਾਂ ਉਨ੍ਹਾਂ ਦੀ ਪਾਰਟੀ ਹਿੰਦੂ ਮੰਦਰਾਂ ਪੁਜਾਰੀਆਂ ਅਤੇ ਗੁਰਦੁਆਰਿਆਂ ਦੇ ਗ੍ਰੰਥੀਆਂ ਨੂੰ 18,000 ਰੁਪਏ ਦਾ ਮਹੀਨਾਵਾਰ ਭੱਤਾ ਦੇਣ ਲਈ 'ਪੁਜਾਰੀ ਗ੍ਰੰਥੀ ਸਨਮਾਨ ਯੋਜਨਾ' ਸ਼ੁਰੂ ਕਰੇਗੀ। ਉਨ੍ਹਾਂ ਦਾ ਇਹ ਐਲਾਨ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਇਆ ਹੈ, ਜਿਸ ਵਿੱਚ 'ਆਪ' ਲਗਾਤਾਰ ਚੌਥੀ ਵਾਰ ਸੱਤਾ ਬਰਕਰਾਰ ਰੱਖਣ ਦੀ ਕੋਸ਼ਿਸ਼ ਕਰ ਰਹੀ ਹੈ।



ਕੇਜਰੀਵਾਲ ਨੇ ਕਿਹਾ, ਪੁਜਾਰੀ ਅਤੇ ਗ੍ਰੰਥੀ ਸਾਡੇ ਸਮਾਜ ਦਾ ਇੱਕ ਅਹਿਮ ਹਿੱਸਾ ਹਨ, ਪਰ ਉਹ ਅਕਸਰ ਇੱਕ ਅਣਗੌਲਿਆ ਵਰਗ ਹੁੰਦੇ ਹਨ। ਦੇਸ਼ ਵਿੱਚ ਪਹਿਲੀ ਵਾਰ, ਅਸੀਂ ਉਨ੍ਹਾਂ ਦੀ ਸਹਾਇਤਾ ਲਈ ਇੱਕ ਯੋਜਨਾ ਪੇਸ਼ ਕਰ ਰਹੇ ਹਾਂ, ਜਿਸ ਤਹਿਤ ਉਨ੍ਹਾਂ ਨੂੰ 18,000 ਰੁਪਏ ਦਾ ਮਾਸਕ ਭੱਤਾ ਮਿਲੇਗਾ। ਇਸ ਯੋਜਨਾ ਲਈ ਰਜਿਸਟਰੇਸ਼ਨ ਮੰਗਲਵਾਰ ਤੋਂ ਸ਼ੁਰੂ ਹੋਵੇਗੀ।

ਉਨ੍ਹਾਂ ਇਹ ਵੀ ਕਿਹਾ ਕਿ ਉਹ ਮੰਗਲਵਾਰ ਨੂੰ ਕਨਾਟ ਪਲੇਸ ਦੇ ਹਨੂੰਮਾਨ ਮੰਦਰ ਦਾ ਦੌਰਾ ਕਰਨਗੇ ਤਾਂ ਜੋ ਉੱਥੇ ਪੁਜਾਰੀਆਂ ਲਈ ਰਜਿਸਟਰੇਸ਼ਨ ਪ੍ਰਕਿਰਿਆ ਦੀ ਨਿਗਰਾਨੀ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਸ਼ਹਿਰ ਭਰ ਦੇ ਹੋਰ ਮੰਦਰਾਂ ਅਤੇ ਗੁਰਦੁਆਰਿਆਂ ਵਿੱਚ ਵੀ 'ਆਪ' ਵਰਕਰਾਂ ਦੁਆਰਾ ਰਜਿਸਟਰੇਸ਼ਨ ਕੀਤੀ ਜਾਵੇਗੀ ਕੇਜਰੀਵਾਲ ਨੇ ਭਾਜਪਾ 'ਤੇ ਉਨ੍ਹਾਂ ਦੀ ਪਾਰਟੀ ਦੀਆਂ ਕਈ ਭਲਾਈ ਯੋਜਨਾਵਾਂ ਨੂੰ ਰੋਕਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਵੀ ਲਗਾਇਆ।

ਉਨ੍ਹਾਂ ਕਿਹਾ, ਜਿਵੇਂ ਭਾਜਪਾ ਨੇ ਪੁਲੀਸ ਭੇਜ ਕੇ ਮਹਿਲਾ ਸਨਮਾਨ ਯੋਜਨਾ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਨਹੀਂ ਕਰ ਸਕੀ, ਉਸੇ ਤਰ੍ਹਾਂ ਉਨ੍ਹਾਂ ਨੂੰ 'ਪੁਜਾਰੀ-ਗ੍ਰੰਥੀ ਸਨਮਾਨ' ਯੋਜਨਾ ਨੂੰ ਰੋਕਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਭਾਜਪਾ ਅਜਿਹਾ ਕਰਕੇ ਬਹੁਤ ਵੱਡਾ ਪਾਪ ਕਰੇਗੀ।"

ਉਨ੍ਹਾਂ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ, ਇਹ ਯੋਜਨਾ ਸਮਾਜ ਵਿੱਚ ਉਨ੍ਹਾਂ ਦੇ ਅਧਿਆਤਮਿਕ ਯੋਗਦਾਨ ਅਤੇ ਸਾਡੀ ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਰੱਖਣ ਦੇ ਉਨ੍ਹਾਂ ਦੇ ਯਤਨਾਂ ਨੂੰ ਸ਼ਰਧਾਂਜਲੀ ਹੈ। ਉਂਝ ਸਾਬਕਾ ਮੁੱਖ ਮੰਤਰੀ ਨੇ ਰਜਿਸਟਰੇਸ਼ਨ ਪ੍ਰਕਿਰਿਆ ਲਈ ਸਪੱਸ਼ਟ ਦਿਸ਼ਾ-ਨਿਰਦੇਸ਼ ਨਹੀਂ ਦੱਸੇ। ਉਨ੍ਹਾਂ ਕਿਹਾ ਕਿ ਪ੍ਰਸਤਾਵਿਤ ਮਾਣਭੱਤਾ ਪ੍ਰਾਪਤ ਕਰਨ ਵਾਲੇ ਲਾਭਪਾਤਰੀਆਂ ਦੀ ਗਿਣਤੀ ਲਈ ਰਜਿਸਟਰੇਸ਼ਨ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਨਸ਼ਰ ਕੀਤੀ ਜਾਵੇਗੀ।

# 'ਲਾਕਡਾਊਨ' ਹੋਇਆ ਪੰਜਾਬ, ਦੁਕਾਨਾਂ ਤੋਂ ਲੈ ਕੇ ਸਰਕਾਰੀ ਦਫ਼ਤਰਾਂ ਤੱਕ ਸਭ ਕੁਝ ਬੰਦ

**ਚੰਡੀਗੜ੍ਹ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਚ ਅੱਜ ਇਕ ਵਾਰ ਫਿਰ ਤੋਂ ਲਾਕਡਾਊਨ ਵਰਗੇ ਹਾਲਾਤ ਪੈਦਾ ਹੋ ਗਏ ਹਨ। ਕਿਸਾਨ ਜਥੇਬੰਦੀਆਂ ਵੱਲੋਂ ਦਿੱਤੀ ਗਈ ਪੰਜਾਬ ਬੰਦ ਦੀ ਕਾਲ ਦੌਰਾਨ ਅੱਜ ਪੂਰਾ ਪੰਜਾਬ ਲਾਕਡਾਊਨ ਹੋ ਗਿਆ ਹੈ। ਸਵੇਰੇ 7 ਵਜੇ ਤੋਂ ਲੈ ਕੇ ਸ਼ਾਮ 4 ਵਜੇ ਤੱਕ ਪੰਜਾਬ ਬੰਦ ਦੀ ਕਾਲ ਦਿੱਤੀ ਗਈ ਹੈ। ਇਸ ਦੌਰਾਨ ਕਿਸਾਨਾਂ ਵੱਲੋਂ ਸਾਰੇ ਸਕੂਲ, ਕਾਲਜ, ਦਫ਼ਤਰ ਅਤੇ ਹਰ ਤਰ੍ਹਾਂ ਦੇ ਅਦਾਰੇ ਇੱਥੋਂ ਤੱਕ ਕਿ ਸੜਕੀ ਅਤੇ ਰੇਲ ਆਵਾਜਾਈ ਵੀ ਠੱਪ ਕੀਤੀ ਗਈ ਹੈ। ਐੱਮ. ਐੱਸ.ਪੀ. ਗਾਰੰਟੀ ਸਣੇ ਕਿਸਾਨੀ ਮੰਗਾਂ 'ਤੇ ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਦੇ ਮੱਦੇਨਜ਼ਰ ਪੰਜਾਬ ਬੰਦ ਦਾ ਸੱਦਾ ਦਿੱਤਾ ਗਿਆ ਹੈ, ਜਿਸ ਦੌਰਾਨ ਕਿਸਾਨ ਆਗੂਆਂ ਵੱਲੋਂ ਸੂਬੇ ਭਰ ਦੇ ਲੋਕਾਂ ਨੂੰ ਬੰਦ 'ਚ ਸਮਰਥਨ ਦੇਣ ਦੀ ਅਪੀਲ ਕੀਤੀ ਗਈ। ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਸਾਰੀਆਂ ਫਸਲਾਂ ਨੂੰ ਐਮਐਸਪੀ ਤੇ ਖਰੀਦ ਦੀ ਕਾਨੂੰਨੀ ਗਾਰੰਟੀ ਅਤੇ ਹੋਰਨਾਂ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਅੱਜ ਪੰਜਾਬ ਬੰਦ ਦਾ ਸੱਦਾ ਦਿੱਤਾ ਹੋਇਆ ਹੈ। ਪੰਜਾਬ ਬੰਦ ਦੇ ਚਲਦਿਆਂ ਸਵੇਰੇ 7 ਵਜੇ ਹੀ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਸੂਬੇ ਵਿੱਚ ਇੱਕ 140 ਤੋਂ ਵੱਧ ਥਾਵਾਂ ਤੇ ਡੇਰੇ ਲਾ ਲਾਉਂਦਿਆਂ ਸੜਕੀ ਅਤੇ ਰੇਲ ਆਵਾਜਾਈ ਬੰਦ ਕਰ ਦਿੱਤੀ। ਹਾਲਾਂਕਿ ਇਸ ਦੌਰਾਨ ਐਮਰਜੈਂਸੀ ਸੇਵਾਵਾਂ ਨੂੰ ਨਹੀਂ ਰੋਕਿਆ ਜਾ ਰਿਹਾ ਹੈ। ਇਸ ਦੌਰਾਨ ਪੰਜਾਬ ਭਰ ਤੋਂ ਬੰਦ 'ਮੁਕੰਮਲ' ਹੋਣ ਤੇ ਇਸ ਨੂੰ ਸਮਾਜ ਤੋਂ ਪੂਰਨ ਸਮਰਥਨ ਮਿਲਣ ਦੀਆਂ ਰਿਪੋਰਟਾਂ ਆ ਰਹੀਆਂ ਹਨ।





ਜ਼ਿਕਰਯੋਗ ਹੈ ਕਿ ਕਿਸਾਨ ਜਥੇਬੰਦੀਆਂ ਵੱਲੋਂ ਦਿੱਤੇ ਅੱਜ ਪੰਜਾਬ ਬੰਦ ਦੇ ਸੱਦੇ ਦੀ ਹਮਾਇਤ ਵਿੱਚ ਸੂਬੇ ਦੀਆਂ ਵੱਡੀ ਗਿਣਤੀ ਵਿੱਚ ਵਪਾਰੀ, ਧਾਰਮਿਕ, ਮੁਲਾਜ਼ਮ, ਵਿਦਿਆਰਥੀ, ਟਰਾਂਸਪੋਰਟਰ ਅਤੇ ਹੋਰਨਾਂ ਜਥੇਬੰਦੀਆਂ ਵੀ ਨਿੱਤਰ ਆਈਆਂ ਹਨ। ਜਿਨ੍ਹਾਂ ਵੱਲੋਂ ਅੱਜ ਪੰਜਾਬ ਬੰਦ ਵਿੱਚ ਸਹਿਯੋਗ ਕੀਤਾ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਬੰਦ ਦਾ ਸੱਦਾ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਹਮਾਇਤ ਵਿੱਚ ਦਿੱਤਾ ਗਿਆ ਜੋ ਕਿਸਾਨ ਮੰਗਾਂ ਨੂੰ ਲਾਗੂ ਕਰਵਾਉਣ ਲਈ ਇੱਕ ਮਹੀਨੇ ਤੋਂ ਵੱਧ ਸਮੇਂ ਤੋਂ ਭੁੱਖ ਹੜਤਾਲ 'ਤੇ ਹਨ। ਕਈ ਸ਼ਹਿਰਾਂ ਅਤੇ ਕਸਬਿਆਂ ਵਿੱਚ ਜ਼ਿਆਦਾਤਰ ਕੌਮੀ ਮਾਰਗ ਹਨ, ਜਿਸ ਨਾਲ ਰੋਜ਼ਾਨਾ ਯਾਤਰੀਆਂ ਅਤੇ ਦਫਤਰ ਜਾਣ ਵਾਲਿਆਂ ਦੀ ਆਵਾਜਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ। ਇਹ ਨੌਂ ਘੰਟੇ ਦਾ ਬੰਦ ਸ਼ਾਮ 4 ਵਜੇ ਤੱਕ ਲਾਗੂ ਰਹੇਗਾ।

ਹਾਲਾਂਕਿ, ਕਿਸੇ ਵੀ ਅਣਸੁਖਾਵੀਂ ਘਟਨਾ ਦੀ ਕੋਈ ਰਿਪੋਰਟ ਨਹੀਂ ਹੈ ਕਿਉਂਕਿ ਪੁਲਿਸ ਵਾਹਨ ਚਾਲਕਾਂ ਨੂੰ ਸਫ਼ਰ ਕਰਨ ਤੋਂ ਬਚਣ ਜਾਂ ਉਨ੍ਹਾਂ ਦੀਆਂ ਮੰਜ਼ਿਲਾਂ ਤੇ ਪਹੁੰਚਣ ਲਈ ਲਿੰਕ ਸੜਕਾਂ ਤੇ ਚੱਲਣ ਲਈ ਮਦਦ ਕਰ ਰਹੀ ਸੀ। ਮੋਹਾਲੀ, ਪਟਿਆਲਾ, ਲੁਧਿਆਣਾ, ਮੋਗਾ, ਫਿਰੋਜ਼ਪੁਰ, ਬਠਿੰਡਾ, ਹੁਸ਼ਿਆਰਪੁਰ, ਜਲੰਧਰ ਅਤੇ ਹੋਰ ਥਾਵਾਂ ਤੇ ਦੁਕਾਨਾਂ ਅਤੇ ਕਾਰੋਬਾਰੀ ਅਦਾਰੇ ਬੰਦ ਹੋਣ ਦੀਆਂ ਰਿਪੋਰਟਾਂ ਪ੍ਰਾਪਤ ਹੋਈਆਂ ਹਨ। ਪ੍ਰਾਈਵੇਟ ਬੱਸ ਟਰਾਂਸਪੋਰਟਰਾਂ ਦੇ ਹੜਤਾਲ ਵਿੱਚ ਸ਼ਾਮਲ ਹੋਣ ਕਾਰਨ ਪੰਜਾਬ ਵਿੱਚ ਜ਼ਿਆਦਾਤਰ ਪ੍ਰਾਈਵੇਟ ਬੱਸਾਂ ਸੜਕਾਂ ਤੋਂ ਬੰਦ ਰਹੀਆਂ। ਬੰਦ ਦੇ ਸੱਦੇ ਦੇ ਮੱਦੇਨਜ਼ਰ ਕਈ ਸਕੂਲਾਂ ਅਤੇ ਦਫ਼ਤਰਾਂ ਨੇ ਛੁੱਟੀ ਦਾ ਐਲਾਨ ਕੀਤਾ ਗਿਆ ਸੀ। ਦੂਜੇ ਪਾਸੇ ਚੰਡੀਗੜ੍ਹ ਵਿੱਚ ਬੰਦ ਦਾ ਅਸਰ ਦੇਖਣ ਨੂੰ ਨਹੀਂ ਮਿਲਿਆ।

**ਡਿੰਪੀ ਢਿੱਲੋਂ ਦੇ ਕਾਫਲੇ ਨੂੰ ਪਰਤਣਾ ਪਿਆ**

ਲੰਬੀ: ਅੱਜ ਪੰਜਾਬ ਬੰਦ ਦੇ ਸੱਦੇ ਤਹਿਤ ਲੰਬੀ ਵਿਖੇ ਭਾਕਿਯੂ (ਸਿੱਧੂਪੁਰ) ਵੱਲੋਂ ਡੱਬਵਾਲੀ-ਮਲੋਟ ਕੌਮੀ ਸੜਕ-9 'ਤੇ ਲਾਏ ਗਏ ਸੜਕ ਜਾਮ ਮੌਕੇ ਗਿਦੜਬਾਹਾ ਤੋਂ 'ਆਪ' ਵਿਧਾਇਕ ਹਰਦੀਪ ਸਿੰਘ ਡਿੰਪੀ ਢਿੱਲੋਂ ਦੇ ਕਾਫਲੇ ਨੂੰ ਵਾਪਸ ਮੁੜਨਾ ਪਿਆ। ਵਿਧਾਇਕ ਦਾ ਕਾਫਲਾ ਮਲੋਟ ਵਾਲੇ ਪਾਸਿਓਂ ਸੜਕ ਤੋਂ ਲੰਬੀ-ਡੱਬਵਾਲੀ ਵੱਲ ਨੂੰ ਲੰਘ ਰਿਹਾ ਸੀ।

ਭਾਕਿਯੂ (ਸਿੱਧੂਪੁਰ) ਦੇ ਬਲਾਕ ਜਨਰਲ ਸਕੱਤਰ ਹਰਭਗਵਾਨ ਸਿੰਘ ਲੰਬੀ ਨੇ ਦੱਸਿਆ ਕਿ ਵਿਧਾਇਕ ਡਿੰਪੀ ਢਿੱਲੋਂ ਨੇ ਧਰਨਾਕਾਰੀ ਕਿਸਾਨਾਂ ਕੋਲ ਪੁੱਜ ਸੜਕ ਜਾਮ ਮੌਕੇ ਲਾਂਘਾ ਦੇਣ ਦੀ ਅਪੀਲ ਕੀਤੀ। ਕਿਸਾਨਾਂ ਨੇ ਉਨ੍ਹਾਂ ਨੂੰ ਸੂਬਾਈ ਸੱਦੇ ਦੀ ਹਮਾਇਤ ਵਜੋਂ ਬਦਲਵੇਂ ਰਾਹ ਅਪਣਾਉਣ ਲਈ ਆਖਿਆ ਗਿਆ। ਇਸ 'ਤੇ ਵਿਧਾਇਕ ਦਾ ਕਾਫਲਾ ਵਾਪਿਸ ਪਰਤ ਗਿਆ। ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਤੇ ਕਿਸਾਨ ਮਜ਼ਦੂਰ ਮੋਰਚਾ ਦੇ ਸੱਦੇ 'ਤੇ ਲੰਬੀ ਹਲਕੇ ਵਿੱਚ ਪੰਜਾਬ ਬੰਦ ਪੂਰਨ ਤੌਰ 'ਤੇ ਸਫਲ ਰਿਹਾ।

ਪੰਜਾਬ ਬੰਦ ਦੀ ਹਮਾਇਤ ਲਈ ਪਿੰਡ ਲੰਬੀ ਅਤੇ ਮੰਡੀ ਕਿੱਲਿਆਂਵਾਲੀ ਵਿਖੇ ਦੁਕਾਨਾਂ ਅਤੇ ਹੋਰ ਕਾਰੋਬਾਰ ਪੂਰੀ ਤਰ੍ਹਾਂ ਬੰਦ ਰੱਖੇ ਗਏ। ਭਾਕਿਯੂ (ਸਿੱਧੂਪੁਰ) ਜਥੇਬੰਦੀ ਦੀ ਅਪੀਲ 'ਤੇ ਲੰਬੀ ਵਿਖੇ ਸਾਰੇ ਬੈਂਕਾਂ ਨੇ ਸ਼ਟਰ ਸੁੱਟ ਦਿੱਤੇ।

ਬਠਿੰਡਾ ਸਮੇਤ ਵੱਖ ਮੰਡੀਆਂ ਜਿਵੇਂ ਗੋਨਿਆਣਾ ਮੰਡੀ, ਰਾਮਾ ਮੰਡੀ, ਭੁੱਚੋ ਮੰਡੀ, ਰਾਮਪੁਰਾ ਫੂਲ, ਮੌੜ ਮੰਡੀ ਸਮੇਤ ਹੋਰ ਨਿੱਕੇ ਕਸਬਿਆਂ ਵਿੱਚ ਐਮਰਜੈਂਸੀ ਸਵਾਵਾਂ ਨੂੰ ਛੱਡ ਕੇ ਲਗਭਗ ਬਜ਼ਾਰ ਬੰਦ ਦੇਖਣ ਨੂੰ ਮਿਲੇ।

ਗੌਰਤਲਬ ਹੈ ਬਠਿੰਡਾ ਦੇ ਭਾਈ ਘਨੱਈਆ ਚੌਂਕ ਸਮੇਤ ਵੱਖ ਵੱਖ 5 ਥਾਵਾਂ 'ਤੇ ਵੱਖ-ਵੱਖ ਕਿਸਾਨ ਜਥੇਬੰਦੀਆਂ ਵੱਲੋਂ ਬਠਿੰਡਾ ਵਿੱਚ ਮੋਰਚੇ ਲਾ ਕੇ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਬੀਕੇਯੂ ਸਿੱਧੂਪੁਰ ਵੱਲੋਂ ਅੰਮ੍ਰਿਤਸਰ-ਬਠਿੰਡਾ ਹਾਈਵੇ 'ਤੇ ਧਰਨਾ ਲਗਾ ਕੇ ਮੋਰਚਾ ਸ਼ੁਰੂ ਕੀਤਾ ਗਿਆ ਹੈ। ਬਠਿੰਡਾ ਦੇ ਧੋਬੀ ਬਜ਼ਾਰ, ਸਿਰਕੀ ਬਜ਼ਾਰ, ਪੋਸਟ ਆਫਿਸ ਬਜ਼ਾਰ, ਮਾਲ ਰੋਡ ਬੰਦ ਹਨ।

ਸ਼ਹਿਰ ਵਿੱਚ ਦੋਧੀਆਂ ਵੱਲੋਂ ਸਪਲਾਈ ਠੱਪ ਰੱਖੀ ਗਈ ਹੈ। ਲੋਕ ਘਰਾਂ ਅੰਦਰ ਹੀ ਬੈਠਣ ਨੂੰ ਤਰਜੀਹ ਦੇ ਰਹੇ ਹਨ।

## ਧੀਆਂ ਨੂੰ ਆਸ਼ੀਰਵਾਦ ਦੇਣ ਲਈ ਪਹੁੰਚਣਗੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ



**ਮਾਛੀਵਾੜਾ ਸਾਹਿਬ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸ਼ਹਿਰ ਮਾਛੀਵਾੜਾ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 7 ਜਨਵਰੀ ਨੂੰ ਧੀਆਂ ਦੀ ਲੋਹੜੀ ਦਾ ਤਿਉਹਾਰ ਬੜੇ ਹੀ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਇਹ ਧੀਆਂ ਦੀ ਲੋਹੜੀ ਦਾ ਤਿਉਹਾਰ ਸੁਆਮੀ ਗੰਗਾ ਨੰਦ ਭੂਰੀ ਵਾਲੇ ਸੇਵਾ ਸੰਮਤੀ ਵੱਲੋਂ ਮਨਾਇਆ ਜਾ ਰਿਹਾ ਹੈ। ਇਸ ਮੌਕੇ 1100 ਧੀਆਂ ਦੀ ਲੋਹੜੀ ਮਨਾਈ ਜਾ ਰਹੀ ਹੈ ।ਆਉਣ ਵਾਲੀ 7 ਜਨਵਰੀ 2025 ਦਿਨ ਮੰਗਲਵਾਰ ਨੂੰ ਸਵੇਰੇ 10 ਵਜੇ ਤੋਂ 2 ਵਜੇ ਤੱਕ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਲੋਹੜੀ ਮਨਾਈ ਜਾ ਰਹੀ ਹੈ। ਇਹ ਲੋਹੜੀ ਕਪੂਰ ਪੈਲੇਸ ਕੁਹਾੜਾ ਰੋਡ ਸ੍ਰੀ ਮਾਛੀਵਾੜਾ ਸਾਹਿਬ ਵਿਖੇ ਮਨਾਈ ਜਾਵੇਗੀ। ਇਸ ਮੌਕੇ ਸੰਸਥਾ ਦੇ ਚੇਅਰਮੈਨ ਚਰਨਜੀਤ ਸਿੰਘ ਥੋਪੀਆ ਨੇ ਕਿਹਾ ਕਿ ਆਉਣ ਵਾਲੀ ਸੱਤ ਜਨਵਰੀ ਨੂੰ ਕੁਹਾੜਾ ਰੋਡ ਕਪੂਰ ਪੈਲੇਸ ਵਿਖੇ ਆਪਣੀਆਂ ਨਵਜੰਮੀਆਂ ਬੱਚੀਆਂ ਨੂੰ ਜਰੂਰ ਲੈ ਕੇ ਆਓ ਤਾਂ ਜੋ ਆਪਾਂ ਨਵਜੰਮੀਆਂ ਬੱਚੀਆਂ ਦੀ ਲੋਹੜੀ ਮਨਾ ਸਕੀਏ। ਉਨ੍ਹਾਂ ਨੇ ਕਿਹਾ ਕਿ ਇਸ ਮੌਕੇ ਵਿਸ਼ੇਸ਼ ਤੌਰ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਧੀਆਂ ਨੂੰ ਆਸ਼ੀਰਵਾਦ ਦੇਣ ਲਈ ਪਹੁੰਚ ਰਹੇ ਹਨ।

ਇਸ ਮੌਕੇ ਸੰਸਥਾ ਦੇ ਚੇਅਰਮੈਨ ਚਰਨਜੀਤ ਸਿੰਘ ਥੋਪੀਆ, ਪੱਤਰਕਾਰ ਆਰ.ਐੱਸ ਹੀਰਾ, ਸਰਪੰਚ ਪੇ ?ਮ ਸਿੰਘ ਰਾਜੂਲ,ਸੋਹਣ ਲਾਲ ਗੁਪਤਾ ਅਤੇ ਸੰਸਥਾ ਦੇ ਮੈਂਬਰ ਮੌਜੂਦ ਸਨ।

## ਪੁਲਿਸ ਕਾਰਵਾਈ ਦੀ ਤਿਆਰੀ 'ਚ ਪਾਤੜਾਂ ਪੁੱਜੀਆਂ ਜਲ ਤੋਪਾਂ, ਅੱਥਰੂ ਗੈਸ ਤੇ ਹੋਰ ਪੁਲੀਸ ਮਸ਼ੀਨਰੀ

**ਪਾਤੜਾਂ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਢਾਬੀ ਗੁੱਜਰਾਂ (ਖਨੌਰੀ) ਬਾਰਡਰ 'ਤੇ 35 ਦਿਨਾਂ ਤੋਂ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਸੁਪਰੀਮ ਕੋਰਟ ਦੀਆਂ ਹਦਾਇਤਾਂ ਤਹਿਤ ਇਲਾਜ ਲਈ ਚੁੱਕਣ ਵਾਸਤੇ ਪੁਲੀਸ ਵੱਲੋਂ ਕਿਸੇ ਵੀ ਸਮੇਂ ਕਾਰਵਾਈ ਨੂੰ ਅੰਜਾਮ ਦਿੱਤੇ ਜਾਣ ਦੀਆਂ ਚਰਚਾਵਾਂ ਚੱਲ ਰਹੀਆਂ ਹਨ। ਇਸ ਸਬੰਧ ਵਿਚ ਪ੍ਰਸ਼ਾਸਨ ਵੱਲੋਂ ਵੱਡੇ ਪੱਧਰ 'ਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ, ਜਿਸ ਤਹਿਤ ਸੋਮਵਾਰ ਸਵੇਰੇ ਹੀ ਪਾਤੜਾਂ ਸ਼ਹਿਰ ਵਿੱਚ ਜਲ ਤੋਪਾਂ ਦੀਆਂ ਗੱਡੀਆਂ, ਅੱਥਰੂ ਗੈਸ ਦੇ ਗੋਲੇ ਦਾਗ਼ਣ ਵਾਲੀਆਂ ਗੱਡੀਆਂ ਅਤੇ ਹੋਰ ਪੁਲੀਸ ਦਾ ਜਮਾਵੜਾ ਹੋਣਾ ਸ਼ੁਰੂ ਹੋ ਗਿਆ ਹੈ।



ਪਾਤੜਾਂ ਵਿਚ ਪੁੱਜੀਆਂ ਹੋਈਆਂ ਵਾਟਰ ਕੈਨਨਜ਼।

ਇਸ ਦੇ ਟਾਕਰੇ ਲਈ ਕਿਸਾਨਾਂ ਵੱਲੋਂ ਰਾਤ ਭਰ ਤੋਂ ਹੀ ਅਪੀਲਾਂ ਕੀਤੀਆਂ ਜਾ ਰਹੀਆਂ ਹਨ। ਦੇਰ ਰਾਤ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਖੁਦ ਫੇਸਬੁੱਕ ਉਤੇ ਲਾਈਵ ਹੋ ਕੇ ਕਿਸਾਨਾਂ ਨੂੰ ਢਾਬੀ ਗੁਜਰਾਂ ਬਾਰਡਰ 'ਤੇ ਇਕੱਠੇ ਹੋਣ ਦੀ ਅਪੀਲ ਕੀਤੀ ਸੀ। ਗ਼ੌਰਤਲਬ ਹੈ ਕਿ ਉਕਤ ਬਾਰਡਰ 'ਤੇ ਕਿਸਾਨਾਂ ਨੇ ਪਦਾਰਥਪੁਰੇ ਨੂੰ ਜਾਂਦੀ ਸੜਕ ਤੋਂ ਥੋੜਾ ਜਿਹਾ ਅੱਗੇ ਟਰਾਲੀਆਂ ਲਾ ਕੇ ਪੱਕੇ ਤੌਰ 'ਤੇ ਸਟੇਜ ਵੱਲ ਜਾਣ ਵਾਲੇ ਵਾਹਨ ਰੋਕ ਦਿੱਤੇ ਹਨ ਅਤੇ ਸਟੇਜ ਵੱਲ ਜਾਣ ਵਾਲੇ ਹਰ ਵਿਅਕਤੀ ਉੱਤੇ ਪੂਰੀ ਨਜ਼ਰ ਰੱਖੀ ਜਾ ਰਹੀ ਹੈ।

# ਰਾਸ਼ਨ ਵੰਡ ਵਿੱਚ ਪਾਰਦਰਸ਼ਤਾ ਯਕੀਨੀ ਬਣਾਉਣ ਲਈ ਖ਼ੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲੇ ਵਿਭਾਗ ਵੱਲੋਂ 2024 ਦੌਰਾਨ ਕੀਤੀਆਂ ਗਈਆਂ ਪ੍ਰਮੁੱਖ ਪਹਿਲਕਦਮੀਆਂ: ਲਾਲ ਚੰਦ ਕਟਾਰੂਚੱਕ

**ਚੰਡੀਗੜ੍ਹ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲੇ ਵਿਭਾਗ ਵੱਲੋਂ ਸਾਲ 2024 ਦੌਰਾਨ ਵਿਭਾਗ ਦੇ ਕੰਮਕਾਜ ਵਿੱਚ ਪਾਰਦਰਸ਼ਤਾ ਲਿਆਉਣ ਦੇ ਮਕਸਦ ਨਾਲ ਵੱਖ-ਵੱਖ ਪ੍ਰਮੁੱਖ ਪਹਿਲਕਦਮੀਆਂ ਸ਼ੁਰੂ ਕੀਤੀਆਂ ਗਈਆਂ। ਇਸ ਸਾਲ ਦੌਰਾਨ ਰਾਸ਼ਨ ਦੀ ਨਿਰਵਿਘਨ ਵੰਡ ਨੂੰ ਯਕੀਨੀ ਬਣਾਉਣ ਲਈ ਈ-ਪੋਸ ਮਸ਼ੀਨਾਂ ਅਤੇ ਆਈਰਿਸ ਸਕੈਨਰਾਂ ਦੇ ਨਾਲ-ਨਾਲ ਭਾਰ ਤੋਲਣ ਵਾਲੀਆਂ ਇਲੈਕਟ੍ਰਾਨਿਕ ਮਸ਼ੀਨਾਂ ਸਮੇਤ 14420 ਈ-ਪੋਸ ਕਿੱਟਾਂ ਖਰੀਦੀਆਂ ਗਈਆਂ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਖੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲੇ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਈ-ਪੋਸ ਮਸ਼ੀਨਾਂ ਅਤੇ ਭਾਰ ਤੋਲਣ ਵਾਲੀਆਂ ਇਲੈਕਟ੍ਰਾਨਿਕ ਮਸ਼ੀਨਾਂ ਦੇ ਸੁਚੱਜੇ ਰੱਖ-ਰਖਾਅ ਨੂੰ ਯਕੀਨੀ ਬਣਾਉਣ ਲਈ 5 ਸਾਲਾਂ ਦੀ ਮਿਆਦ ਲਈ ਟੈਂਡਰ ਅਲਾਟ ਕੀਤੇ ਗਏ ਹਨ। ਉਹਨਾਂ ਦੱਸਿਆ ਕਿ ਹੁਣ, ਹਰੇਕ ਰਾਸ਼ਨ ਡਿਪੂ ਨੂੰ ਇੱਕ ਈ-ਪੋਸ ਕਿੱਟ ਪ੍ਰਦਾਨ ਕੀਤੀ ਗਈ ਹੈ ਅਤੇ ਇਹਨਾਂ ਡਿਪੂਆਂ ਵਿੱਚ ਭਾਰ ਤੋਲਣ ਵਾਲੀਆਂ ਇਲੈਕਟ੍ਰਾਨਿਕ ਮਸ਼ੀਨਾਂ ਨੂੰ ਸਥਾਪਤ ਕਰਨਾ ਵੀ ਯਕੀਨੀ ਬਣਾਇਆ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ 2016 ਵਿੱਚ ਡਿਪੂ ਹੋਲਡਰਾਂ ਦੀ ਮਾਰਜਨ ਮਨੀ 50 ਪ੍ਰਤੀ ਕੁਇੰਟਲ ਸੀ ਜਿਸ ਨੂੰ ਵਧਾ ਕੇ 90 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ। ਇਸ ਵਾਧੇ ਨੂੰ ਅਪ੍ਰੈਲ 2024 ਤੋਂ ਲਾਗੂ ਕੀਤਾ ਗਿਆ ਹੈ। ਇਸ ਦੇ ਨਤੀਜੇ ਵਜੋਂ ਇਸ ਸਬੰਧ ਵਿੱਚ 38.43 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਮੰਤਰੀ ਨੇ ਅੱਗੇ ਦੱਸਿਆ ਕਿ ਇਸ ਕਦਮ ਨਾਲ ਸੂਬੇ ਦੇ 14400 ਰਾਸ਼ਨ ਡਿਪੂ ਹੋਲਡਰਾਂ ਨੂੰ ਲਾਭ ਮਿਲੇਗਾ।

ਮੰਤਰੀ ਨੇ ਦੱਸਿਆ ਕਿ ਵਿਭਾਗ ਵੱਲੋਂ ਹਾੜੀ ਸੀਜ਼ਨ ਨੂੰ ਸਫ਼ਲਤਾਪੂਰਵਕ ਮੁਕੰਮਲ ਕਰਦਿਆਂ ਕੇਂਦਰੀ ਪੂਲ ਲਈ 124.57 ਲੱਖ ਮੀਟ੍ਰਿਕ ਟਨ (ਐਲ.ਐਮ.ਟੀ.) ਕਣਕ ਦੀ ਖਰੀਦ ਕੀਤੀ ਗਈ ਅਤੇ 9 ਲੱਖ ਕਿਸਾਨਾਂ ਦੇ ਖਾਤਿਆਂ ਵਿੱਚ 28,340.95 ਕਰੋੜ ਰੁਪਏ ਦਾ ਭੁਗਤਾਨ ਕੀਤਾ ਗਿਆ। ਇਸੇ ਤਰ੍ਹਾਂ, ਸਾਉਣੀ ਸੀਜ਼ਨ ਦੌਰਾਨ, ਵਿਭਾਗ ਵੱਲੋਂ 172.93 ਲੱਖ ਮੀਟਰਕ ਟਨ ਝੋਨੇ ਦੀ ਖਰੀਦ ਕੀਤੀ ਗਈ ਅਤੇ ਲਗਭਗ 8 ਲੱਖ ਕਿਸਾਨਾਂ ਦੇ ਖਾਤਿਆਂ ਵਿੱਚ 40,119.76 ਕਰੋੜ ਰੁਪਏ ਦਾ ਭੁਗਤਾਨ ਕੀਤਾ ਗਿਆ। ਉਹਨਾਂ ਅੱਗੇ ਦੱਸਿਆ ਕਿ ਇਸ ਦੇ ਨਾਲ ਹੀ ਸਤੰਬਰ 2024 ਤੱਕ, ਰਾਸ਼ਟਰੀ ਖੁਰਾਕ ਸੁਰੱਖਿਆ ਐਕਟ (ਐਨ.ਐਫ.ਐਸ.ਏ.) ਤਹਿਤ ਲਾਭਪਾਤਰੀਆਂ ਨੂੰ 44,20,826 ਕੁਇੰਟਲ ਕਣਕ ਮੁਫ਼ਤ ਵੰਡੀ ਗਈ ਹੈ।

ਖ਼ਪਤਕਾਰਾਂ ਦੇ ਹਿੱਤਾਂ ਦੀ ਰਾਖੀ ਲਈ ਸਖ਼ਤ ਕਦਮ ਚੁੱਕਦਿਆਂ, ਲੀਗਲ ਮੈਟਰੋਲੋਜੀ ਵਿੰਗ ਵੱਲੋਂ ਸਹੀ ਵਜ਼ਨ ਅਤੇ ਮਾਤਰਾ ਵਿੱਚ ਸਮਾਨ ਵੇਚਣ ਦੇ ਸਿਧਾਂਤ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰਕੇ 18.64 ਕਰੋੜ ਰੁਪਏ ਦਾ ਮਾਲੀਆ ਇਕੱਤਰ ਕੀਤਾ ਗਿਆ ਹੈ।

ਇਸ ਤੋਂ ਇਲਾਵਾ, ਸੂਬੇ ਵਿੱਚ 100 ਫੀਸਦੀ ਆਧਾਰ ਰਜਿਸਟਰੇਸ਼ਨ ਯਕੀਨੀ ਬਣਾਈ ਗਈ ਹੈ ਅਤੇ 11 ਨਵੰਬਰ, 2024 ਦੀ ਯੂ.ਆਈ.ਡੀ.ਏ.ਆਈ. ਦੀ ਆਧਾਰ ਸੈਚੁਰੇਸ਼ਨ ਰਿਪੋਰਟ ਮੁਤਾਬਕ ਪੰਜਾਬ ਪੂਰੇ ਦੇਸ਼ ਦੇ ਸੂਬਿਆਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚੋਂ 7ਵੇਂ ਸਥਾਨ 'ਤੇ ਹੈ।

# ਪੰਜਾਬ ਸਰਕਾਰ ਪੁਲੀਸ ਦੀ ਦੁਰਵਰਤੋਂ ਨਾ ਕਰੇ, ਸਾਡੇ ਨਾਲ ਖੜ੍ਹੇ :ਕਿਸਾਨ ਆਗੂ

**ਚੰਡੀਗੜ੍ਹ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਂਝਾ ਕਿਸਾਨ ਮੋਰਚਾ ਦੇ ਪ੍ਰਧਾਨ ਸਰਵਣ ਸਿੰਘ ਪੰਧੇਰ ਨੇ ਸੋਮਵਾਰ ਨੂੰ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਕਿਸਾਨਾਂ ਵਿਰੁੱਧ ਆਪਣੀ ਤਾਕਤ ਦੀ ਦੁਰਵਰਤੋਂ ਨਾ ਕਰਨ ਅਤੇ ਉਨ੍ਹਾਂ ਦੇ ਸੰਘਰਸ਼ ਵਿੱਚ ਸਾਥ ਦੇਣ। ਪੰਜਾਬ ਦੇ ਕਿਸਾਨਾਂ ਨੇ ਸੋਮਵਾਰ ਨੂੰ ਸੂਬਾ ਪੱਧਰੀ ਬੰਦ ਦਾ ਐਲਾਨ ਕੀਤਾ ਹੋਇਆ ਹੈ। ਜਿਸ ਤਹਿਤ ਸਵੇਰੇ 7 ਵਜੇ ਤੋਂ ਸ਼ਾਮ 4 ਵਜੇ ਤੱਕ ਸੜਕ ਅਤੇ ਰੇਲ ਆਵਾਜਾਈ ਵੀ ਬੰਦ ਹੈ।



ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਕੀਤਾ ਗਿਆ ਇਹ ਬੰਦ 13 ਫਰਵਰੀ ਤੋਂ ਸ਼ੰਭੂ ਅਤੇ ਖਨੌਰੀ ਸਰਹੱਦੀ ਪੁਆਇੰਟਾਂ ਤੇ ਚੱਲ ਰਹੇ ਵਿਰੋਧ ਪ੍ਰਦਰਸ਼ਨਾਂ ਦਾ ਹਿੱਸਾ ਹੈ। ਸਰਵਣ ਸਿੰਘ ਪੰਧੇਰ ਨੇ ਆਈਏਐਨਐਸ ਨਾਲ ਗੱਲਬਾਤ ਕਰਦਿਆਂ ਬੰਦ ਦੀ ਪੁਰਜ਼ੋਰ ਹਮਾਇਤ 'ਤੇ ਜ਼ੋਰ ਦਿੰਦਿਆਂ ਕਿਹਾ, ਇਸ ਧਰਨੇ ਵਿੱਚ ਤਿੰਨ ਕਰੋੜ ਪੰਜਾਬੀ ਸ਼ਾਮਲ ਹੋਏ ਹਨ ਅਤੇ ਪੰਜਾਬ ਭਰ ਵਿੱਚ ਤਕਰੀਬਨ 95 ਤੋਂ 97 ਫੀਸਦੀ ਆਵਾਜਾਈ ਠੱਪ ਹੈ। ਪੰਧੇਰ ਨੇ ਕਿਹਾ ਕਿ ਐੱਮਐੱਸਪੀ ਦੀ ਗਾਰੰਟੀ ਦੇਸ਼ ਦੀ ਆਰਥਿਕਤਾ ਅਤੇ ਇਸਦੇ ਕਿਸਾਨਾਂ ਲਈ ਅਤੀ ਜ਼ਰੂਰੀ ਹੈ। ਸਾਡੀਆਂ ਮੰਗਾਂ ਵਿੱਚ ਕਰਜ਼ਾ ਮੁਆਫ਼ੀ, ਨਰੇਗਾ ਤਹਿਤ 200 ਦਿਨ ਦਾ ਕੰਮ, ਮਜ਼ਦੂਰਾਂ ਦੀ ਦਿਹਾੜੀ 700 ਰੁਪਏ ਅਤੇ ਸੰਵਿਧਾਨ ਦੀ ਪੰਜਵੀਂ ਅਨੁਸੂਚੀ ਨੂੰ ਲਾਗੂ ਕਰਨਾ ਵੀ ਸ਼ਾਮਲ ਹੈ।ਇਹ ਸਿਰਫ਼ ਕਿਸਾਨਾਂ ਬਾਰੇ ਨਹੀਂ ਹੈ ਇਹ ਆਨਲਾਈਨ ਕਾਰਨ ਪ੍ਰਭਾਵਿਤ ਹੋ ਰਹੇ ਕਾਰੋਬਾਰਾਂ, ਸਿੱਖਿਆ ਅਤੇ ਸਿਹਤ ਸੰਭਾਲ ਦੇ ਨਿੱਜੀਕਰਨ ਅਤੇ ਹੋਰ ਮੁੱਦਿਆਂ ਬਾਰੇ ਵੀ ਹੈ। ਪੰਧੇਰ ਨੇ ਪੰਜਾਬ ਸਰਕਾਰ ਦੀ ਆਲੋਚਨਾ ਕਰਦਿਆਂ ਬਹਿਬਲ ਕਲਾਂ ਗੋਲੀਬਾਰੀ ਵਰਗੀਆਂ ਪਿਛਲੀਆਂ ਘਟਨਾਵਾਂ ਦਾ ਹਵਾਲਾ ਦਿੱਤਾ ਅਤੇ ਪੁਲੀਸ ਬਲਾਂ ਦੀ ਦੁਰਵਰਤੋਂ ਕਰਨ ਦੀ ਬਜਾਏ ਕਿਸਾਨਾਂ ਦਾ ਸਮਰਥਨ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਪੁਲੀਸ ਦੀ ਦੁਰਵਰਤੋਂ ਨਹੀਂ ਕਰਨੀ ਚਾਹੀਦੀ ਬਲਕਿ ਕਿਸਾਨਾਂ ਦੇ ਨਾਲ ਖੜ੍ਹਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਦੇਸ਼ ਭਰ ਦੇ ਕਿਸਾਨ ਅਤੇ ਮਜ਼ਦੂਰ ਇੱਕਜੁੱਟ ਨਹੀਂ ਹੁੰਦੇ, ਉਦੋਂ ਤੱਕ ਸਰਕਾਰ ਸਾਡੀਆਂ ਮੰਗਾਂ ਪੂਰੀਆਂ ਨਹੀਂ ਕਰੇਗੀ। ਪੰਜਾਬ ਵਾਸੀ ਅੱਜ ਇੱਕਜੁੱਟ ਹੋ ਕੇ ਮੋਦੀ ਸਰਕਾਰ ਤੇ ਭਾਰੀ ਦਬਾਅ ਪਾ ਰਹੇ ਹਨ।

# ਸਾਲ 2024 ਵਿੱਚ ਪੰਜਾਬ ਦੇ ਸ਼ਹਿਰਾਂ ਦੀ ਸੀਵਰੇਜ ਟ੍ਰੀਟਮੈਂਟ ਸਮਰੱਥਾ ਵਿੱਚ 2634.15 ਐਮ.ਐਲ.ਡੀ. ਦਾ ਵਾਧਾ: ਡਾ ਰਵਜੋਤ ਸਿੰਘ

**➢ ਪੰਜਾਬ ਭਰ ਦੇ ਸ਼ਹਿਰੀ ਬੁਨਿਆਦੀ ਢਾਂਚੇ ਦੀ ਨੁਹਾਰ ਬਦਲਣ ਲਈ 450 ਕਰੋੜ ਰੁਪਏ ਦੀ ਯੋਜਨਾ ➢ ਪੰਜਾਬ ਨੇ ਵੱਡੇ ਪੱਧਰ 'ਤੇ ਸਥਾਈ ਜਲ ਪ੍ਰਜੈਕਟਾਂ ਨਾਲ ਸਥਾਈ ਜਲ ਸਪਲਾਈ ਵਿੱਚ ਕੀਤਾ ਨਿਵੇਸ਼ ➢ਸਵੱਛ ਭਾਰਤ ਮਿਸ਼ਨ ਸ਼ਹਿਰੀ ਤਹਿਤ ਪੰਜਾਬ ਸਰਕਾਰ ਵੱਲੋਂ 401.73 ਕਰੋੜ ਰੁਪਏ ਅਲਾਟ**

**ਚੰਡੀਗੜ੍ਹ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ, ਪੰਜਾਬ ਸਰਕਾਰ ਨੇ 2024 ਦੌਰਾਨ ਸੂਬੇ ਦੇ ਵਸਨੀਕਾਂ ਲਈ ਬਿਹਤਰ ਨਾਗਰਿਕ ਸੇਵਾਵਾਂ ਪ੍ਰਦਾਨ ਕਰਨ ਅਤੇ ਸਾਫ਼-ਸੁਥਰਾ ਵਾਤਾਵਰਣ ਯਕੀਨੀ ਬਣਾਉਣ ਦੀ ਦਿਸ਼ਾ ਵਿੱਚ ਸ਼ਾਨਦਾਰ ਤਰੱਕੀ ਕੀਤੀ ਹੈ। ਇਸ ਮਹੱਤਵਪੂਰਨ ਪ੍ਰਗਤੀ ਸੂਬੇ ਦੇ ਸ਼ਹਿਰੀ ਬੁਨਿਆਦੀ ਢਾਂਚੇ ਅਤੇ ਜਨਤਕ ਸੇਵਾ ਖੇਤਰਾਂ ਵਿੱਚ ਇੱਕ ਸਾਲ ਵਿੱਚ ਕੀਤੇ ਵਿਕਾਸ ਨੂੰ ਦਰਸਾਉਂਦੀ ਹੈ।

ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ ਰਵਜੋਤ ਸਿੰਘ ਨੇ ਦੱਸਿਆ ਕਿ ਪੰਜਾਬ ਵਿੱਚ ਕੁੱਲ ਸਥਾਪਿਤ ਸੀਵਰੇਜ ਟ੍ਰੀਟਮੈਂਟ ਸਮਰੱਥਾ 2142 ਐਮ.ਐਲ.ਡੀ. (ਮਿਲੀਅਨ ਲੀਟਰ ਪ੍ਰਤੀ ਦਿਨ) ਤੱਕ ਪਹੁੰਚ ਗਈ ਹੈ, ਜਿਸ ਵਿੱਚ ਵਾਧੂ 492.15 ਐਮ.ਐਲ.ਡੀ. ਜੋੜਨ ਨਾਲ ਕੁੱਲ ਸਮਰੱਥਾ 2634.15 ਐਮ.ਐਲ.ਡੀ. ਹੋ ਗਈ ਹੈ। ਇਸ ਵਾਧੇ ਦਾ ਉਦੇਸ਼ ਸ਼ਹਿਰੀ ਆਬਾਦੀ ਦੀਆਂ ਵਧਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਅਤੇ ਸਾਫ਼, ਸ਼ੁੱਧ ਪਾਣੀ ਸਬੰਧੀ ਪ੍ਰਣਾਲੀਆਂ ਨੂੰ ਯਕੀਨੀ ਬਣਾਉਣਾ ਹੈ। ਇਸ ਤੋਂ ਇਲਾਵਾ, 650 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ 607 ਐਮ.ਐਲ.ਡੀ. ਦੀ ਸਮਰੱਥਾ ਵਾਲੇ 52 ਸੀਵਰੇਜ ਟ੍ਰੀਟਮੈਂਟ ਪਲਾਂਟ (ਐਸਟੀਪੀ) ਨਿਰਮਾਣ ਅਧੀਨ ਹਨ। ਇਹ ਪ੍ਰਾਜੈਕਟ ਅਗਲੇ 1-2 ਸਾਲਾਂ ਦੇ ਅੰਦਰ ਮੁਕੰਮਲ ਹੋਣ ਦੀ ਉਮੀਦ ਹੈ, ਜਿਸ ਨਾਲ ਸੂਬੇ ਦੀ ਸੀਵਰੇਜ ਪ੍ਰਬੰਧਨ ਸਮਰੱਥਾਵਾਂ ਵਿੱਚ ਹੋਰ ਵਾਧਾ ਹੋਵੇਗਾ।



ਡਾ ਰਵਜੋਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਸ਼ਹਿਰੀ ਬੁਨਿਆਦੀ ਢਾਂਚੇ ਦੇ ਸੁਧਾਰ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਸਮੂਹ ਸ਼ਹਿਰੀ ਸਥਾਨਕ ਇਕਾਈਆਂ ਕੋਲ ਉਪਲਬਧ ਫੰਡਾਂ ਦੇ ਨਾਲ-ਨਾਲ ਮੌਜੂਦਾ ਵਿੱਤੀ ਸਾਲ ਦੌਰਾਨ ਅਲਾਟ ਕੀਤੀ 450 ਕਰੋੜ ਰੁਪਏ ਦੀ ਗ੍ਰਾਂਟ ਦੀ ਵਰਤੋਂ ਨਾਲ ਸ਼ਹਿਰੀ ਸਥਾਨਕ ਇਕਾਈਆਂ (ਯੂ.ਐਲ.ਬੀਜ਼) ਵਿੱਚ ਮਹੱਤਵਪੂਰਨ ਵਿਕਾਸ ਕਾਰਜ ਸ਼ੁਰੂ ਕੀਤੇ ਗਏ ਹਨ। ਇਸ ਪਹਿਲਕਦਮੀ ਤਹਿਤ ਸ਼ਹਿਰੀ ਥਾਵਾਂ ਦਾ ਆਧੁਨਿਕੀਕਰਨ ਕੀਤਾ ਜਾਵੇਗਾ, ਨਾਗਰਿਕ ਸਹੂਲਤਾਂ ਵਿੱਚ ਸੁਧਾਰ ਹੋਵੇਗਾ ਅਤੇ ਨਿਵਾਸੀਆਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਿਆ ਜਾਵੇਗਾ। ਧਰਤੀ ਹੇਠਲੇ ਪਾਣੀ 'ਤੇ ਨਿਰਭਰਤਾ ਘਟਾਉਣ ਦੀ ਦਿਸ਼ਾ ਵਿੱਚ ਵੱਡਾ ਕਦਮ ਚੁੱਕਦਿਆਂ, ਸਰਕਾਰ ਵੱਲੋਂ ਸਤਹੀ ਨਹਿਰੀ ਪਾਣੀ ਰਾਹੀਂ ਵੱਡੇ ਪੱਧਰ 'ਤੇ ਜਲ ਸਪਲਾਈ ਪ੍ਰਾਜੈਕਟ ਲਾਗੂ ਕੀਤੇ ਜਾ ਰਹੇ ਹਨ। ਇਸ ਦੇ ਨਾਲ ਹੀ ਅੰਮ੍ਰਿਤਸਰ (440 ਐਮ.ਐਲ.ਡੀ.), ਜਲੰਧਰ (275 ਐਮ.ਐਲ.ਡੀ.), ਅਤੇ ਪਟਿਆਲਾ (115 ਐਮ.ਐਲ.ਡੀ.) ਵਰਗੇ ਪ੍ਰਮੁੱਖ ਸ਼ਹਿਰਾਂ ਵਿੱਚ ਪ੍ਰਾਜੈਕਟ ਕਾਰਜਸ਼ੀਲ ਹਨ। ਇਸ ਤੋਂ ਇਲਾਵਾ 580 ਐਮ.ਐਲ.ਡੀ. ਦੀ ਸਮਰੱਥਾ ਵਾਲਾ ਲੁਧਿਆਣਾ ਜਲ ਸਪਲਾਈ ਪ੍ਰਾਜੈਕਟ ਜਲਦ ਹੀ ਕਾਰਜਸ਼ੀਲ ਹੋ ਜਾਵੇਗਾ।

ਇਸ ਤੋਂ ਇਲਾਵਾ, ਸੂਬੇ ਭਰ ਦੇ 87 ਕਸਬੇ ਸਤਹੀ ਜਲ ਸਪਲਾਈ ਪ੍ਰਾਜੈਕਟਾਂ 'ਤੇ ਕੇਂਦ੍ਰਿਤ ਹਨ। ਇਸ ਪ੍ਰਾਜੈਕਟ ਅਧੀਨ ਵੱਖ-ਵੱਖ ਪੜਾਅ ਆਉਂਦੇ ਹਨ, ਜਿਸਦਾ ਉਦੇਸ਼ ਸ਼ਹਿਰੀ ਆਬਾਦੀ ਲਈ ਨਿਰੰਤਰ ਅਤੇ ਸਥਾਈ ਪਾਣੀ ਯਕੀਨੀ ਬਣਾਉਣਾ ਹੈ। ਪਾਣੀ ਦੀ ਉਪਲੱਬਧਤਾ ਯਕੀਨੀ ਬਣਾਉਣ ਲਈ, ਲੁਧਿਆਣਾ, ਅੰਮ੍ਰਿਤਸਰ ਅਤੇ ਜਲੰਧਰ ਵਿੱਚ ਦਿਨ-ਰਾਤ ਜਲ ਸਪਲਾਈ ਪਾਇਲਟ ਪ੍ਰਾਜੈਕਟ ਸ਼ੁਰੂ ਕੀਤੇ ਜਾ ਰਹੇ ਹਨ। ਇਹ ਪਹਿਲਕਦਮੀਆਂ ÷ਡਰਿੰਕ ਫਰਾਮ ਟੈਪ÷ ਪ੍ਰੋਗਰਾਮ ਦੇ ਪੰਜਾਬ ਦੇ ਹੋਰ ਸ਼ਹਿਰਾਂ ਤੱਕ ਵਿਸਥਾਰ ਸਬੰਧੀ ਇੱਕ ਵਿਆਪਕ ਯੋਜਨਾ ਦਾ ਹਿੱਸਾ ਹਨ।

ਸਰਕਾਰ ਦੀ ਸਫ਼ਾਈ ਪ੍ਰਤੀ ਵਚਨਬੱਧਤਾ ਦੇ ਹਿੱਸੇ ਵਜੋਂ, ਪੰਜਾਬ ਨੇ ਸਵੱਛ ਭਾਰਤ ਮਿਸ਼ਨ (ਸ਼ਹਿਰੀ) ਅਧੀਨ ਮਹੱਤਵਪੂਰਨ ਪ੍ਰਗਤੀ ਕੀਤੀ ਹੈ। ਠੋਸ ਰਹਿੰਦ-ਖੂੰਹਦ ਪ੍ਰਬੰਧਨ ਮਸ਼ੀਨਰੀ ਦੀ ਖਰੀਦ, ਰਹਿੰਦ-ਖੂੰਹਦ ਸਬੰਧੀ ਪ੍ਰੋਸੈਸਿੰਗ ਲਈ ਸਹੂਲਤਾਂ ਸਥਾਪਤ ਕਰਨ ਅਤੇ ਪੁਰਾਣੇ ਕੂੜੇ ਦੇ ਨਿਪਟਾਰੇ ਲਈ ਯੂ.ਐਲ.ਬੀਜ਼ ਨੂੰ 401.73 ਕਰੋੜ ਰੁਪਏ ਅਲਾਟ ਕੀਤੇ ਗਏ ਹਨ। ਇਸ ਤੋਂ ਇਲਾਵਾ, ਸੂਬੇ ਭਰ ਵਿੱਚ ਬਿਹਤਰ ਸਫਾਈ ਅਤੇ ਸੀਵਰੇਜ ਨਾਲ ਸਬੰਧਤ ਮੁੱਦਿਆਂ ਨੂੰ ਹੱਲ ਕਰਨ ਲਈ 39.55 ਕਰੋੜ ਰੁਪਏ ਦੇ ਨਿਵੇਸ਼ ਨਾਲ 730 ਸੀਵਰ ਕਲੀਨਿੰਗ ਮਸ਼ੀਨਾਂ ਖਰੀਦੀਆਂ ਜਾ ਰਹੀਆਂ ਹਨ।

ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਸਾਲ 2024 ਪੰਜਾਬ ਦੇ ਸ਼ਹਿਰੀ ਵਿਕਾਸ ਦੇ ਦ੍ਰਿਸ਼ਟੀਕੋਣ ਵਿੱਚ ਮਹੱਤਵਪੂਰਨ ਤਬਦੀਲੀ ਦਾ ਦੌਰ ਰਿਹਾ ਹੈ। ਬਿਹਤਰ ਸੀਵਰੇਜ ਟ੍ਰੀਟਮੈਂਟ, ਬਿਹਤਰ ਜਲ ਸਪਲਾਈ ਪ੍ਰਣਾਲੀਆਂ, ਮਜ਼ਬੂਤ ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਸਾਫ਼-ਸੁਥਰੇ ਵਾਤਾਵਰਣ ਨਾਲ ਸੂਬਾ ਸਰਕਾਰ ਆਪਣੇ ਵਸਨੀਕਾਂ ਲਈ ਵਧੇਰੇ ਟਿਕਾਊ, ਰਹਿਣ ਯੋਗ ਅਤੇ ਸੁਨਹਿਰੀ ਭਵਿੱਖ ਲਈ ਰਾਹ ਪੱਧਰਾ ਕਰ ਰਹੀ ਹੈ। ਇਹ ਪ੍ਰਾਪਤੀਆਂ ਪੰਜਾਬ ਦੇ ਲੋਕਾਂ ਨੂੰ ਵਿਸ਼ਵ ਪੱਧਰੀ ਨਾਗਰਿਕ ਸੇਵਾਵਾਂ ਅਤੇ ਇੱਕ ਸਾਫ਼-ਸੁਥਰਾ ਵਾਤਾਵਰਣ ਪ੍ਰਦਾਨ ਕਰਨ ਪ੍ਰਤੀ ਸੂਬਾ ਸਰਕਾਰ ਦੀ ਦ੍ਰਿੜ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ।

# ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ 9.92 ਕਰੋੜ ਰੁਪਏ ਦੀ ਰਾਸ਼ੀ ਜਾਰੀ: ਡਾ. ਬਲਜੀਤ ਕੌਰ

**ਚੰਡੀਗੜ੍ਹ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੀ ਭਲਾਈ ਲਈ ਕਾਰਜਸ਼ੀਲ ਹੈ। ਇਸੇ ਲੜੀ ਤਹਿਤ ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ 1503 ਸੰਸਥਾਵਾਂ ਨੂੰ ਅਨੁਸੂਚਿਤ ਜਾਤੀ ਦੇ 10+1 ਅਤੇ 10+2 ਦੇ ਵਿਦਿਆਰਥੀਆਂ ਲਈ 9.92 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਹੈ।



ਸਮਾਜਿਕ ਨਿਆ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ 1503 ਸੰਸਥਾਵਾਂ ਨੂੰ 9.92 ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰਨ ਸਬੰਧੀ ਪ੍ਰਵਾਨਗੀ ਦਿੱਤੀ ਗਈ ਹੈ। ਉਹਨਾਂ ਦੱਸਿਆ ਕਿ 92.00 ਕਰੋੜ ਰੁਪਏ ਦੀ ਰਾਸ਼ੀ ਨਾਲ 256 ਸੰਸਥਾਵਾਂ ਨੂੰ 59.34 ਕਰੋੜ ਰੁਪਏ ਦੀ ਰਾਸ਼ੀ ਪਹਿਲਾਂ ਹੀ ਜਾਰੀ ਕੀਤੀ ਜਾ ਚੁੱਕੀ ਹੈ। ਬਕਾਇਆ ਰਹਿੰਦੀਆਂ ਸੰਸਥਾਵਾਂ ਨੂੰ ਅਦਾਇਗੀ ਸਬੰਧੀ ਤੇਜ਼ੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ ਅਧੀਨ ਸਰਕਾਰੀ ਸੰਸਥਾਵਾ ਅਤੇ ਪੰਜਾਬ ਰਾਜ ਦੇ ਵਿਦਿਆਰਥੀ ਜੋ ਕਿ ਹੋਰ ਰਾਜਾਂ ਦੀਆਂ ਸੰਸਥਾਵਾਂ ਵਿੱਚ ਪੜ੍ਹਾਈ ਕਰ ਰਹੇ ਹਨ, ਨੂੰ ਸਾਲ 2017-18 ਤੋਂ 2019-20 ਤੱਕ ਦੀ ਫੀਸ ਦੀ 40% ਅਦਾਇਗੀ ਲਈ 92.00 ਕਰੋੜ ਰੁਪਏ ਜਾਰੀ ਕੀਤੇ ਗਏ ਸਨ।

ਸਮਾਜਿਕ ਨਿਆਂ ਮੰਤਰੀ ਵੱਲੋਂ ਵਿਦਿਆਰਥੀਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਸਕਾਲਰਸ਼ਿਪ ਸਕੀਮ ਅਧੀਨ ਵੱਧ ਤੋਂ ਵੱਧ ਲਾਭ ਲੈਣ ਲਈ ਭਵਿੱਖ ਵਿੱਚ ਆਮਦਨ ਸਰਟੀਫਿਕੇਟ ਜਮ੍ਹਾਂ ਕਰਾਉਣ।

ਉਹਨਾਂ ਦੱਸਿਆ ਕਿ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੀ ਪੜ੍ਹਾਈ ਲਈ ਵਿੱਤੀ ਸਹਾਇਤਾ ਮੁਹੱਈਆ ਕਰਵਾਉਣ ਲਈ ਪੰਜਾਬ ਸਰਕਾਰ ਨੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ ਅਧੀਨ ਸਾਲ 2024-25 ਲਈ ਵਿਦਿਆਰਥੀਆਂ ਦੇ ਵਜ਼ੀਫੇ ਲਈ 245.00 ਕਰੋੜ ਰੁਪਏ ਦੀ ਰਾਸ਼ੀ ਰਾਖਵੀਂ ਰੱਖੀ ਗਈ ਹੈ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਜਿੱਥੇ ਹਰ ਵਰਗ ਦੀ ਭਲਾਈ ਲਈ ਲਗਾਤਾਰ ਯਤਨਸ਼ੀਲ ਹੈ, ਉਥੇ ਹੀ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਲਈ ਲਗਾਤਾਰ ਕਾਰਜਸ਼ੀਲ ਹੈ। ਉਨ੍ਹਾਂ ਦੱਸਿਆ ਕਿ ਵਿੱਤੀ ਸਹਾਇਤਾ ਦੀ ਅਦਾਇਗੀ ਸਿੱਧੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾਂਦੀ ਹੈ।

# ਸੂਬਾ ਵਾਸੀਆਂ ਨੂੰ ਸੁਖਾਲੀਆਂ ਤੇ ਪਾਰਦਰਸ਼ੀ ਸੇਵਾਵਾਂ ਵਿੱਚ ਮਾਲ ਵਿਭਾਗ ਨੇ ਚੁੱਕੇ ਅਹਿਮ ਕਦਮ:ਹਰਦੀਪ ਸਿੰਘ ਮੁੰਡੀਆਂ

**ਚੰਡੀਗੜ੍ਹ, 31 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬਾ ਵਾਸੀਆਂ ਨੂੰ ਘਰ ਬੈਠਿਆਂ ਸੁਖਾਲੀਆਂ ਤੇ ਪਾਰਦਰਸ਼ੀ ਸੇਵਾਵਾਂ ਦੇਣ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਵਚਨਬੱਧਤਾ ਉਤੇ ਚੱਲਦਿਆਂ ਮਾਲ ਵਿਭਾਗ ਵੱਲੋਂ ਕਈ ਅਹਿਮ ਕਦਮ ਚੁੱਕੇ ਗਏ ਜਿਸ ਤਹਿਤ ਰਜਿਸਟਰੀਆਂ ਲਈ ਆਨਲਾਈਨ ਤੇ ਡਾਕੂਮੈਂਟੇਸ਼ਨ ਨੂੰ ਸਫਲਤਾਪੂਰਵਕ ਲਾਗੂ ਕਰਨ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣਿਆ। ਸਾਲ 2024 ਵਿੱਚ ਮਾਲ ਵਿਭਾਗ ਵੱਲੋਂ ਵੱਡੇ ਸੁਧਾਰ ਕੀਤੇ ਗਏ ਜਿਸ ਨਾਲ ਲੋਕਾਂ ਦੀ ਤਹਿਸੀਲ ਦਫਤਰਾਂ ਵਿੱਚ ਖੱਜਲ ਖੁਆਰੀ ਖਤਮ ਹੋਈ। ਇਸ ਤੋਂ ਇਲਾਵਾ ਐਨ.ਓ.ਸੀ. ਤੋਂ ਬਿਨਾਂ ਰਜਿਸਟਰੀਆਂ ਦੀ ਪ੍ਰਵਾਨਗੀ ਦੇ ਫੈਸਲੇ ਦਾ ਵੀ ਦਸੰਬਰ ਮਹੀਨੇ ਤੋਂ ਲੋਕ ਫਾਇਦਾ ਉਠਾ ਰਹੇ ਹਨ।

ਮਾਲ ਵਿਭਾਗ ਦੀਆਂ ਪਹਿਲਕਦਮੀਆਂ ਬਾਰੇ ਜਾਣਕਾਰੀ ਦਿੰਦਿਆਂ ਮਾਲ ਤੇ ਮੁੜ ਵਸੇਬਾ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਨੈਸ਼ਨਲ ਜੈਨਰਿਕ ਡਾਕੂਮੈਂਟ ਰਜਿਸਟ੍ਰੇਸ਼ਨ ਸਿਸਟਮ ਨੂੰ ਲਾਂਚ ਕਰਨ ਅਤੇ ਸੂਬੇ ਦੇ ਸਮੂਹ ਸਬ ਰਜਿਸਟਰਾਰ ਦਫਤਰਾਂ ਵਿਖੇ ਲਾਗੂ ਕਰਨ ਵਾਲਾ ਪੰਜਾਬ ਦੇਸ਼ ਦਾ ਸਭ ਤੋਂ ਪਹਿਲਾ ਸੂਬਾ ਹੈ। ਇਸ ਸਿਸਟਮ ਰਾਹੀਂ 39 ਲੱਖ ਤੋਂ ਵੱਧ ਵਸੀਕੇ ਰਜਿਸਟਰ ਕੀਤੇ ਜਾ ਚੁੱਕੇ ਹਨ। ਰਜਿਸਟਰੀ ਲਈ ਆਨਲਾਈਨ ਸਮਾਂ ਮਿਲ ਜਾਂਦਾ ਹੈ ਅਤੇ ਆਨਲਾਈਨ ਹੀ ਸਾਰੇ ਦਸਤਾਵੇਜ਼ ਜਮਾਂ ਹੋ ਜਾਂਦੇ ਹਨ। ਇਸ ਤੋਂ ਇਲਾਵਾ ਵਸੀਕਿਆਂ ਨੂੰ ਰਜਿਸਟਰ ਕਰਵਾਉਣਾ ਆਸਾਨ ਬਣਾਉਣ ਲਈ ਆਸਾਨ ਭਾਸ਼ਾ ਵਿੱਚ ਵਸੀਕਿਆਂ ਦੇ ਟੈਂਪਲੇਟ ਤਿਆਰ ਕਰ ਕੇ ਵਿਭਾਗ ਦੀ ਵੈਬਸਾਈਟ ਉਤੇ ਅਪਲੋਡ ਵੀ ਕਰ ਦਿੱਤੇ ਗਏ ਹਨ। ਇਸ ਦੇ ਨਾਲ ਹੀ ਉਕਤ ਸਿਸਟਮ ਵਿੱਚ ਈ-ਸਟੈਂਪ ਅਤੇ ਈ-ਰਜਿਸਟ੍ਰੇਸ਼ਨ ਦੀ ਆਟੋ-ਲੌਕਿੰਗ ਦੀ ਵਿਵਸਥਾ ਕੀਤੀ ਗਈ ਜਿਸ ਨਾਲ ਈ-ਸਟੈਂਪ ਅਤੇ ਈ-ਰਸੀਦ ਦੀ ਮੁੜ ਵਰਤੋਂ ਨੂੰ ਠੱਲ੍ਹ ਪਾਈ ਗਈ। ਇਨ੍ਹਾਂ ਪਹਿਲਕਦਮੀਆਂ ਨਾਲ ਸੂਬੇ ਵਿੱਚ ਈ-ਸਟੈਂਪ ਦੀ ਕੁਲੈਕਸ਼ਨ ਵਿੱਚ ਵਾਧਾ ਦਰਜ ਕੀਤਾ ਗਿਆ।

ਸ. ਮੁੰਡੀਆਂ ਨੇ ਅੱਗੇ ਦੱਸਿਆ ਕਿ ਮਾਲ ਵਿਭਾਗ ਦੇ ਕੰਮਕਾਜ ਨੂੰ ਡਿਜੀਟਲਾਈਜੇਸ਼ਨ ਕਰਕੇ ਸੂਬੇ ਦੇ ਵਸਨੀਕਾਂ ਨੂੰ ਸਹੂਲਤ ਲਈ ਇਕ ਮਹੱਤਵਪੂਰਨ ਫੈਸਲਾ ਲੈਂਦੇ ਹੋਏ ਮੁੱਖ ਮੰਤਰੀ ਵੱਲੋਂ ਖਾਨਗੀ ਤਕਸੀਮ ਨੂੰ ਦਰਜ ਕਰਨ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਇਕ ਵੈਬਸਾਈਟ ਲਾਂਚ ਕੀਤੀ ਗਈ ਹੈ। ਪੋਰਟਲ ਉਪਰ 184 ਤੋਂ ਵੱਧ ਦਰਖਾਸਤਾਂ ਪ੍ਰਾਪਤੀਆਂ ਹੋਈਆਂ ਜਿਨ੍ਹਾਂ ਵਿੱਚੋਂ 100 ਦੇ ਕਰੀਬ ਦਾ ਨਿਪਟਾਰਾ ਕੀਤਾ ਗਿਆ।

ਮਾਲ ਤੇ ਮੁੜ ਵਸੇਬਾ ਮੰਤਰੀ ਨੇ ਅੱਗੇ ਦੱਸਿਆ ਕਿ ਕੁਦਰਤੀ ਕਰੋਪੀਆਂ ਕਾਰਨ ਫਸਲਾਂ, ਮਕਾਨਾਂ, ਮਨੁੱਖੀ ਜਾਨਾਂ, ਪਸ਼ੂ ਧੰਨ ਦੇ ਨੁਕਸਾਨ ਦੀ ਭਰਪਾਈ ਕਰਦਿਆਂ ਮਾਲ ਵਿਭਾਗ ਵੱਲੋਂ 2023-24 ਵਿੱਤੀ ਵਰ੍ਹੇ ਦੌਰਾਨ 432.03 ਕਰੋੜ ਰੁਪਏ ਅਤੇ ਚਾਲੂ ਵਿੱਤੀ ਵਰ੍ਹੇ 2024-25 ਦੌਰਾਨ 59.64 ਕਰੋੜ ਰੁਪਏ ਦੀ ਰਾਹਤ ਰਾਸ਼ੀ ਜਾਰੀ ਕੀਤੀ ਗਈ।

ਸ. ਮੁੰਡੀਆਂ ਨੇ ਅੱਗੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਦੀ ਕਵਾਇਦ ਵਿੱਚ ਮਾਲ ਵਿਭਾਗ ਵੀ ਪਿੱਛੇ ਨਹੀਂ ਰਿਹਾ।

# ਕੋਹੜ ਕਿਰਲਾ (ਗਿਰਗਿਟ)

ਪ੍ਰਸ਼ਪਿੰਦਰ ਜੈਰੂਪ

ਜਦੋਂ ਬੱਚੇ ਛੋਟੇ ਹੁੰਦੇ ਸੀ ਤਾਂ ਅਸੀਂ ਆਂਢੀ-ਗੁਆਂਢੀ ਵਿਹੜੇ ਦੀ ਕੰਧ, ਜੋ ਮਸਾਂ 4 ਕੁ ਫੁੱਟ ਦੀ ਸੀ, ਦੇ ਉੱਤੋਂ ਦੀ ਹੀ ਲੈਣ-ਦੇਣ ਕਰਦੇ ਅਤੇ ਇੱਕ ਦੂਜੇ ਦਾ ਹਾਲ-ਚਾਲ ਪੁੱਛਦੇ ਰਹਿੰਦੇ। ਕਈ ਵਾਰ ਜੇ ਮੌਸਮ ਸੁਹਾਵਣਾ ਹੁੰਦਾ ਜਾਂ ਛੁੱਟੀ ਦਾ ਦਿਨ ਹੁੰਦਾ ਤਾਂ ਹਾਲ-ਚਾਲ ਪੁੱਛਣ ਦਾ ਸਿਲਸਲਾ ਕਾਫ਼ੀ ਲੰਮੇ ਸਮੇਂ ਤਕ ਚਲਦਾ ਰਹਿੰਦਾ। ਇਸੇ ਤਰ੍ਹਾਂ ਇੱਕ ਵਾਰ ਮੀਂਹ ਤੋਂ ਅਗਲੇ ਦਿਨ ਮੈਂ ਤੇ ਮੇਰੀ ਗੁਆਂਢਣ ਪੰਮੀ, ਇੱਕ ਦੂਜੇ ਨਾਲ ਯੱਕੜ ਮਾਰ ਰਹੀਆਂ ਸੀ। ਸਾਡੇ ਬੱਚੇ ਘਰਾਂ ਦੇ ਸਾਹਮਣੇ ਸੜਕ ਤੋਂ ਪਾਸੇ ਖੇਡ ਰਹੇ ਸਨ। ਸੜਕ ਦੇ ਪਾਸਿਆਂ ਉੱਤੇ ਕਿਤੇ-ਕਿਤੇ ਮੀਂਹ ਦੇ ਪਾਣੀ ਦੀਆਂ ਛੋਟੀਆਂ ਛੋਟੀਆਂ ਛੱਪੜੀਆਂ ਬਣੀਆਂ ਹੋਈਆਂ ਸਨ। ਸਾਡੇ ਨੇੜੇ ਹੀ ਇੱਕ ਛੱਪੜੀ ਵਿੱਚ ਇੱਕ ਵੱਡਾ ਸਾਰਾ ਭਮੱਕੜ ਕਿਤੋਂ ਆ ਕੇ ਡਿੱਗ ਪਿਆ ਅਤੇ ਉਹ ਫੜਫੜਾਉਣ ਲੱਗ ਪਿਆ। ਐਨੇ ਨੂੰ ਅਚਾਨਕ ਪਤਾ ਨਹੀਂ ਕਿੱਥੋਂ ਸੜਕ ਦੇ ਪਾਸਿਆਂ ਉੱਤੇ ਪਏ ਪੱਤਿਆਂ ਵਿੱਚੋਂ ਕਿਸੇ ਚੀਜ਼ ਦੇ ਦੌੜਨ ਨਾਲ ਖੜ੍ਹ-ਖੜ੍ਹ ਹੋਈ। ਸਭ ਦਾ ਧਿਆਨ ਓਧਰ ਨੂੰ ਖਿੱਚਿਆ ਗਿਆ ਤੇ ਦੇਖਿਆ ਕਿ ਕੋਈ ਇੱਕ ਫੁੱਟ ਤੋਂ ਲੰਮਾ ਕਿਰਲਾ ਦੁੜੰਗੇ ਮਾਰਦਾ ਉਸ ਛੱਪੜੀ ਵੱਲ ਨੂੰ ਗਿਆ; ਉਸ ਨੇ ਛੇਤੀ ਨਾਲ ਉਸ ਭਮੱਕੜ ਨੂੰ ਆਪਣੇ ਮੂੰਹ ਵਿੱਚ ਫੜ੍ਹਿਆ ਅਤੇ ਮੁੜ ਓਵੇਂ ਹੀ ਦੁੜੰਗੇ ਮਾਰਦਾ ਉਹ ਵਾਪਸ ਕੰਧ ਉੱਤੇ ਚੜ੍ਹ ਗਿਆ।

ਕੰਧ ਉੱਤੇ ਚੜਦੇ ਸਾਰ ਉਸ ਨੇ ਬਿਨ੍ਹਾਂ ਚੱਬੇ, ਇੱਕੋ ਵਾਰ ਵਿੱਚ ਸਬੂਤੇ ਦਾ ਸਬੂਤਾ ਭਮੱਕੜ ਅੰਦਰ ਲੰਘਾ ਲਿਆ। ਇਹ ਸਾਰਾ ਕੰਮ ਬਸ ਉਸ ਨੇ ਕੁਝ ਸਕਿੰਟਾਂ ਵਿੱਚ ਹੀ ਕਰ ਲਿਆ। ਬੱਚੇ ਵੀ ਆਪਣੀ ਖੇਡ ਛੱਡ ਕੇ ਉਸ ਕਿਰਲੇ ਨੂੰ ਦੇਖ ਰਹੇ ਸਨ। ਉਨ੍ਹਾਂ ਵਿੱਚੋਂ ਰਾਜੂ ਕਹਿੰਦਾ,"ਮੇਰੇ ਦਾਦੀ ਜੀ ਕਹਿੰਦੇ ਹੁੰਦੇ ਸੀ ਕਿ ਜੇ ਇਹ 'ਕਿਰਲਾ' ਕਿਸੇ ਉੱਤੇ ਆਪਣਾ ਥੁੱਕ ਸੁੱਟ ਦੇਵੇ ਤਾਂ ਉਸ ਨੂੰ ਕੋਹੜ ਹੋ ਜਾਂਦਾ ਹੈ, ਇਸੇ ਲਈ ਇਸ ਕਿਰਲੇ ਨੂੰ 'ਕੋਹੜ ਕਿਰਲਾ' ਕਹਿੰਦੇ ਹਨ। ਸਾਰੇ ਬੱਚੇ ਰਾਜੂ ਦੀ ਗੱਲ ਸੁਣ ਕੇ ਡਰ ਕੇ ਪਿੱਛੇ ਨੂੰ ਹੋ ਗਏ। ਉਨ੍ਹਾਂ ਵਿੱਚੋਂ ਛੋਟੀ ਬੱਚੀ ਕਹਿੰਦੀ,"ਵੀਰ, ਇਹ ਕਿੰਨਾ ਡਰਾਉਣਾ ਹੈ, ਜੇ ਕਿਤੇ ਇਹ ਥੋੜ੍ਹਾ ਹੋਰ ਵੱਡਾ ਹੁੰਦਾ ਤਾਂ ਪੂਰਾ ਡਿਸਕਵਰੀ ਚੈਨਲ ਵਾਲਾ ਡਾਇਨਾਸੋਰ ਲੱਗਣਾ ਸੀ ਅਤੇ ਮੇਰੇ ਵਰਗੀ ਨੂੰ ਤਾਂ ਇਸ ਨੇ ਸਬੂਤਾ ਹੀ ਅੰਦਰ ਲੰਘਾ ਜਾਣਾ ਸੀ।

ਮੈਂ ਅਤੇ ਪੰਮੀ ਬੱਚਿਆਂ ਦੀਆਂ ਗੱਲਾਂ ਸੁਣ ਰਹੇ ਸੀ ਅਤੇ ਮੈਂ ਵਿੱਚੋਂ ਦੀ ਬੋਲੇ ਬਿਨਾਂ ਨਾ ਰਹਿ ਸਕੀ। ਮੈਂ ਕਿਹਾ,"ਬੇਟਾ, ਤੁਸੀਂ ਇਹ ਗੱਲ ਬਿਲਕੁਲ ਠੀਕ ਕਹੀ ਹੈ ਕਿਉਂਕਿ ਇਹ ਕੋਹੜ ਕਿਰਲਾ ਸੱਚ-ਮੁੱਚ ਹੀ ਡਾਇਨਾਸੋਰਾਂ ਦਾ ਬਹੁਤ ਨੇੜੇ ਦਾ ਰਿਸ਼ਤੇਦਾਰ ਹੁੰਦਾ ਹੈ। ਕਿਰਲੇ, ਸੱਪ, ਕਿਰਲੀਆਂ, ਕੱਛੂਪਾਥੀਆਂ, ਮਗਰਮੱਛ, ਡਾਇਨਾਸੋਰ ਆਦਿ ਦੇ ਸਾਂਝੇ ਸੰਗਠਨ ਨੂੰ 'ਰੈਪਟਿਲਿਆ' ਕਹਿੰਦੇ ਹਨ। ਸਾਰੇ ਬੱਚੇ ਮੇਰੇ ਮੂੰਹ ਵੱਲ ਦੇਖਣ ਲੱਗ ਪਏ ਅਤੇ ਪੱਪੂ ਕਹਿੰਦਾ, "ਆਂਟੀ ਜੀ, ਕੀ ਸੱਚ-ਮੁੱਚ ਇਸ ਕਿਰਲਾ



ਦੇ ਥੁੱਕ ਸੁੱਟਣ ਨਾਲ ਕੋਹੜ ਹੋ ਜਾਂਦਾ ਹੈ ? "ਕੁਝ ਦਿਨ ਹੋਏ ਮੈਂ ਇੱਕ ਇਸੇ ਤਰ੍ਹਾਂ ਦਾ ਕਿਰਲਾ ਕੰਧ ਉੱਤੇ ਬੈਠਾ ਹੋਇਆ ਦੇਖਿਆ ਸੀ ਪਰ ਉਸ ਦਾ ਸਿਰ ਅਤੇ ਅੱਧਾ ਧੜ ਸੰਤਰੀ ਭੈ ਵਾਲੇ ਲਾਲ ਰੰਗ ਦਾ ਸੀ। ਉਹ ਕਦੇ ਆਪਣਾ ਮੂੰਹ ਖੋਲ੍ਹਦਾ ਸੀ ਅਤੇ ਕਦੇ ਬੰਦ ਕਰਦਾ ਸੀ ਅਤੇ ਇਸ ਦੇ ਨਾਲ ਉਹ ਆਪਣੇ ਸਿਰ ਨੂੰ ਹੇਠਾਂ-ਉੱਪਰ ਵੀ ਕਰੀ ਜਾ ਰਿਹਾ ਸੀ। ਆਂਟੀ ਜੀ, ਕੀ ਉਹ ਕੋਈ ਹੋਰ ਕਿਰਲਾ ਸੀ ? ਮੇਰਾ ਦੋਸਤ ਤਾਂ ਉਸ ਨੂੰ 'ਗਿਰਗਟ' ਕਹਿੰਦਾ ਸੀ। ਮੈਂ ਸਾਰੇ ਬੱਚਿਆਂ ਨੂੰ ਆਪਣੇ ਨੇੜੇ ਬੁਲਾ ਲਿਆ ਅਤੇ ਅਸੀਂ ਘਰ ਦੇ ਲਾਅਨ ਵਿੱਚ ਬੈਠ ਗਏ। ਮੈਂ ਦੱਸਣਾ ਸ਼ੁਰੂ ਕੀਤਾ ਕਿ ਸਭ ਤੋਂ ਪਹਿਲੀ ਗੱਲ ਇਹ ਕਿਰਲਾ ਕਿਸੇ ਉੱਤੇ ਥੁੱਕ ਨਹੀਂ ਸੁੱਟਦਾ। ਇਸ ਲਈ ਕਿਸੇ ਕਿਸਮ ਦਾ ਕੋਹੜ ਹੋਣ ਦਾ ਸਵਾਲ ਹੀ ਨਹੀਂ ਉੱਠਦਾ। ਦੂਜਾ ਇਹ ਤਾਂ ਖ਼ੁਦ ਇਨਸਾਨਾਂ ਤੋਂ ਬਹੁਤ ਡਰਦਾ ਹੈ। ਇਹ ਤਾਂ ਸਿਰਫ਼ ਦਿਨ ਵੇਲੇ ਕੀੜੇ-ਮਕੌੜਿਆਂ ਦੇ ਹੀ ਪਿੱਛੇ ਦੌੜ-ਦੌੜ ਕੇ ਉਨ੍ਹਾਂ ਨੂੰ ਫੜ ਕੇ ਖਾਂਦਾ ਹੈ।

ਜਿਸ ਵੇਲੇ ਇਨ੍ਹਾਂ ਨੇ ਕਿਸੇ ਉੱਤੇ ਰੋਹਬ ਪਾਉਣਾ ਹੁੰਦਾ ਹੈ ਜਾਂ ਡਰਾਉਣਾ ਹੁੰਦਾ ਹੈ ਜਾਂ ਆਪਣੀਆਂ ਮਾਦਾਵਾਂ ਨੂੰ ਲੁਭਾਉਣਾ ਹੁੰਦਾ ਹੈ ਤਾਂ ਇਹ ਕਿਸੇ ਉੱਚੀ ਥਾਂ ਜਿਵੇਂ ਕੰਧ ਜਾਂ ਕਿਸੇ ਦਰੱਖਤ ਦੀ ਟਾਹਣੀ ਉੱਤੇ ਬੈਠ ਜਾਂਦੇ ਹਨ ਤੇ ਆਪਣੀਆਂ ਅਗਲੀਆਂ ਲੱਤਾਂ ਨੂੰ ਅਕੜਾ ਕੇ ਸਿੱਧਾ ਕਰ ਲੈਂਦੇ ਹਨ ਅਤੇ ਆਪਣੇ ਸਿਰ ਨੂੰ ਵੀ ਪੂਰਾ ਉੱਚਾ ਚੁੱਕ ਲੈਂਦੇ ਹਨ। ਇਹ ਆਪਣੇ ਸਿਰ ਦੇ ਰੰਗ ਨੂੰ ਸੰਤਰੀ-ਲਾਲ, ਜਿਸ ਉੱਤੇ ਕਈ ਵਾਰ ਗੂੜ੍ਹੇ ਕਾਲੇ ਧੱਬੇ ਹੁੰਦੇ ਹਨ, ਕਰ ਲੈਂਦੇ ਹਨ। ਇਹ ਲਾਲ ਰੰਗ ਬਹੁਤੀ ਵਾਰ ਅਗਲੇ ਅੱਧੇ ਧੜ੍ਹ ਦਾ ਵੀ ਹੋ ਜਾਂਦਾ ਹੈ। ਫੇਰ ਇਹ ਮੂੰਹ ਖੋਲ੍ਹਣ ਅਤੇ ਬੰਦ ਕਰਨ ਅਤੇ ਸਿਰ ਨੂੰ ਉਪਰ-ਥੱਲੇ ਕਰਨ ਲੱਗ ਪੈਂਦੇ ਹਨ। ਇਸੇ ਕਰਕੇ ਕਈ ਥਾਵਾਂ ਉੱਤੇ ਇਨ੍ਹਾਂ ਦੇ ਲਾਲ ਰੰਗ ਤੋਂ ਡਰ ਕੇ ਲੋਕੀਂ ਇਨ੍ਹਾਂ ਨੂੰ 'ਬਲੱਡ ਸੱਕਰ' ਵੀ ਕਹਿੰਦੇ ਹਨ। ਇਨ੍ਹਾਂ ਦੀ ਰੰਗ ਬਦਲਣ ਦੀ ਆਦਤ ਕਰਕੇ ਇਨ੍ਹਾਂ ਨੂੰ ਅੰਗਰੇਜ਼ੀ ਵਿੱਚ 'ਚੇਂਜਏਬਲ ਲਿਜ਼ਰਡ' ਅਤੇ ਪੰਜਾਬੀ ਵਿੱਚ 'ਗਿਰਗਟ' ਕਹਿੰਦੇ ਹਨ। ਜਿਹੜਾ ਕਿਰਲਾ ਤੁਸੀਂ ਦੇਖਿਆ ਹੈ ਉਸ ਦਾ ਤਕਨੀਕੀ ਨਾਂ 'ਕੈਲੋਟਿਸ ਵਰਸੀਕਲਰ' ਹੈ। ਇਨ੍ਹਾਂ ਦੀਆਂ 300 ਜਾਤੀਆਂ ਦੇ ਪਰਿਵਾਰ ਨੂੰ 'ਐਗਾਮਿਡੇਈ' ਕਹਿੰਦੇ ਹਨ। ਇਨ੍ਹਾਂ ਦੇ ਅਤੇ ਹੋਰ ਘਰਾਂ ਵਿੱਚ ਮਿਲਣ ਵਾਲੀਆਂ ਕਿਰਲੀਆਂ ਦੇ ਸਾਂਝੇ ਸਮੂਹ ਨੂੰ 'ਸਕੁਐਮੈਟਾ' ਕਹਿੰਦੇ ਹਨ।

ਬੇਟਾ, ਇਹ ਹਰ ਵੇਲੇ ਚੁਕੰਨੇ ਰਹਿਣ ਵਾਲੇ ਕਿਰਲੇ ਏਸ਼ਿਆਈ ਦੇਸ਼ਾਂ ਜਿਵੇਂ, ਦੱਖਣੀ ਚੀਨ, ਭਾਰਤ, ਅਫ਼ਗ਼ਾਨਿਸਤਾਨ, ਪਾਕਿਸਤਾਨ, ਮਲੇਸ਼ੀਆ, ਸ਼੍ਰੀ ਲੰਕਾ ਅਤੇ ਮੌਰੀਸ਼ੀਅਸ ਵਿੱਚ ਆਮ ਮਿਲਦੇ ਹਨ ਪਰ ਆਵਾਜਾਈ ਸਾਧਨਾਂ ਦੇ ਵਧਣ ਨਾਲ ਹੌਲੀ-ਹੌਲੀ ਇਹ ਨਾਲ ਲੱਗਦੇ ਦੂਜੇ ਦੇਸ਼ਾਂ ਵਿੱਚ ਵਸ ਗਏ ਹਨ ਅਤੇ ਇਨ੍ਹਾਂ ਨੇ ਇਨਸਾਨਾਂ ਦੇ ਨੇੜੇ ਰਹਿਣਾ ਵੀ ਸਿਖ ਲਿਆ ਹੈ।

ਇਨ੍ਹਾਂ ਨੂੰ ਜ਼ਮੀਨ ਉੱਤੇ ਘੱਟ ਪਰ ਝਾੜੀਆਂ, ਦਰੱਖਤਾਂ, ਬਨੇਰਿਆਂ ਅਤੇ ਵਾੜਾਂ ਉੱਤੇ ਆਪਣੇ ਸ਼ਿਕਾਰ ਦੀ ਘਾਤ ਲਾ ਕੇ ਉਡੀਕ ਜਾਂ ਫਿਰ ਰੋਹਬ ਪਾਉਣ ਅਤੇ ਆਪਣਾ ਰਕਬਾ ਉਲੀਕਣ ਦੇ ਚੱਕਰ ਵਿੱਚ ਇਕੱਲੇ-ਇਕੱਲੇ ਹੀ ਬੈਠੇ ਦੇਖਿਆ ਜਾ ਸਕਦਾ ਹੈ। ਰਾਤ ਵੇਲੇ ਇਹ 3 ਤੋਂ 30 ਫੁੱਟ ਦੀ ਉਚਾਈ ਉੱਤੇ ਲੱਗੀਆਂ ਟਾਹਣੀਆਂ ਉੱਤੇ ਸੌਂਦੇ ਹਨ। ਮੀਂਹ ਪੈਣ ਦੇ ਮਗਰੋਂ ਇਹ ਅਕਸਰ ਜ਼ਮੀਨ ਉੱਤੇ ਕੀੜੇ, ਭਮੱਕੜ ਫੜ੍ਹਨ ਲਈ ਉੱਤਰਦੇ ਰਹਿੰਦੇ ਹਨ।

ਆਮ ਤੌਰ 'ਤੇ ਇਹ ਕਿਰਲੇ ਭੂਰੇ, ਸਲੇਟੀ ਜਾਂ ਹਰੇ ਰੰਗ ਦੀ ਭਾ ਵਾਲੇ ਪੀਲੇ ਰੰਗ ਦੇ ਹੁੰਦੇ ਹਨ। ਇਨ੍ਹਾਂ ਦਾ ਸਰੀਰ 40 ਤੋਂ 45 ਸੈਂਟੀਮੀਟਰ ਦੀ ਲੰਬਾਈ ਦਾ ਹੁੰਦਾ ਹੈ ਜਿਹੜਾ ਬੈਠਵੇਂ-ਰੁਖ਼ ਚਪਟਾ ਨਹੀਂ ਸਗੋਂ ਖੜ੍ਹਵੇਂ-ਰੁਖ਼ ਚਪਟਾ ਹੁੰਦਾ ਹੈ। ਸਿਰ ਵੱਡਾ ਅਤੇ ਮੂੰਹ ਵੱਡੀ ਸਾਰੀ ਵਾਕ ਵਾਲਾ ਹੁੰਦੀ ਹੈ। ਮੂੰਹ ਦੇ ਵਿੱਚ ਜਬਾੜ੍ਹੇ ਉੱਤੇ ਇੱਕ ਕਤਾਰ ਵਿੱਚ ਅੰਦਰ ਨੂੰ ਮੁੜੇ ਹੋਏ ਨਿੱਕੇ ਨਿੱਕੇ ਦੰਦ ਹੁੰਦੇ ਹਨ, ਜਿਹੜੇ ਪਕੜੇ ਹੋਏ ਸ਼ਿਕਾਰ ਨੂੰ ਚਬਾਉਣ ਲਈ ਨਹੀਂ ਸਗੋਂ ਮੂੰਹ ਵਿੱਚੋਂ ਬਾਹਰ ਨਿਕਲਣ ਵੇਲੇ ਰੋਕਣ ਦਾ ਕੰਮ ਕਰਦੇ ਹਨ।

ਇਹ ਆਪਣੀਆਂ ਦੋਨਾਂ ਅੱਖਾਂ ਨੂੰ ਵੱਖ-ਵੱਖ ਪਾਸਿਆਂ ਨੂੰ ਘੁਮਾ ਕੇ ਇੱਕੋ ਵੇਲੇ ਚਾਰੋਂ ਪਾਸੇ ਬਿਨਾਂ ਸਿਰ ਹਿਲਾਏ ਦੇਖ ਲੈਂਦੇ ਹਨ। ਅੱਖਾਂ ਦੇ ਨੇੜੇ ਅੰਡਾਕਾਰ ਕੰਨ ਦੇ ਪਰਦੇ ਬੜੀ ਆਸਾਨੀ ਨਾਲ ਦਿਖ ਜਾਂਦੇ ਹਨ, ਜਿਨ੍ਹਾਂ ਦੇ ਪਾਸਿਆਂ ਉੱਤੇ ਸਖ਼ਤ ਕੰਢਿਆਂ ਵਰਗੇ ਛੋਟੇ-ਛੋਟੇ ਉਭਾਰਾਂ ਦੇ ਗੁੱਛੇ ਲੱਗੇ ਹੁੰਦੇ ਹਨ। ਇਨ੍ਹਾਂ ਕਿਰਲਿਆਂ ਦੇ ਸਿਰ ਦੇ ਵਿਚਕਾਰੋਂ ਸ਼ੁਰੂ ਹੋ ਕੇ ਇੱਕ ਸਖ਼ਤ ਕੰਢਿਆਂ ਜਿਹਿਆਂ ਦੀ ਲਾਈਨ ਪੂਛ ਦੇ ਸ਼ੁਰੂ ਹੋਣ ਤਕ ਜਾਂਦੀ ਹੈ। ਜਿਸ ਵੇਲੇ ਇਹ ਗੁੱਸੇ ਵਿੱਚ ਹੁੰਦੇ ਹਨ ਤਾਂ ਇਹ ਆਪਣੇ ਇਨ੍ਹਾਂ ਕੰਢਿਆਂ ਨੂੰ ਖੜ੍ਹਾ ਵੀ ਕਰ ਲੈਂਦੇ ਹਨ ਅਤੇ ਆਪਣੀਆਂ ਗੱਲ੍ਹਾਂ ਵੀ ਫੁਲਾ ਲੈਂਦੇ ਹਨ। ਉਸ ਵੇਲੇ ਇਹ ਸੱਚ-ਮੁੱਚ ਹੀ ਬੜੇ ਡਰਾਉਣੇ ਲੱਗਦੇ ਹਨ। ਇਸੇ ਲਈ ਕਈ ਥਾਵਾਂ ਉੱਤੇ ਇਨ੍ਹਾਂ ਨੂੰ 'ਕਰੈਸਟਿਡ ਲਿਜ਼ਰਡ' ਵੀ ਕਹਿੰਦੇ ਹਨ।

ਬੱਚਿਓ, ਇਨ੍ਹਾਂ 'ਕੋਹੜ ਕਿਰਲਿਆਂ' ਜਾਂ 'ਗਿਰਗਟਾਂ' ਦੇ ਸਰੀਰ ਉੱਤੇ ਵੀ ਸੱਪ ਵਾਂਗ ਚਮੜੀ ਦੀਆਂ ਪਰਤਾਂ ਬਣੀਆਂ ਹੁੰਦੀਆਂ ਹਨ। ਪਿੱਠ ਵਾਲੇ ਪਾਸੇ ਇਹ ਵੱਖਰੇ ਵੱਖਰੇ ਰੰਗਾਂ ਦੀਆਂ ਹੁੰਦੀਆਂ ਹਨ ਪਰ ਢਿੱਡ ਵਾਲੇ ਪਾਸੇ ਇਨ੍ਹਾਂ ਦਾ ਰੰਗ ਚਿੱਟਾ ਜਾਂ ਫਿੱਕਾ ਪੀਲਾ ਹੁੰਦਾ ਹੈ। ਪਰ ਇਹ ਸੱਪਾਂ ਵਾਂਗ ਇੱਕੋ ਵਾਰ ਵਿੱਚ ਹੀ ਪੂਰੀ ਦੀ ਪੂਰੀ ਕੁੰਜ ਨਹੀਂ ਲਾਹੁੰਦੇ ਸਗੋਂ ਕਿਰਲੀਆਂ ਦੀ ਤਰ੍ਹਾਂ ਆਪਣੀ ਚਮੜੀ ਨੂੰ ਟੋਟਿਆਂ ਵਿੱਚ ਬਦਲਦੇ ਰਹਿੰਦੇ ਹਨ।

ਇਨ੍ਹਾਂ ਦੇ ਧੜ ਉੱਤੇ ਦੋ ਜੋੜੇ ਲੱਤਾਂ ਦੇ ਹੁੰਦੇ ਹਨ ਜਿਨ੍ਹਾਂ ਅੱਗੇ, ਲੰਮੀਆਂ-ਲੰਮੀਆਂ ਪੰਜ-ਪੰਜ ਉਂਗਲਾਂ ਵਾਲੇ ਪੈਰ ਹੁੰਦੇ ਹਨ। ਇਹ ਕਿਰਲੇ ਜ਼ਮੀਨ ਉੱਤੇ ਰੇਂਗਦੇ ਨਹੀਂ ਸਗੋਂ ਆਪਣੀਆਂ ਲੱਤਾਂ ਨਾਲ ਸਰੀਰ ਨੂੰ ਜ਼ਮੀਨ ਤੋਂ ਉੱਚਾ ਚੁੱਕ ਲੈਂਦੇ ਹਨ ਅਤੇ ਫੇਰ ਬਹੁਤ ਤੇਜ਼ ਭੱਜ ਲੈਂਦੇ ਹਨ। ਇਨ੍ਹਾਂ ਦੀ ਪੂਛ ਬਾਕੀ ਦੇ ਸਰੀਰ ਤੋਂ ਦੁੱਗਣੀ ਲੰਮੀ, ਕਿਸੇ ਸਖ਼ਤ ਝਾੜੂ ਦੇ ਤੀਲ੍ਹੇ ਵਾਂਗ ਸਿੱਧੀ, ਬਰੀਕ ਅਤੇ ਸਖ਼ਤ ਹੁੰਦੀ ਹੈ।

ਆਮ ਘਰਾਂ ਵਿੱਚ ਰਹਿਣ ਵਾਲੀਆਂ ਕਿਰਲੀਆਂ ਵਾਂਗ ਇਹ ਆਪਣੀ ਪੂਛ ਨੂੰ ਲੋੜ ਪੈਣ ਉੱਤੇ ਤੋੜ ਕੇ ਨਹੀਂ ਸੁੱਟ ਸਕਦੇ। ਇਨ੍ਹਾਂ 'ਕੋਹੜ ਕਿਰਲਿਆਂ' ਦੇ ਸਰੀਰ ਦਾ ਤਾਪਮਾਨ ਬਾਹਰਲੀ ਆਬੋ-ਹਵਾ ਦੇ ਤਾਪਮਾਨ ਦੇ ਨਾਲ-ਨਾਲ ਵਧਦਾ-ਘਟਦਾ ਰਹਿੰਦਾ ਹੈ। ਇਸ ਲਈ ਇਨ੍ਹਾਂ ਦੀ ਗਿਣਤੀ 'ਕੋਲਡ ਬਲੱਡਡ' ਜੀਵਾਂ ਵਿੱਚ ਹੁੰਦੀ ਹੈ। ਲੋੜ ਪੈਣ ਉੱਤੇ ਧੁੱਪ ਸੇਕ ਕੇ ਅਤੇ ਸੂਰਜ ਦੀ ਉਰਜਾ ਦਾ ਫਾਇਦਾ ਉਠਾ ਕੇ ਇਹ ਆਪਣੇ ਸਰੀਰ ਦਾ ਤਾਪਮਾਨ ਵਧਾ ਲੈਂਦੇ ਹਨ। ਇਹੋ ਕਾਰਨ ਹੈ ਕਿ ਇਨ੍ਹਾਂ ਨੂੰ ਸਰਦੀਆਂ ਵਿੱਚ ਦੁਪਹਿਰੇ ਅਤੇ ਗਰਮੀਆਂ ਵਿੱਚ ਸਵੇਰੇ ਕੰਧਾਂ ਜਾਂ ਦਰੱਖਤਾਂ ਦੀਆਂ ਟਾਹਣੀਆਂ ਉੱਤੇ ਬੈਠ ਕੇ ਧੁੱਪ ਸੇਕਦਿਆਂ ਅਕਸਰ ਦੇਖਿਆ ਜਾਂਦਾ ਹੈ।

ਬੇਟਾ, ਇਨ੍ਹਾਂ ਦੇ ਅੰਡਿਆਂ ਦੇ ਬਾਹਰ ਆਮ ਆਂਡਿਆਂ ਵਾਂਗ ਪੱਥਰ ਵਾਲਾ ਸਖ਼ਤ ਕਵਚ ਨਹੀਂ ਹੁੰਦਾ ਸਗੋਂ ਇੱਕ ਮੋਟੀ ਅਤੇ ਸਖ਼ਤ ਚਮੜੇ ਵਰਗੀ ਝਿੱਲੀ ਹੁੰਦੀ ਹੈ। ਅੰਡਿਆਂ ਵਿੱਚੋਂ ਸੂਰਜ ਦੀ ਗਰਮੀ ਨਾਲ ਹੀ ਅੱਠ ਤੋਂ ਨੌਂ ਹਫ਼ਤਿਆਂ ਵਿੱਚ ਬੱਚੇ ਬਣ ਜਾਂਦੇ ਹਨ ਅਤੇ ਝਿੱਲੀ ਨੂੰ ਪਾੜ ਕੇ ਆਪਣੇ ਆਪ ਮਿੱਟੀ ਵਿੱਚੋਂ ਬਾਹਰ ਨਿਕਲ ਆਉਂਦੇ ਹਨ। ਬੱਚਿਆਂ ਦੀ ਦਿੱਖ ਆਪਣੇ ਮਾਂ-ਬਾਪ ਵਾਲੀ ਹੀ ਹੁੰਦੀ ਹੈ ਅਤੇ ਉਹ ਕੋਈ ਇੱਕ ਸਾਲ ਵਿੱਚ ਪ੍ਰੌੜ੍ਹ ਬਣ ਜਾਂਦੇ ਹਨ।

ਬੱਚਿਓ, ਭਾਵੇਂ ਇਨ੍ਹਾਂ 'ਗਿਰਗਿਟਾਂ' ਦੀ ਦਿੱਖ ਬਹੁਤ ਭਿਆਨਕ ਹੈ ਪਰ ਇਹ ਇਨਸਾਨਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਂਦੇ, ਬਲਕਿ ਬਾਗਾਂ ਬਗੀਚਿਆਂ ਵਿੱਚੋਂ ਕੀੜੇ-ਮਕੌੜੇ ਖਾਂਦੇ ਹਨ ਅਤੇ ਆਪ ਕਈ ਕਿਸਮ ਦੇ ਜੀਵਾਂ ਦਾ ਭੋਜਨ ਬਣਦੇ ਹਨ। ਵੱਡਾ ਬੇਟਾ ਕਹਿੰਦਾ, ਮਾਂ ਫੇਰ ਸਿਰਫ਼ ਇਨ੍ਹਾਂ ਦੀ ਭਿਆਨਕ ਸੂਰਤ ਨੂੰ ਹੀ ਇਨ੍ਹਾਂ ਨੂੰ ਮਾਰਨ ਦੀ ਵਜ੍ਹਾ ਬਣਾਉਣਾ ਬਿਲਕੁਲ ਜਾਇਜ਼ ਨਹੀਂ ਹੈ।

## ਕਹਾਣੀ ਕਿਰਾਏਦਾਰ

-ਡਾ. ਪ੍ਰਦੀਪ ਕੌੜਾ

ਇੱਕ ਵਾਰ ਫਿਰ ਘਰ ਖਾਲੀ-ਖਾਲੀ ਹੋ ਗਿਆ ਸੀ, ਜਿਵੇਂ ਇਸ ਘਰ ਵਿੱਚ ਕਦੇ ਕੋਈ ਵੱਸਦਾ ਹੀ ਨਹੀਂ ਸੀ। ਵੱਡਾ ਪੜ੍ਹ-ਲਿਖ ਕੇ ਜਦੋਂ ਕੈਨੇਡਾ ਸੈਟਲ ਹੋ ਗਿਆ ਤਾਂ ਇਹ ਤਸੱਲੀ ਸੀ ਕਿ ਕੋਈ ਗੱਲ ਨਹੀਂ, ਛੋਟਾ ਤਾਂ ਸਾਡੇ ਕੋਲ ਹੀ ਹੈ। ਪੈਸਾ ਕਮਾਉਣ ਦੀ ਲਾਲਸਾ ਵਿੱਚ ਛੋਟੇ ਦੇ ਵੀ ਵਿਦੇਸ਼ ਚਲੇ ਜਾਣ ਵਾਲੇ ਦਿਨ ਤੋਂ ਹੀ ਸਾਰਾ ਘਰ ਭਾਂਅ-ਭਾਂਅ ਕਰਨ ਲੱਗਾ ਸੀ। ਉਂਜ ਜਾਣ ਲੱਗੇ ਛੋਟਾ ਅਤੇ ਉਸ ਦੀ ਵਹੁਟੀ ਵਾਰ-ਵਾਰ ਉਨ੍ਹਾਂ ਨੂੰ ਬੱਚਿਆਂ ਵਾਂਗ ਸਮਝਾਕੇ ਗਏ ਸਨ, "ਦੇਖਣਾ ਭਾਪਾ ਜੀ ! ਐਂਵੇ ਯਕੀਨ ਕਰਕੇ ਕਿਸੇ ਐਰੇ-ਗੈਰੇ ਨੂੰ ਚਾਰ ਪੈਸਿਆਂ ਦੇ ਲਾਲਚ ਵਿੱਚ ਕਿਰਾਏ 'ਤੇ ਨਾ ਬਿਠਾ ਲੈਣਾ। ਤੁਹਾਨੂੰ ਜਿੰਨੇ ਪੈਸੇ ਚਾਹੀਦੇ ਹੋਣਗੇ, ਮੈਨੂੰ ਲਿਖਣਾ ਮੈਂ ਭੇਜਦਾ ਰਹਾਂਗਾ। ਅੱਜ-ਕੱਲ੍ਹ ਕਿਸੇ ਦਾ ਉੱਕਾ ਵਿਸ਼ਵਾਸ ਨਹੀਂ। ਪਹਿਲਾਂ ਚੰਗੇ ਬਣ ਕੇ ਮਕਾਨ ਮਾਲਕਾਂ ਦਾ ਵਿਸ਼ਵਾਸ ਜਿੱਤ ਲੈਂਦੇ ਨੇ ਅਤੇ ਬਾਅਦ ਵਿੱਚ ਨਿੱਤ ਅਖ਼ਬਾਰਾਂ ਵਿੱਚ ਪੜ੍ਹੀਦਾ ਕਿ ਕਿਰਾਏਦਾਰ ਰਾਤ ਨੂੰ ਮਕਾਨ ਮਾਲਕ ਦਾ ਕਤਲ ਕਰਕੇ ਘਰ ਦਾ ਸਾਰਾ ਕੁਝ ਲੁੱਟ ਕੇ ਫਰਾਰ ਹੋ ਗਿਆ।"

"ਵੈਸੇ ਤਾਂ ਥੋਨੂੰ ਤੁਹਾਡੀ ਪੈਨਸ਼ਨ ਹੀ ਨਹੀਂ ਮੁੱਕਿਆ ਕਰਨੀ। ਦੋ ਜੀਆਂ ਨੂੰ ਸੱਤ ਹਜ਼ਾਰ ਕਿਤੇ ਥੋੜ੍ਹਾ ਹੁੰਦੈ ?" ਜਿਹੜੀ ਗੱਲ ਛੋਟਾ ਮੂੰਹ ਪਾੜ ਕੇ ਕਹਿ ਨਹੀਂ ਸੀ ਸਕਦਾ ਉਹ ਉਸ ਦੀ ਵਹੁਟੀ ਨੇ ਸਹਿਜੇ ਹੀ ਆਖ ਦਿੱਤੀ ਸੀ।

ਪੰਜ-ਸੱਤ ਦਿਨ ਤਾਂ ਬਾਹਰ ਜਾ ਕੇ ਪੁੱਤ ਨੇ ਫੋਨ ਕਰ ਕੇ ਹਾਲ-ਚਾਲ ਜ਼ਰੂਰ ਪੁੱਛਿਆ। ਪੈਸੇ ਤਾਂ ਕੀ ਭੇਜਣੇ ਸਨ ਫਿਰ ਤਾਂ ਟਾਈਮ ਨਾ ਮਿਲਣ ਬਹਾਨੇ ਕਈ-ਕਈ ਹਫ਼ਤੇ ਅਤੇ ਮਹੀਨੇ ਲੰਘਣ ਲੱਗ ਪਏ ਸਨ। ਗਾਹੇ-ਬਗਾਹੇ ਕਈ ਲੋਕ ਕਿਰਾਏ ਲਈ ਘਰ ਪੁੱਛਣ ਆਉਂਦੇ ਤਾਂ ਨੂੰਹ ਪੁੱਤ ਦੀਆਂ ਹਦਾਇਤਾਂ ਨੂੰ ਯਾਦ ਕਰ ਕੇ ਬਜ਼ੁਰਗ ਪਤੀ-ਪਤਨੀ ਨਾਂਹ ਕਰ ਦਿੰਦੇ। ਪਰ ਜੋ ਅੱਜ ਕਿਰਾਏ ਲਈ ਪੁੱਛਣ ਆਇਆ ਸੀ ਉਸ ਨੂੰ ਦੇਵ ਢਿੱਲੋਂ ਦੇ ਲੰਗੋਟੀਏ ਯਾਰ ਵੇਦ ਸ਼ਰਮਾ ਨੇ ਭੇਜਿਆ ਸੀ। ਇਸ ਕਰਕੇ ਇਕਦਮ ਮਨ੍ਹਾਂ ਵੀ ਤਾਂ ਨਹੀਂ ਕੀਤਾ ਜਾ ਸਕਦਾ ਸੀ।

ਫਿਰ ਜਿਉਣ ਲਈ ਕੋਈ ਸਹਾਰਾ ਵੀ ਤਾਂ ਚਾਹੀਦਾ ਹੈ। ਕਾਫ਼ੀ ਸੋਚ-ਵਿਚਾਰ ਤੋਂ ਬਾਅਦ ਦੇਵ ਢਿੱਲੋਂ ਨੇ ਫ਼ੈਸਲਾ ਕੀਤਾ ਕਿ ਇੱਕ ਵਾਰ 'ਹਾਂ' ਕਰ ਦਿੰਦੇ ਹਾਂ। ਮਹੀਨੇ-ਦੋ ਮਹੀਨਿਆਂ ਬਾਅਦ ਕਿਸੇ ਬਹਾਨੇ ਉਠਾ ਦੇਵਾਂਗੇ। ਪਰ ਫਿਰ ਵੀ ਨੂੰਹ-ਪੁੱਤ ਦੀ ਸਲਾਹ ਧਿਆਨ ਵਿੱਚ ਰੱਖ ਕੇ ਕਿਰਾਏ 'ਤੇ ਥੱਲੜਾ ਪੋਰਸ਼ਨ ਹੀ ਦਿੱਤਾ ਗਿਆ। ਬਜ਼ੁਰਗ ਢਿੱਲੋਂ ਜੋੜਾ ਆਪ ਉਪਰਲੇ ਪੋਰਸ਼ਨ ਵਿੱਚ ਹੀ ਰਿਹਾ ਤਾਂ ਜੋ ਸਾਰੇ ਘਰ ਦੀ ਨਿਗਰਾਨੀ ਰਹਿ ਸਕੇ।

ਨਵਾਂ ਕਿਰਾਏਦਾਰ ਜਸਵੀਰ, ਉਸ ਦੀ ਘਰਵਾਲੀ ਅਤੇ ਇੱਕ ਬੱਚਾ। ਜਿਵੇਂ ਛੋਟਾ ਜਿਹਾ ਪਰਿਵਾਰ ਉਵੇਂ ਹੀ ਬਹੁਤ ਥੋੜ੍ਹੀਆਂ ਚੀਜ਼ਾਂ, ਇੱਕ ਡਬਲਬੈੱਡ, ਦੋ ਕੁਰਸੀਆਂ ਇੱਕ ਮੇਜ਼, ਇੱਕ ਅਲਮਾਰੀ, ਰਸੋਈ ਗੈਸ ਅਤੇ ਚਾਰ ਭਾਂਡੇ। ਰਾਤੀਂ ਦੋਵੇਂ ਜੀਅ ਉੱਪਰ ਆਏ। ਪੈਰੀਂ ਹੱਥ ਲਾ ਕੇ ਕਹਿਣ ਲੱਗੇ, "ਮਾਂ ਜੀ ! ਸ਼ਹਿਰ ਆਪਣਾ ਘਰ ਸੀ, ਕਦੇ ਕਿਰਾਏ 'ਤੇ ਰਹੇ ਨਹੀਂ। ਇਸ ਕਰਕੇ ਜੇ ਕਿਤੇ ਕੋਈ ਗ਼ਲਤੀ ਹੋ ਜੇ ਤਾਂ ਸਾਨੂੰ



"ਜੀ ਮੈਂ ਕਹਿੰਦੀ ਸੀ, ਹੁਣ ਤਾਂ ਛੇ ਮਹੀਨੇ ਬੀਤ ਗਏ। ਨਾਲੇ ਇਹ ਤਾਂ ਆਪਣੇ ਨਾਲ ਬਹੁਤੇ ਹੀ ਘੁਲਦੇ ਮਿਲਦੇ ਜਾਂਦੇ ਨੇ, ਕਿਸੇ ਦਾ ਕੀ ਭਰੋਸਾ ਕਿਤੇ ਛੋਟੇ ਵਾਲੀ ਗੱਲ ਵੀ ਨਾ ਆਪਣੇ ਨਾਲ ਹੋ ਜੇ। ਮੇਰੀ ਮੰਨੋ ਤਾਂ ਇਨ੍ਹਾਂ ਨੂੰ ਉਠਾ ਹੀ ਦਿਓ।" ਸ੍ਰੀਮਤੀ ਢਿੱਲੋਂ ਨੇ ਵਸੀ-ਵਸਾਈ ਦੁਨੀਆਂ ਇੱਕ ਵਾਰ ਫਿਰ ਉੱਜੜ ਜਾਣ ਦੇ ਡਰ ਨੂੰ ਮਨ ਵਿੱਚ ਦੱਬ ਕੇ ਹੌਸਲੇ ਜਿਹੇ ਨਾਲ ਆਪਣੇ ਪਤੀ ਨੂੰ ਕਹਿ ਹੀ ਦਿੱਤਾ। ਕਾਫ਼ੀ ਦੇਰ ਤੱਕ ਜਦੋਂ ਦੇਵ ਦਾ ਜੁਆਬ ਨਾ ਆਇਆ ਤਾਂ ਸ੍ਰੀਮਤੀ ਢਿੱਲੋਂ ਨੇ ਕਾਹਲੀ-ਕਾਹਲੀ ਸਾਰੀ ਗੱਲ ਫਿਰ ਇਉਂ ਦੁਹਰਾ ਦਿੱਤੀ ਜਿਵੇਂ ਉਸ ਨੂੰ ਡਰ ਹੋਵੇ ਕਿ ਇਸ ਤੋਂ ਬਾਅਦ ਉਸ ਤੋਂ ਇਹ ਸਾਰੀ ਗੱਲ ਕਹਿ ਹੋਣ ਤੋਂ ਪਹਿਲਾਂ ਉਸ ਦੇ ਨੈਣ ਛਲਕ ਜਾਣਗੇ ਅਤੇ ਮੋਹ-ਮਾਇਆ ਦੇ ਭਾਰ ਥੱਲੇ ਜ਼ੁਬਾਨ ਦੀ ਹਰਕਤ ਬੰਦ ਹੋ ਜਾਵੇਗੀ। ਪਰ ਹੁਣ ਵੀ ਕੋਈ ਜੁਆਬ ਨਾ ਮਿਲਿਆ। ਹੜਬੜਾ ਕੇ ਸ੍ਰੀਮਤੀ ਢਿੱਲੋਂ ਨੇ ਬੱਤੀ ਜਗਾਈ, ਹੱਥ ਥਾਏਂ ਰੁਕ ਗਏ। ਪਤੀ ਦੀ ਹਾਲਤ ਦੇਖ ਕੇ ਸਰੀਰ ਕੰਬ ਗਿਆ, ਇੱਕੋ ਸਾਹੇ ਚੀਕਾਂ ਮਾਰਦੀ ਸ੍ਰੀਮਤੀ ਢਿੱਲੋਂ ਥਾਏਂ ਸੁੰਨ ਹੋ ਗਈ।

ਚੀਕਾਂ ਸੁਣ ਕੇ ਦਗੜ-ਦਗੜ ਕਰਦੇ ਦੋਵੇਂ ਮੀਆਂ-ਬੀਵੀ ਪੌੜੀਆਂ ਚੜ੍ਹ ਆਏ। " ਤੁਸੀਂ ਘਬਰਾਓ ਨਾ ਮੈਂ ਆ ਗਿਆ ਮਾਂ ਜੀ," ਕਹਿੰਦੇ ਹੀ ਜਸਵੀਰ ਨੇ ਦੇਵ ਢਿੱਲੋਂ ਨੂੰ ਦੋਵੇਂ ਬਾਹਵਾਂ ਵਿੱਚ ਚੁੱਕ ਲਿਆ।

"ਪੁੱਤ ! ਛੇਤੀ ਇਨ੍ਹਾਂ ਨੂੰ ਹਸਪਤਾਲ ਲੈ ਚੱਲ ਐਸ ਵੇਲੇ ਤਾਂ ਕੋਈ ਰਿਕਸ਼ਾ ਵੀ ਨਈਂ ਮਿਲਣੀ ।" ਭੌਰ-ਭੌਰ ਖੜ੍ਹੀ ਸ੍ਰੀਮਤੀ ਢਿੱਲੋਂ ਬੇਵੱਸ ਜਿਹੀ ਜਸਵੀਰ ਵੱਲ ਝਾਕੀ ਜਾ ਰਹੀ ਸੀ।

"ਮਾਂ ਜੀ ! ਥੋਡੇ ਪੁੱਤ ਦੀਆਂ ਬਾਹਵਾਂ ਇੰਨੀਆਂ ਕਮਜ਼ੋਰ ਨਹੀਂ ਕਿ ਬਾਪ ਨੂੰ ਵੀ ਨਾ ਚੁੱਕ ਸਕਣ। ਭਾਪਾ ਜੀ ਨੂੰ ਮੇਰੇ ਜਿਉਂਦੇ-ਜੀਅ ਕੁਝ ਨਹੀਂ ਹੋ ਸਕਦਾ।" ਪੌੜੀਆਂ ਉਤਰਦਾ ਜਸਵੀਰ ਬੁੜਬੁੜਾ ਰਿਹਾ ਸੀ।

" ਹਾਰਟ ਅਟੈਕ ਐ ਜੀ। ਸਵਾ ਲੱਖ ਦੇ ਦੋ ਇੰਜੈਕਸ਼ਨ ਲੱਗਣਗੇ, ਗਰੰਟੀ ਕੋਈ ਨਹੀਂ ਕੁਝ ਵੀ ਹੋ ਸਕਦੈ।" ਜਸਵੀਰ ਦੀਆਂ ਬਾਹਾਂ ਵਿੱਚ ਹੀ ਦੇਵ ਢਿੱਲੋਂ ਦੀ ਨਬਜ਼ ਟੋਹ ਕੇ ਡਾਕਟਰ ਨੇ ਸਾਹਮਣੇ ਉਪਰੇਸ਼ਨ ਥਿਏਟਰ ਵੱਲ ਇਸ਼ਾਰਾ ਕਰ ਦਿੱਤਾ।

"ਮੈਂ ਸਵਾ ਦਾ ਢਾਈ ਦੇਵਾਂਗਾ ਡਾਕਟਰ ਸਾਹਬ। ਪਰ ਮੇਰੇ ਬਾਪ ਨੂੰ ।" ਕਹਿੰਦੇ ਹੀ ਜਸਵੀਰ ਦੀ ਧਾਹ ਨਿਕਲ ਗਈ।

"ਪਰ ਪੁੱਤ ! ਸਾਡੇ ਕੋਲ ਐਨੇ ਪੈਸੇ ।" ਅਲਫ਼ਾਜ਼ ਅਜੇ ਮੂੰਹ ਵਿੱਚ ਹੀ ਸਨ ਕਿ ਜਸਵੀਰ ਦੀ ਘਰਵਾਲੀ ਦੀਆਂ ਬਾਹਵਾਂ ਵਿੱਚ ਪਾਈਆਂ ਵੰਗਾਂ ਨੂੰ ਦੋਵੇਂ ਹੱਥਾਂ ਵਿੱਚ ਫੜੀ ਜਸਵੀਰ ਦਾ ਬੇਟਾ ਆਪਣੀ ਮਾਂ ਦੀ ਗੋਦੀ ਵਿੱਚੋਂ ਦਾਦੀ-ਦਾਦੀ ਕਰਦਾ ਸ੍ਰੀਮਤੀ ਢਿੱਲੋਂ ਵੱਲ ਉਲਰ ਪਿਆ।

# ਕੁਤਰੇ ਪਰ੍ਹਾਂ ਨਾਲ ਫੜਫੜਾਉਂਦੇ ਬੋਟ ਦੀਆਂ ਚਾਂਗਰਾਂ

ਡਾ ਹਰਸ਼ਿੰਦਰ ਕੌਰ

ਲੰਡਨ ਵਿਚ ਸਹਾਰਾ ਘਰਾਂ ਵਿਚਲੀਆਂ 77 ਨਾਬਾਲਗ ਬੱਚੀਆਂ ਦਾ ਉਨ੍ਹਾਂ ਦੇ ਦਾਦੇ ਤੋਂ ਵੀ ਵੱਡੀ ਉਮਰ ਦੇ ਪਾਕਿਸਤਾਨੀ ਬੰਦਿਆਂ ਅਤੇ ਇਕ ਅਫਗਾਨੀ ਵੱਲੋਂ ਕੀਤੇ ਗਏ ਜਬਰ-ਜਿਨਾਹ ਸਦਕਾ ਉਨ੍ਹਾਂ ਨੂੰ ਉਮਰ ਕੈਦ ਸੁਣਾਈ ਗਈ ਹੈ। ਸਹਿਮ ਅਤੇ ਡਰ ਹੇਠ ਲੰਘੀ ਉਨ੍ਹਾਂ ਦੀ ਨਰਕ ਤੋਂ ਬਦਤਰ ਜ਼ਿੰਦਗੀ ਬਾਰੇ ਸੁਣ ਕੇ ਜੱਜ ਵੀ ਇੰਨਾ ਪਸੀਜ ਗਿਆ ਕਿ ਸੇਜਲ ਅੱਖਾਂ ਨਾਲ ਉਸ ਨੂੰ ਦੱਬੇ ਮੂੰਹ ਕਹਿਣਾ ਪਿਆ ਕਿ ਇਸ ਤਰ੍ਹਾਂ ਦੀ ਜ਼ਿੰਦਗੀ ਨਾਲੋਂ ਤਾਂ ਨਾ ਜੰਮਣਾ ਹੀ ਬਿਹਤਰ ਹੈ।

ਸਾਡੇ ਸਹਾਰਾ ਘਰਾਂ ਦੀਆਂ ਨਿੱਕੀਆਂ-ਨਿੱਕੀਆਂ ਪਿੰਜਰੇ ਵਿਚ ਬੰਦ ਘੁੱਗੀਆਂ ਨੂੰ ਝਪਟਦੇ ਜਨੌਰਾਂ ਦਾ ਜ਼ਿਕਰ ਕਰਨ ਨੂੰ ਕੁਝ ਬਚਿਆ ਹੀ ਨਹੀਂ। ਅਖਬਾਰਾਂ ਬਥੇਰਾ ਰੌਲਾ ਪਾ ਚੁੱਕੀਆਂ ਹਨ। ਨੌਸ਼ਹਿਰਾ ਪੰਨੂਆਂ ਵਿਖੇ ਸੋਲ੍ਹਾਂ ਸਾਲਾਂ ਦੀ ਅੱਲੜ੍ਹ ਕੁੜੀ ਨਾਲ ਨੌਂ ਮੁੰਡਿਆਂ ਨੇ ਅੱਠ ਘੰਟੇ ਲਗਾਤਾਰ ਵਾਰੀ-ਵਾਰੀ ਮੂੰਹ ਕਾਲਾ ਕੀਤਾ। ਲੁਧਿਆਣੇ ਵਿਚ ਲਾਜਪਤ ਨਗਰ ਵਿਚ ਨੌਂ ਸਾਲ ਦੀ ਬਾਲੜੀ ਨੂੰ ਸਮੂਹਿਕ ਬਲਾਤਕਾਰ ਕਰਕੇ ਮਾਰ ਦਿੱਤਾ ਗਿਆ। ਫਗਵਾੜੇ ਵਿਚ 93 ਸਾਲ ਦੇ ਬਜ਼ੁਰਗ ਨੇ ਨੌਜਵਾਨ ਔਰਤ ਨੂੰ ਆਪਣੀ ਰਾਖ਼ਸ਼ ਬਿਰਤੀ ਨਾਲ ਪਾੜ ਘੱਤਿਆ। ਅਲਾਵਲਪੁਰ ਵਿਚ ਤਾਂ ਇਕ ਬੱਚੀ ਦਾ ਜਬਰ-ਜਿਨਾਹ ਕਰਨ ਤੋਂ ਬਾਅਦ ਦੋਸ਼ੀ ਵਿਦੇਸ਼ ਹੀ ਭੱਜ ਗਿਆ। ਲੁਧਿਆਣੇ ਦੇ ਸਰਕਾਰੀ ਕਾਲਜ ਦੇ ਇਨਾਮ ਜੇਤੂ ਨਾਮਵਰ ਉਰਦੂ ਸ਼ਾਇਰ ਸ਼ਰਾਬ ਦੇ ਨਸ਼ੇ ਵਿਚ ਧੁੱਤ ਤਿੰਨ ਸਾਲਾ ਬੱਚੀ ਨਾਲ ਅਸ਼ਲੀਲ ਹਰਕਤਾਂ ਕਰਦੇ ਫੜੇ ਗਏ। ਇਹ ਅਤੇ ਅਜਿਹੀਆਂ ਅਨੇਕ ਖ਼ਬਰਾਂ ਹੁਣ ਇੰਨੀਆਂ ਆਮ ਹੋ ਗਈਆਂ ਹਨ ਕਿ ਇਸ ਬਾਰੇ ਕੋਈ ਆਪਣੀ ਜ਼ਿੰਦਗੀ ਵਿੱਚੋਂ ਪੰਜ ਮਿੰਟ ਵੀ ਸੋਚਣ ਲਈ ਜਾਇਆ ਨਹੀਂ ਕਰਦਾ। ਹਰ ਪੰਜ ਮਿੰਟ ਵਿਚ ਇਕ ਔਰਤ ਦਾ ਮਧੋਲੇ ਜਾਣਾ, ਹਰ ਦਸਾਂ ਵਿਚੋਂ 7 ਔਰਤਾਂ ਦਾ ਘਰੇਲੂ ਹਿੰਸਾ ਸਹਿਣਾ, ਹਰ ਸਾਲ ਦੀਆਂ 5000 ਤੋਂ ਵੱਧ ਔਰਤਾਂ ਦਾ ਦਾਜ ਖਾਤਰ ਸਾੜ ਦਿੱਤੇ ਜਾਣਾ, ਮੰਦਬੁੱਧੀ ਨਾਬਾਲਗ ਕੋਮਲ ਫੁੱਲਾਂ ਵਰਗੀਆਂ ਬੱਚੀਆਂ ਨੂੰ ਗਰਭਵਤੀ ਬਣਾ ਦੇਣਾ, ਤੇਜ਼ਾਬ ਨਾਲ ਸਾੜ ਕੇ ਨੌਜਵਾਨ ਬੱਚੀਆਂ ਨੂੰ ਅਪੰਗ ਬਣਾ ਦੇਣ ਵਿਚ ਤਿੰਨ ਗੁਣਾ ਵਾਧਾ ਹੋਣਾ, ਕੀ ਕਿਸੇ ਨੂੰ ਝੰਜੋੜ ਰਿਹਾ ਹੈ ? 6 ਮਹੀਨੇ ਦੀ ਬੱਚੀ ਦਾ ਬਲਾਤਕਾਰ ਆਗਰੇ ਵਿਚ ਇਕ ਮਜ਼ਦੂਰ ਨੇ ਕੀਤਾ ਤੇ ਫੇਰ ਉਸ ਨੂੰ ਮਾਰ ਵੀ ਘੱਤਿਆ। ਚਾਰ ਸਾਲ ਦੀ ਬੱਚੀ ਦਾ ਗੋਆ ਵਿਚ ਇਕ ਮਜ਼ਦੂਰ ਨੇ ਜਬਰ-ਜਿਨਾਹ ਕਰਕੇ ਕਤਲ ਕਰ ਦਿੱਤਾ। ਇਨ੍ਹਾਂ ਦੋਨਾਂ ਕੇਸਾਂ ਵਿਚ ਪੁਲਿਸ ਨੇ ਕੇਸ ਦਰਜ ਨਹੀਂ ਕੀਤਾ। ਯਾਨੀ ਹੁਣ ਹਾਲਤ ਇਹ ਹੈ ਕਿ ਕੇਸ ਦਰਜ ਕਰਨ ਦੀ ਵੀ ਲੋੜ ਨਹੀਂ ਸਮਝੀ ਜਾਂਦੀ, ਕਿਉਂਕਿ ਇਹ ਗਿਣਤੀ ਇੰਨੀ ਵਧ ਚੁੱਕੀ ਹੈ ਤੇ ਗੱਲ ਇੰਨੀ ਕੁ ਆਮ ਸਮਝੀ ਜਾਂਦੀ ਹੈ ਕਿ ਹੁਣ ਇਸ ਦੀ ਕੋਈ ਅਹਿਮੀਅਤ ਹੀ ਨਹੀਂ ਰਹੀ। ਨਿੱਘਰੀ ਹੋਈ ਸੋਚ ਬਾਰੇ ਹੋਰ ਸੁਣੋ। ਮਨਾਲੀ ਜਾਂਦੇ ਹੋਏ ਰਸਤੇ ਵਿਚ ਇਕ ਢਾਬੇ ਉੱਤੇ ਅਸੀਂ ਰਾਤ ਦੀ ਰੋਟੀ ਖਾਣ ਲਈ ਰੁਕੇ ਤਾਂ ਸਾਡੇ ਨਾਲ ਵਾਲੀ ਮੇਜ਼ ਉੱਤੇ ਹਨ੍ਹੇਰੇ ਜਿਹੇ ਵਿਚ ਚਾਰ ਬੰਦੇ ਸ਼ਰਾਬੀ ਹੋਏ ਰੋਟੀ ਖਾ ਰਹੇ ਸਨ। ਉਹ ਇੰਨੀਆਂ ਗੰਦੀਆਂ ਮਾਂ-ਭੈਣ ਦੀਆਂ ਗਾਲ੍ਹਾਂ ਕੱਢ ਰਹੇ ਸਨ ਕਿ ਰੋਟੀ ਖਾਣੀ ਔਖੀ ਹੋਈ ਪਈ ਸੀ। ਅਸੀਂ ਮੇਜ਼ ਬਦਲ ਕੇ ਪਰਲੇ ਕੋਨੇ ਉੱਤੇ ਬਹਿ ਗਏ। ਕੁਝ ਕੁ ਪਲਾਂ ਵਿਚ ਤਿੰਨ ਵੱਡੀਆਂ ਕਾਰਾਂ ਉੱਥੇ ਆ ਕੇ ਰੁਕੀਆਂ। ਉਨ੍ਹਾਂ ਵਿਚ ਸਿਰਫ਼ ਡਰਾਈਵਰ ਹੀ ਸਨ। ਤਿੰਨੋ ਉਤਰ ਕੇ ਸਾਡੇ ਨਾਲ ਵਾਲੀ ਮੇਜ਼ ਉੱਤੇ ਬਹਿ ਗਏ। ਦੋ ਉਨ੍ਹਾਂ ਵਿੱਚੋਂ ਪੰਜਾਬੀ ਸਨ ਤੇ ਇਕ ਬਿਹਾਰੀ ਜਾਪਦਾ ਸੀ। ਤਿੰਨੋ ਆਪੋ-ਆਪਣੇ ਅਮੀਰ ਮਾਲਕਾਂ ਬਾਰੇ ਗੱਲਾਂ ਕਰਨ ਲੱਗ ਪਏ। ਇਕ ਸੁਣਾਉਣ ਲੱਗ ਪਿਆ, ? ?ਯਾਰ ਮੇਰੇ ਮਾਲਕ ਦਾ ਕਾਕਾ ਤਾਂ ਬਾਹਲਾ ਈ ਸ਼ੌਕੀਨ ਐ। ਮੇਰੇ ਮਾਲਕ ਦੀ ਬਹੁਤ ਉੱਪਰ ਤੱਕ ਪਹੁੰਚ ਐ। ਬਸ ਪੁੱਛ ਨਾ ਕੀ ਰੰਗ-ਰਲੀਆਂ ਮਨਾਉਂਦੈ। ਆਪਣੀ ਵੀ ਬਥੇਰੀ ਮੌਜ ਹੋ ਜਾਂਦੀ ਐ ਕਾਕਾ ਜੀ ਨਾਲ।" ? ਦੱਸ ਤਾਂ ਸਹੀ ਕੀ ਕੁੱਝ ਝੂੰਗੇ 'ਚ ਮਿਲ ਜਾਂਦੈ", ਦੂਜੇ ਨੇ ਪੁੱਛਣ ਦੀ ਕੋਸ਼ਿਸ਼ ਕੀਤੀ ?

? ਬਸ ਸਾਰਾ ਕੁੱਝ ਈ ਸਮਝ ਲੋ", ਪਹਿਲਾ ਖਚਰੀ ਜਿਹੀ ਹਾਸੀ ਹੱਸ ਕੇ ਬੋਲਿਆ, ? ?ਪਰ ਜਿੰਨਾ ਸੁਆਦ ਦੋ ਸਾਲ ਪਹਿਲਾਂ ਆਇਆ ਸੀ ਨਾ, ਸੱਚੀਂ ਯਾਰ ਓਨਾ ਫੇਰ ਨੀਂ ਆਇਆ। ਅੱਜ ਵੀ ਸੋਚ ਕੇ ਮੂੰਹ ਸੁਆਦ-ਸੁਆਦ ਹੋ ਜਾਂਦੈ।"

? ਕਿਹੜਾ ਖਜ਼ਾਨਾ ਮਿਲ ਗਿਆ ਸੀ", ਦੂਜੇ ਨੇ ਫੇਰ ਪੁੱਛਿਆ ?

? ਕੀ ਦੱਸਾਂ ਯਾਰ ! ਸੋਚ ਕੇ ਵੀ ਸਰੀਰ ਮੱਚਣ ਲੱਗ ਪੈਂਦੈ", ਉਹ ਥੋੜ੍ਹਾ ਹੌਲੀ ਜਿਹੀ ਸੁਰ ਕਰਕੇ ਬੋਲਿਆ, ? ?ਕਾਕਾ ਜੀ ਸ਼ਿਮਲੇ ਦੋਸਤਾਂ ਨਾਲ ਘੁੰਮਣ ਗਏ ਸੀ। ਉੱਥੇ ਇਕ ਸਕੂਲ ਦੀ ਕੁੜੀ ਪਟਾ ਲਈ। ਆਈਸਕ੍ਰੀਮ ਖੁਆ, ਸੌਗਾਤਾਂ ਦੁਆ ਉਸ ਕੁੜੀ ਨੂੰ ਘਰ ਛੱਡਣ ਲਈ ਮਨਾ ਲਿਆ। ਬਸ ਫੇਰ ਕਾਰ 'ਚ ਬਿਠਾ ਕੇ ਕੋਕ 'ਚ ਕੁਝ ਰਲਾ 'ਤਾ। ਰਾਹ 'ਚ ਪਾਸੇ ਕਾਰ ਰੋਕ ਪੰਜਾਂ ਦੋਸਤਾਂ ਨੇ ਉਸ ਨੂੰ ਚੰਗਾ ਰਗੜਾ ਚਾੜ੍ਹਿਆ। ਬਸ ਪਟੋਲੇ ਨੂੰ ਬੁਰੀ ਤਰ੍ਹਾਂ ਚੀਰ 'ਤਾ। ਮੇਰੇ ਜ਼ਿੰਮੇ ਉਹਨੂੰ ਵਾਪਸ ਛੱਡਣ ਦੀ ਡਿਊਟੀ ਸੀ। ਜਦ ਕੋਲ ਗਿਆ ਤਾਂ ਹਾਏ ਬਸ ਪੁੱਛ ਨਾ ਕਿਵੇਂ ਬਿਨਾਂ ਪਰ ਦੇ ਫੜਫੜਾਉਂਦਾ ਬੋਟ ਸੀ ਉਹ ! ਲਹੂ-ਲੁਹਾਨ ਸੀ। ਪਰ ਜਿੰਨਾ ਮਜ਼ਾ ਉਸ ਵੇਲੇ ਉਸ ਜੂਠਨ ਨੂੰ ਚੱਟਣ 'ਚ ਆਇਆ ਉਹ ਹਾਲੇ ਤੱਕ ਨੀਂ ਆਇਆ।"

ਉਸ ਢਾਬੇ ਉੱਤੇ ਉਸ ਵੇਲੇ ਸਾਰੇ ਹੀ ਟਰੱਕਾਂ ਜਾਂ ਕਾਰਾਂ ਦੇ ਡਰਾਈਵਰ ਹੀ ਬੈਠੇ ਸਨ ਤੇ ਸਾਰੇ ਹੀ ਸ਼ਰਾਬ ਦੇ ਅਸਰ ਹੇਠ ਸਨ। ਸਿਰਫ਼ ਮੈਂ, ਮੇਰੇ ਪਤੀ ਤੇ ਮੇਰੀ ਗੋਦ ਵਿਚ ਮੇਰੀ ਡੇਢ ਸਾਲ ਦੀ ਛੋਟੀ ਬੱਚੀ ਸੁਖਮਨੀ ਹੀ ਉਨ੍ਹਾਂ ਵਿੱਚੋਂ ਅਲੱਗ ਸਾਂ। ਇਹ ਦੱਸਣ ਦੀ ਲੋੜ ਨਹੀਂ ਕਿ ਸਾਡਾ ਦਿਲ ਇਹ ਸੁਣ ਕੇ ਕਿੰਨਾ ਛਲਣੀ ਹੋਇਆ ਸੀ। ਸਾਡੇ ਵੱਲੋਂ ਕੀਤਾ ਬੋਲ-ਬੁਲਾਰਾ ਜਾਂ ਉਨ੍ਹਾਂ ਦਾ ਰਵੱਈਆ ਕਿਹੋ ਜਿਹਾ ਰਿਹਾ, ਇਸ ਬਾਰੇ ਵੀ ਦੱਸਣਾ ਫਜ਼ੂਲ ਹੈ।

ਮੈਂ ਤਾਂ ਸਿਰਫ ਇਹ ਪੁੱਛਣ ਦੀ ਹਿਮਾਕਤ ਕਰ ਰਹੀ ਹਾਂ ਕਿ ਕੋਈ ਕਾਨੂੰਨ ਬਘਿਆੜਾਂ, ਹਲਕੇ ਕੁੱਤਿਆਂ, ਬਿੱਛੂਆਂ ਜਾਂ ਫਨੀਅਰ ਸੱਪਾਂ ਲਈ ਵੀ ਬਣਾਇਆ ਗਿਆ ਹੈ, ਜੋ ਮਗ਼ਰੂਰ, ਕਾਮ ਦੇ ਨਸ਼ੇ ਵਿਚ ਅੰਨ੍ਹੇ, ਗਿਰਝਾਂ ਵਾਂਗ ਝਪੱਟਾ ਮਾਰਨ ਨੂੰ ਤਿਆਰ ਹਰ ਕੋਨੇ ਵਿਚ ਖੜ੍ਹੇ ਮਿਲਦੇ ਹਨ ਕਿ ਕਿਤੇ ਕੋਈ ਨਵਜੰਮੀ ਬੱਚੀ ਹੀ ਭਾਵੇਂ ਮਿਲ ਜਾਏ ਤੇ ਭਾਵੇਂ 90 ਸਾਲ ਦੀ ਮਾਂ, ਕੋਈ ਵੀ ਔਰਤ ਜਾਤ ਵਰਗੀ ?ਚੀਜ਼' ਨੋਚੇ ਬਗ਼ੈਰ ਨਹੀਂ ਛੱਡੀ ਜਾਵੇਗੀ ? ਲਾਹਨਤ ਇਹ ਹੈ ਕਿ ਨੋਚ ਕੇ, ਲਹੂ ਨਿਚੋੜ ਕੇ, ਚੂੰਡ ਕੇ, ਬਾਕੀ ਬਚੇ ਹੱਡ-ਮਾਸ ਨੂੰ ਵੀ ਅੱਗੋਂ ਵੇਚ ਕੇ, ਉਸ ਤੋਂ ਕਮਾਈ ਕਰਨ ਵਿਚ ਇਨ੍ਹਾਂ ਨੂੰ ਕੋਈ ਸ਼ਰਮ ਨਹੀਂ। ਧਰਮ ਦੇ ਅਖੌਤੀ ਪਹਿਰੇਦਾਰ ਵੀ ਇਸ ਕੁਕਰਮ ਵਿਚ ਰਚ-ਮਿਚ ਜਾਣ ਤੋਂ ਬਚ ਨਹੀਂ ਸਕੇ ਤੇ ਨਾ ਹੀ ਕਾਨੂੰਨ ਦੇ ਰਾਖੇ ! ਣ ਤਾਂ ਖ਼ਬਰਾਂ ਇਹ ਵੀ ਨਸ਼ਰ ਹੋ ਰਹੀਆਂ ਹਨ ਕਿ ਪਿਓ ਹੀ ਧੀਆਂ ਨੂੰ ਦੇਹ ਵਪਾਰ ਵਿਚ ਧੱਕਣ ਤੋਂ ਪਹਿਲਾਂ ਆਪ ਉਸਦੇ ਸਰੀਰ ਨੂੰ ਵਰਤੇ ਬਗ਼ੈਰ ਨਹੀਂ ਰਹਿ ਰਹੇ। ਇਸ ਤਰ੍ਹਾਂ ਦੇ ਖ਼ੂੰਖਾਰ ਜਾਨਵਰਾਂ ਨੂੰ ਨਕੇਲ ਪਾਉਣ ਲਈ ਕੀ ਸਾਰੇ ਹੀ ਬੇਵੱਸ ਤੇ ਮਜਬੂਰ ਹੋ ਚੁੱਕੇ ਹਨ ? ਇਹੀ ਰਾਖਸ਼ ਹੀ ਨਿੱਕੀਆਂ ਬਾਲੜੀਆਂ ਦੀਆਂ ਲੋਥਾਂ ਨੂੰ ਕੁੱਤਿਆਂ ਵੱਲੋਂ ਪੜਵਾਉਣ ਉੱਤੇ ਮਜਬੂਰ ਕਰ ਰਹੇ ਹਨ, ਕਿਉਂਕਿ ਮਾਪੇ ਅਜਿਹੀ ਕਰੂਰਤਾ ਨਾਲੋਂ ਕੁੜੀ ਨਾ ਜੰਮਣ ਨੂੰ ਹੀ ਪਹਿਲ ਦੇਣ ਲੱਗ ਪਏ ਹਨ। ਕੁੜੀ ਜੰਮਣ ਵਾਸਤੇ ਸਖ਼ਤ ਕਾਨੂੰਨ ਬਣਾਉਣ ਵਾਲਿਓ, ਸਿਰਫ ਕੁੜੀ ਜੰਮਣ ਨਾਲ ਬਾਕੀ ਸਾਰੇ ਫ਼ਰਜ਼ਾਂ ਤੋਂ ਕਿਵੇਂ ਸੁਰਖ਼ਰੂ ਹੋ ਜਾਓਗੇ ? ਰਾਖੀ ਕਰਨ ਵੇਲੇ ਜੇ ਵਾੜ ਹੀ ਖੇਤ ਨੂੰ ਖਾਂਦੀ ਰਹੇਗੀ ਤਾਂ ਯਕੀਨ ਜਾਣਿਓ ਗ਼ੈਰਤਮੰਦ ਮਾਪਿਆਂ ਕੋਲ ਕੁੱਖਾਂ ਵਿਚ ਧੀਆਂ ਮਾਰਨ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ ਬਚਣ ਲੱਗਿਆ। ਦੱਸੋ ਤਾਂ ਸਹੀ, ਕਿੰਨੀਆਂ ਹੋਰ ਧੀਆਂ ਦੀ ਬਲੀ ਦੀ ਲੋੜ ਬਾਕੀ ਹੈ ਤੇ ਫੇਰ ਹੀ ਨਰਕੀ ਕਾਰਾ ਕਰਨ ਵਾਲਿਆਂ ਨੂੰ ਨਕੇਲ ਚਾੜ੍ਹੀ ਜਾਵੇਗੀ ? ਆਵਾਜ਼ ਤਾਂ ਚੁੱਕੋ ! ਹੁਣ ਤਾਂ ਵਿਸ਼ਵ ਪੱਧਰ ਉੱਤੇ ਵੀ ਭਾਰਤ ਦੇਸ਼ ਔਰਤਾਂ ਵਾਸਤੇ ਦੁਨੀਆ ਭਰ ਵਿੱਚੋਂ ਸਭ ਤੋਂ ਖ਼ਤਰਨਾਕ ਦੇਸ਼ ਕਹਾਇਆ ਜਾਣ ਲੱਗ ਪਿਆ ਹੈ। ਰਿਕਾਰਡ ਆਪ ਮੂੰਹੋਂ ਬੋਲਦਾ ਹੈ ਕਿ ਹਰ ਸਾਲ ਭਾਰਤ ਵਰਸ਼ ਵਿਚ 80,000 ਨਾਬਾਲਗ ਬੱਚੀਆਂ ਨਾਲ ਜਿਸਮਾਨੀ ਵਧੀਕੀਆਂ ਹੋ ਰਹੀਆਂ ਹਨ, ਜਿਨ੍ਹਾਂ ਦੀ ਰਿਪੋਰਟ ਦਰਜ ਹੋ ਰਹੀ ਹੈ। ਅਫਸੋਸ ਦੀ ਗੱਲ ਇਹ ਹੈ ਕਿ ਇਹ ਗਿਣਤੀ ਸਿਰਫ ਇਕ ਚੌਥਾਈ ਹੈ। ਬਾਕੀ ਦੀਆਂ ਤਿੰਨ ਚੌਥਾਈ ਬਿਨਾਂ ਰਿਪੋਰਟ ਦਰਜ ਕਰਵਾਏ ਪੀਸੀਆਂ ਜਾ ਰਹੀਆਂ ਹਨ। ਅੱਜ ਚਿੱਤ ਕਰਦੈ ਕਿ ਜੇ ਕੋਈ ਹੋਰ ਆਵਾਜ਼ ਨਹੀਂ ਚੁੱਕਦਾ ਤਾਂ ਕਾਸ਼ ਮੇਰੇ ਕਾਗਜ਼ਾਂ ਉੱਤੇ ਉਕਰੇ ਹਰਫ਼ ਹੀ ਡੂੰਘਾ ਫੱਟ ਪਾ ਦੇਣ !

# ਜ਼ਿੰਦਗੀ ਤੇ ਸੰਘਰਸ਼

ਸਰੂਪ ਸਿੰਘ

ਜ਼ਿੰਦਗੀ ਇੱਕ ਸੰਘਰਸ਼ ਹੈ ਤੇ ਸੰਘਰਸ਼ ਹੀ ਜ਼ਿੰਦਗੀ ਹੈ। ਅਣਸੁਖਾਵੇਂ ਹਾਲਾਤਾਂ ਨਾਲ ਸੰਘਰਸ਼ ਸਦਕਾ ਹੀ ਧਰਤੀ ਉੱਪਰ ਜ਼ਿੰਦਗੀ ਆਪਣਾ ਵਜੂਦ ਕਾਇਮ ਰੱਖ ਸਕੀ ਤੇ ਵਿਕਾਸ ਕਰ ਸਕੀ ਹੈ। ਜ਼ਿੰਦਗੀ ਤੇ ਸੰਘਰਸ਼ ਇੱਕ-ਦੂਜੇ ਨਾਲ ਅਨਿੱਖੜਵੇਂ ਹਨ ਤੇ ਇੱਕ ਜਾਨ ਹਨ। ਜੇਕਰ ਉਨ੍ਹਾਂ ਨੂੰ ਇੱਕ ਦੂਜੇ ਤੋਂ ਕਿਸੇ ਤਰੀਕੇ ਨਾਲ ਅਲੱਗ ਕਰ ਦਿੱਤਾ ਜਾਵੇ ਤਾਂ ਸਭ ਕੁਝ ਸਿਫ਼ਰ ਹੋ ਜਾਵੇਗਾ ਭਾਵ ਕੁਝ ਵੀ ਬਾਕੀ ਨਹੀਂ ਰਹੇਗਾ। ਹਰ ਜੀਵ ਜਾਣੇ-ਅਣਜਾਣੇ ਸੰਘਰਸ਼ ਕਰਦਾ ਹੋਇਆ ਹੀ ਜੀਵਤ ਰਹਿ ਸਕਿਆ ਹੈ। ਹਰ ਵਿਅਕਤੀ ਨੂੰ ਹਮੇਸ਼ਾ ਅਣਸੁਖਾਵੇਂ ਹਾਲਾਤ ਨਾਲ ਸੰਘਰਸ਼ ਕਰਦੇ ਰਹਿਣਾ ਚਾਹੀਦਾ ਹੈ। ਸਿੱਟਾ ਹਾਰ ਹੋਵੇ ਭਾਵੇਂ ਜਿੱਤ। ਜੋ ਸਿਰਫ਼ ਜਿੱਤ ਲਈ ਹੀ ਸੰਘਰਸ਼ ਕਰਦੇ ਹਨ, ਉਹ ਹਾਰ ਦੀ ਹਾਲਤ ਵਿੱਚ ਸੰਘਰਸ਼ ਤਿਆਗ ਦਿੰਦੇ ਹਨ ਤੇ ਘਰ ਬੈਠ ਜਾਂਦੇ ਹਨ। ਹਾਰ ਦੀ ਹਾਲਤ ਵਿੱਚ ਤਾਂ ਸੰਘਰਸ਼ ਨੂੰ ਤਿੱਖਾ ਕਰਨਾ ਲੋੜੀਂਦਾ ਹੈ। ਹਾਰਾਂ, ਜਿੱਤਾਂ ਨੂੰ ਜ਼ਿੰਦਗੀ ਦੀ ਬੁਨਿਆਦ ਮੰਨਣਾ ਚਾਹੀਦਾ ਹੈ। ਹਾਰਾਂ ਸਾਨੂੰ ਜਿੱਤਾਂ ਦਾ ਰਾਹ ਦੱਸਦੀਆਂ ਹਨ। ਜ਼ਿੰਦਗੀ ਦੁੱਖਾਂ ਤੇ ਸੁੱਖਾਂ ਦਾ ਮਿਸ਼ਰਣ ਹੈ। ਜੇਕਰ ਸੁੱਖ ਹੀ ਸੁੱਖ ਹੋਣ ਤਾਂ ਜ਼ਿੰਦਗੀ ਬੇਸੁਆਦ ਹੋ ਜਾਵੇਗੀ।

ਦੁੱਖ ਜ਼ਿੰਦਗੀ ਵਿੱਚ ਰੰਗ-ਬਰੰਗੇ, ਕੌੜੇ ਤੇ ਮਿੱਠੇ ਸੁਆਦ ਭਰਦੇ ਹਨ। ਦੁੱਖਾਂ ਨਾਲ ਹੀ ਸੁੱਖਾਂ ਦੀ ਕਦਰ ਹੈ ਪਰ ਸੰਘਰਸ਼ ਸਦਕਾ ਸਾਰੇ ਦੁੱਖਾਂ ਦੇ ਕੌੜੇ ਸੁਆਦਾਂ ਨੂੰ ਮਿੱਠਿਆਂ ਤੇ ਮਨਭਾਉਂਦੇ ਸੁਆਦਾਂ ਵਿੱਚ ਬਦਲਿਆ ਜਾ ਸਕਦਾ ਹੈ। ਦੁੱਖਾਂ ਦੇ ਖ਼ਿਲਾਫ਼ ਸੰਘਰਸ਼ ਸਾਨੂੰ ਜ਼ਿੰਦਗੀ ਜੀਣ ਦੀ ਜਾਚ ਸਿਖਾਉਂਦਾ ਹੈ। ਅਣਸੁਖਾਵੇਂ ਹਾਲਾਤਾਂ ਨਾਲ ਸੰਘਰਸ਼ ਕਰਨ ਦੀ ਥਾਂ ਦੁੱਖਾਂ ਤੇ ਤਕਲੀਫ਼ਾਂ ਤੋਂ ਘਬਰਾ ਕੇ ਸੰਘਰਸ਼ ਨੂੰ ਅਲਵਿਦਾ ਕਹਿਣਾ ਜਾਂ ਇਨ੍ਹਾਂ ਨਾਲ ਸਮਝੌਤਾ ਕਰ ਲੈਣਾ ਬੁਜ਼ਦਿਲੀ ਹੈ।

ਸੰਘਰਸ਼ ਸਦਕਾ ਜਥੇਬੰਦੀਆਂ ਦੇ ਕਿਰਤੀ, ਕਿਸਾਨ, ਮੁਲਾਜ਼ਮ, ਨੌਜਵਾਨ ਤੇ ਵਿਦਿਆਰਥੀ ਆਪਣੀਆਂ ਮੰਗਾਂ, ਤਨਖ਼ਾਹ, ਭੱਤੇ ਤੇ ਹੋਰ ਸਾਰੀਆਂ ਸਹੂਲਤਾਂ ਹਾਸਲ ਕਰ ਸਕਦੇ ਹਨ। ਬਿਨਾਂ ਸੰਘਰਸ਼ ਤੋਂ ਕੁਝ ਵੀ ਹਾਸਲ ਨਹੀਂ ਹੁੰਦਾ। ਇਸ ਲਈ ਸੰਘਰਸ਼ ਨਾਲ ਹਰ ਚੀਜ਼ ਹਾਸਲ ਕੀਤੀ ਜਾ ਸਕਦੀ ਹੈ, ਹਰ ਕੰਮ ਕੀਤਾ ਜਾ ਸਕਦਾ ਹੈ, ਹਰ ਅਣਹੋਣੀ ਨੂੰ ਹੋਣੀ ਬਣਾਇਆ ਜਾ ਸਕਦਾ ਹੈ ਪਰ ਸਿਦਕ ਨਾਲ ਤੇ ਡਟ ਕੇ ਸੰਘਰਸ਼ ਕਰਨ ਦੀ ਲੋੜ ਹੈ। ਸੰਘਰਸ਼ ਕਰਦਿਆਂ ਛੋਟੀਆਂ-ਛੋਟੀਆਂ ਲੜਾਈਆਂ ਲੜਨੀਆਂ ਪੈਂਦੀਆਂ ਹਨ। ਉਨ੍ਹਾਂ ਵਿੱਚੋਂ ਕੁਝ 'ਚ ਹਾਰਾਂ ਤੇ ਕੁਝ 'ਚ ਜਿੱਤਾਂ ਹਾਸਲ ਹੁੰਦੀਆਂ ਹਨ। ਹਾਰਾਂ ਤੋਂ ਸਿੱਖ ਕੇ ਜਿੱਤਾਂ ਦੀ ਬੁਨਿਆਦ ਬਣਦੀ ਹੈ। ਸੰਘਰਸ਼ ਕਰਦੇ ਹੋਏ ਹਾਰ ਜਾਣਾ ਬੁਰਾ ਨਹੀਂ ਪਰ ਹਾਰ ਮੰਨ ਲੈਣਾ ਬੁਰਾ ਹੈ। ਜਿਸ ਵਿਅਕਤੀ ਜਾਂ ਜਥੇਬੰਦੀ ਦੀ ਸੰਘਰਸ਼ਾਂ 'ਤੇ ਟੇਕ ਹੈ, ਉਸ ਲਈ ਕੁਝ ਵੀ ਨਾਮੁਮਕਿਨ ਨਹੀਂ। ਸੰਘਰਸ਼ ਕਰਨਾ ਜ਼ਿੰਦਗੀ ਦਾ ਧਰਮ ਹੈ। ਇਸ ਤੋਂ ਬਿਨਾਂ ਜ਼ਿੰਦਗੀ ਦਾ ਸਫ਼ਰ ਅੱਗੇ ਨਹੀਂ ਤੁਰਦਾ। ਸੰਘਰਸ਼ ਦੀ ਮਸ਼ਾਲ ਨਾਲ ਜੱਗ ਰੌਸ਼ਨ ਹੋ ਸਕਦਾ ਹੈ। ਸੰਘਰਸ਼ ਤੋਂ ਟਾਲਾ ਵੱਟਣਾ ਗੁਲਾਮੀ ਨੂੰ ਸੱਦਾ ਦੇਣਾ ਹੈ। ਹਾਰਾਂ ਦਾ ਰਾਹ ਹੀ ਜਿੱਤਾਂ ਵਿੱਚ ਖ਼ਤਮ ਹੁੰਦਾ ਹੈ। ਸੰਘਰਸ਼ ਬੰਦਗੀ ਵੀ ਹੈ। ਸੰਘਰਸ਼ 'ਤੇ ਟੇਕ ਰੱਖਣ ਵਾਲੇ ਵਿਅਕਤੀ ਦੇ ਜੀਵਨ ਵਿੱਚ ਆਉਂਦਾ ਸੰਘਰਸ਼ ਦਾ ਹਰ ਪਲ ਬੰਦਗੀ ਬਣ ਜਾਂਦਾ ਹੈ।

## ਤੇ ਹਵਾ ਜਿੱਤ ਗਈ/ ਬਾਲ ਕਹਾਣੀ

ਤੁਰੇ ਜਾਂਦੇ ਰਾਹੀ ਨੂੰ ਦੇਖ ਕੇ ਇਸ ਵਾਰ ਫੇਰ ਹਵਾ ਅਤੇ ਸੂਰਜ ਵਿਚਕਾਰ ਆਪਸ 'ਚ ਬਹਿਸ ਹੋ ਗਈ। ਮੈਂ ਇਸ ਮੁਸਾਫ਼ਰ ਦਾ ਕੋਟ ਉਤਾਰ ਸਕਦੀ ਹਾਂ, ਹਵਾ ਬੋਲੀ। ਨਹੀਂ, ਮੈਂ ਇਸ ਦਾ ਕੋਟ ਉਤਾਰ ਸਕਦਾਂ, ਨਾਲੇ ਤੈਨੂੰ ਚੰਗੀ ਤਰ੍ਹਾਂ ਪਤੈ, ਪਿਛਲੀ ਵਾਰ ਤੇਰੀ ਦਾਦੀ, ਮੇਰੇ ਦਾਦਾ ਜੀ ਤੋਂ ਹਾਰ ਗਈ ਸੀ, ਸੂਰਜ ਥੋੜ੍ਹਾ ਜਿਹਾ ਆਕੜ ਕੇ ਬੋਲਿਆ।

ਲੱਗੀ ਫੇਰ ਸ਼ਰਤ ? ਹਵਾ ਮਾਣ ਜਿਹੇ 'ਚ ਬੋਲੀ।

ਸੂਰਜ ਅਤੇ ਹਵਾ ਵਿਚਕਾਰ ਫੇਰ ਸ਼ਰਤ ਲੱਗ ਗਈ ਅਤੇ ਫ਼ੈਸਲਾ ਉਸੇ ਮੁਸਾਫ਼ਰ 'ਤੇ ਛੱਡ ਦਿੱਤਾ ਗਿਆ, ਜੋ ਉਹ ਕਹੇਗਾ ਉਹੀ ਸਹੀ ਮੰਨਿਆ ਜਾਵੇਗਾ।

ਇਸ ਲਈ ਪਹਿਲਾਂ ਸੂਰਜ ਨੇ ਚਮਕਣਾ ਸ਼ੁਰੂ ਕੀਤਾ। ਉਹ ਪਹਿਲਾਂ ਥੋੜ੍ਹਾ ਜਿਹਾ ਚਮਕਿਆ, ਫੇਰ ਹੋਰ ਤੇਜ਼ ਅਤੇ ਆਖਰ 'ਚ ਏਨੀ ਤੇਜ਼ੀ ਨਾਲ ਚਮਕਿਆ ਕਿ ਧਰਤੀ 'ਤੇ ਤੁਰੇ ਜਾਂਦੇ ਰਾਹੀ ਨੂੰ ਲੱਗਿਆ ਕਿ ਘਰੋਂ ਖਾਹਮ-ਖਾਹ ਹੀ ਕੋਟ ਪਾ ਕੇ ਨਿਕਲੇ, ਅੱਜ ਤਾਂ ਗਰਮ ਅਤੇ ਨਿੱਘਾ ਦਿਨ ਹੈ। ਉਸ ਨੇ ਸੂਰਜ ਦੀ ਗਰਮਾਇਸ਼ ਵਿੱਚ ਆਪਣੇ ਸੁੰਗੜੇ ਸਰੀਰ ਨੂੰ ਖੋਲ੍ਹਣ ਲਈ ਜਿਉਂ ਹੀ ਆਪਣੀਆਂ ਬਾਹਵਾਂ ਏਧਰ-ਉਧਰ ਨੂੰ ਹਿਲਾਉਣੀਆਂ ਸ਼ੁਰੂ ਕੀਤੀਆਂ ਤਿਉਂ ਹੀ ਹਵਾ ਨੇ ਮੌਕਾ ਤਾੜਿਆ ਅਤੇ ਯਕਦਮ ਏਨੀ ਤੇਜ਼ੀ ਨਾਲ ਵਗੀ ਕਿ ਮੁਸਾਫ਼ਰ ਦਾ ਕੋਟ ਉਤਾਰ ਕੇ ਪਰ੍ਹੇ ਸੁੱਟ ਦਿੱਤਾ।

ਪਰ੍ਹੇ ਡਿੱਗੇ ਹੋਏ ਕੋਟ ਨੂੰ ਦੇਖ ਕੇ ਸੂਰਜ ਨੇ ਤਾੜੀਆਂ ਮਾਰ ਦਿੱਤੀਆਂ, ਦੇਖਿਆ ਫਿਰ, ਮੈਂ ਉਸ ਰਾਹੀ ਦਾ ਕੋਟ ਉਤਾਰ ਦਿੱਤਾ ਹੈ। ਮੈਂ ਜਿੱਤ ਗਿਆ ਹਾਂ, ਸੂਰਜ ਖ਼ੁਸ਼ੀ 'ਚ ਉਛਲਦਾ ਬੋਲਿਆ।

ਨਹੀਂ, ਉਸ ਦਾ ਕੋਟ ਮੈਂ ਉਤਾਰਿਆ ਹੈ1, ਹਵਾ ਬੋਲੀ। ਦੋਵੇਂ ਫਿਰ ਆਪਸ 'ਚ ਬਹਿਸ ਪਏ। ਹਵਾ 1ਬੋਲੀ, ਚਲੋ ਉਸ ਰਾਹੀ ਤੋਂ ਫ਼ੈਸਲਾ ਸੁਣਦੇ ਹਾਂ ਕਿ ਉਸ ਦਾ ਕੋਟ ਕਿਸ ਨੇ ਉਤਾਰਿਆ ਹੈ।

ਦੋਵੇਂ ਜਣੇ ਮਨੁੱਖੀ ਰੂਪ ਧਾਰ ਕੇ ਧਰਤੀ ਉੱਤੇ ਉਸ ਮੁਸਾਫ਼ਰ ਸਾਹਮਣੇ ਉੱਤਰ ਆਏ ਜਿੱਥੇ ਉਹ ਤੁਰਿਆ ਜਾਂਦਾ ਸੀ।

ਸੂਰਜ ਆਪਣੀ ਜਿੱਤ ਦੀ ਆਕੜ ਜਿਹੀ 'ਚ ਰਾਹੀ ਨੂੰ ਬੋਲਿਆ, ਤੁਹਾਡਾ ਕੋਟ ਭਲਾ ਕਿਸ ਨੇ ਉਤਾਰਿਆ ਹੈ ?

ਮੇਰਾ ਕੋਟ ? ਮੇਰਾ ਕੋਟ ਤਾਂ ਹਵਾ ਨੇ ਉਤਾਰਿਆ ਹੈ, ਮੁਸਾਫ਼ਰ ਨੇ ਸਹਿਜ ਜੁਆਬ ਦਿੱਤਾ।

ਨਹੀਂ, ਤੂੰ ਝੂਠ ਬੋਲ ਰਿਹਾਂ ਹੈਂ, ਸੂਰਜ ਅੱਧ-ਗੁੱਸੇ ਜਿਹੇ 'ਚ ਰਾਹੀ ਨੂੰ ਬੋਲਿਆ।

ਮੈਂ ਭਲਾ ਝੂਠ ਕਿਉਂ ਬੋਲਾਂਗਾ ? ਇਉਂ ਕਹਿ ਕੇ ਰਾਹੀ ਨੇ ਆਪਣਾ ਕੋਟ ਚੁੱਕਿਆ ਅਤੇ ਅੱਗੇ ਨਿਕਲ ਗਿਆ।

ਰਾਹੀ ਦਾ ਆਖਰੀ ਫ਼ੈਸਲਾ ਸੁਣ ਕੇ ਸੂਰਜ ਸੁੰਨ ਹੋ ਗਿਆ ਪਰ ਉਸ ਨੇ ਹੈਰਾਨੀ ਨਾਲ ਹਵਾ ਤੋਂ ਪੁੱਛਿਆ, ਤੂੰ ਇਸ ਵਾਰ ਕਿਵੇਂ ਜਿੱਤ ਗਈ ?

ਦਰਅਸਲ, ਮੇਰੇ ਦਾਦੀ ਜੀ ਅਨਪੜ੍ਹ ਸਨ, ਉਨ੍ਹਾਂ ਨੂੰ ਮੌਕੇ ਦੀ ਨਜ਼ਾਕਤ ਸਮਝਣੀ ਨਹੀਂ ਸੀ ਆਉਂਦੀ ਅਤੇ ਮੈਂ ਪੜ੍ਹੀ-ਲਿਖੀ ਹਾਂ ਮੈਂ ਸਮੇਂ ਦੀ ਨਬਜ਼ ਪਛਾਣਦੀ ਹਾਂ। ਇਸ ਲਈ ਮੇਰੀ ਜਿੱਤ ਹੋਈ ਹੈ। ਇਹ ਕਹਿ ਕੇ ਹਵਾ ਲੋਪ ਹੋ ਗਈ ਅਤੇ ਸੂਰਜ ਨਿੰਮੋਝੂਣਾ ਜਿਹਾ ਹੋ ਕੇ ਆਪਣੇ ਟਿਕਾਣੇ 'ਤੇ ਜਾ ਲੱਗਿਆ।

# ਦਿੱਲੀ 'ਚ ਮੀਂਹ ਨੇ ਤੋੜਿਆ 101 ਸਾਲ ਦਾ ਰਿਕਾਰਡ

**ਏਜੰਸੀਆਂ**

ਨੈਸਨਲ ਡੈਸਕ 31 ਦਸੰਬਰ। ਦਿੱਲੀ ਵਿੱਚ ਦਸੰਬਰ ਮਹੀਨੇ ਵਿੱਚ ਹੋਈ ਬਾਰਿਸ ਨੇ 101 ਸਾਲਾਂ ਦਾ ਰਿਕਾਰਡ ਤੋੜ ਦਿੱਤਾ ਹੈ। ਮੌਸਮ ਵਿਭਾਗ ਦੇ ਤਾਜਾ ਅੰਕੜਿਆਂ ਅਨੁਸਾਰ, ਦਿੱਲੀ ਵਿੱਚ ਸਨੀਵਾਰ ਸਵੇਰੇ 8.30 ਵਜੇ ਤੱਕ ਪਿਛਲੇ 24 ਘੰਟਿਆਂ ਵਿੱਚ 41.2



ਮਿਲੀਮੀਟਰ ਬਾਰਿਸ ਦਰਜ ਕੀਤੀ ਗਈ, ਜੋ 101 ਸਾਲਾਂ ਵਿੱਚ ਦਸੰਬਰ ਵਿੱਚ ਇੱਕ ਦਿਨ ਵਿੱਚ ਹੋਈ ਸਭ ਤੋਂ ਵੱਧ ਬਾਰਿਸ ਹੈ। ਆਈਐੱਮਡੀ ਦੇ ਅਨੁਸਾਰ ਰਾਜਧਾਨੀ ਵਿੱਚ 3 ਦਸੰਬਰ, 1923 ਨੂੰ ਮਹੀਨੇ ਵਿੱਚ ਇੱਕ ਦਿਨ ਵਿੱਚ ਸਭ ਤੋਂ ਵੱਧ 75.7 ਮਿਲੀਮੀਟਰ ਬਾਰਸ ਦਰਜ ਕੀਤੀ ਗਈ ਸੀ। ਮੌਸਮ ਵਿਭਾਗ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਦਸੰਬਰ 2024 ਵਿੱਚ 1901 ਵਿੱਚ ਰਿਕਾਰਡ ਸੁਰੂ ਹੋਣ ਤੋਂ ਬਾਅਦ ਮਹੀਨਾਵਾਰ ਬਾਰਸ ਦੇ ਮਾਮਲੇ ਵਿੱਚ ਬਾਰਸ ਨੇ ਪੰਜਵਾਂ ਸਭ ਤੋਂ ਉੱਚਾ ਸਥਾਨ ਬਣਾ ਦਿੱਤਾ ਹੈ। ਆਈ.ਐੱਮ.ਡੀ. ਅਧਿਕਾਰੀ ਨੇ ਕਿਹਾ, "ਅੱਜ ਸਵੇਰੇ 8:30 ਵਜੇ ਖਤਮ ਹੋਣ ਵਾਲੀ 24 ਘੰਟੇ ਦੀ ਸੰਚਤ ਬਾਰਿਸ ( ) 1901 ਤੋਂ ਬਾਅਦ ਸਫਦਰਜੰਗ ਵਿੱਚ ਦੂਜੀ ਸਭ ਤੋਂ ਵੱਧ ਬਾਰਿਸ ਹੈ। ਮਹੀਨਾਵਾਰ ਵਰਖਾ ਪੰਜਵੇਂ ਸਭ ਤੋਂ ਵੱਧ ਹੈ। 24-ਘੰਟੇ ਦੀ ਸੰਚਤ ਬਾਰਿਸ ਪਿਛਲੇ 24 ਘੰਟਿਆਂ ਦੌਰਾਨ ਹੋਈ ਬਾਰਿਸ ਨੂੰ ਬਿਆਨ ਕਰਦੀ ਹੈ, ਜੋ ਸਵੇਰੇ 8:30 ਵਜੇ ਸਮਾਪਤ ਹੁੰਦੀ ਹੈ। ਇਸ ਦੌਰਾਨ ਸਨੀਵਾਰ ਨੂੰ ਦਿੱਲੀ ਵਿੱਚ ਆਸਮਾਨ ਬੱਦਲਾਂ ਵਿਚ ਘਿਰਿਆ ਹੋਇਆ ਰਿਹਾ। ਮੌਸਮ ਵਿਭਾਗ ਨੇ ਹਲਕੀ ਤੋਂ ਦਰਮਿਆਨੀ ਬਾਰਿਸ ਦੀ ਭਵਿੱਖਬਾਣੀ ਕੀਤੀ ਹੈ ਅਤੇ ਦਿਨ ਲਈ ਯੈਲੋ ਅਲਰਟ ਜਾਰੀ ਕੀਤਾ ਹੈ। ਆਈਐੱਮਡੀ ਨੇ ਕਿਹਾ ਕਿ ਇੱਕ ਸਰਗਰਮ ਪੱਛਮੀ ਗੜਬੜ ਅਤੇ ਪੂਰਬੀ ਹਵਾਵਾਂ ਨਾਲ ਇਸ ਦੇ ਸੰਪਰਕ ਕਾਰਨ ਦਿੱਲੀ-ਐਨਸੀਆਰ ਸਮੇਤ ਉੱਤਰੀ-ਪੱਛਮੀ ਅਤੇ ਮੱਧ ਭਾਰਤ ਵਿੱਚ ਹਲਕੀ ਤੋਂ ਦਰਮਿਆਨੀ ਬਾਰਿਸ/ਹਨੇਰੀ ਚੱਲ ਰਹੀ ਹੈ। ਸਨੀਵਾਰ ਨੂੰ ਘੱਟੋ-ਘੱਟ ਤਾਪਮਾਨ 12.7 ਡਿਗਰੀ ਸੈਲਸੀਅਸ ਰਿਹਾ, ਜੋ ਸੀਜਨ ਦੀ ਔਸਤ ਤੋਂ ਛੇ ਡਿਗਰੀ ਵੱਧ ਸੀ। ਇਸ ਤੋਂ ਇਲਾਵਾ ਕੇਂਦਰੀ ਪ੍ਰਦੂਸਣ ਕੰਟਰੋਲ ਬੋਰਡ ਦੇ ਅੰਕੜਿਆਂ ਅਨੁਸਾਰ ਸਨੀਵਾਰ ਨੂੰ ਸਵੇਰੇ 9 ਵਜੇ ਦੇ 152 ਤੱਕ ਪਹੁੰਚਣ ਨਾਲ ਦਿੱਲੀ ਵਿੱਚ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਹੋਇਆ ਹੈ। 0 ਤੋਂ 50 ਦੇ ਵਿਚਕਾਰ 'ਚੰਗਾ', 51 ਤੋਂ 100 ਨੂੰ 'ਤਸੱਲੀਬਖਸ਼', 101 ਤੋਂ 200 ਨੂੰ 'ਮੱਧਮ', 201 ਤੋਂ 300 ਨੂੰ 'ਖਰਾਬ', 301 ਤੋਂ 400 ਨੂੰ 'ਬਹੁਤ ਖਰਾਬ' ਅਤੇ 401 ਤੋਂ 500 ਦੇ ਵਿਚਕਾਰ ਨੂੰ 'ਗੰਭੀਰ' ਮੰਨਿਆ ਜਾਂਦਾ ਹੈ।

# ਪੰਜਾਬ ਸਰਕਾਰ ਨੇ ਨਾਜਾਇਜ ਕਬਜੇ ਹਟਾਉਣ ਨੂੰ ਲੈ ਕੇ ਕੀਤੀ ਵੱਡੀ ਕਾਰਵਾਈ

**ਸਰਦੂਲ ਸਿੰਘ**

ਚੰਡੀਗੜ੍ਹ 31 ਦਸੰਬਰ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੇ ਸਾਲ 2024 ਦੌਰਾਨ ਕਈ ਅਹਿਮ ਪ੍ਰਾਪਤੀਆਂ ਹਾਸਲ ਕੀਤੀਆਂ ਹਨ। ਵਿਭਾਗ ਦੇ ਮੰਤਰੀ ਤਰੁਣਪ੍ਰੀਤ ਸਿੰਘ ਸੌਂਧ ਨੇ ਦੱਸਿਆ ਕਿ ਸਾਲ 2022 'ਚ ਪੰਚਾਇਤੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਾਉਣ ਦੀ ਸ਼ੁਰੂ ਕੀਤੀ ਮੁਹਿੰਮ ਤਹਿਤ ਸਾਲ 2024 ਤੱਕ 12809 ਏਕੜ ਪੰਚਾਇਤੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਾ ਕੇ ਪੰਚਾਇਤਾਂ ਨੂੰ ਹੈਂਡ ਓਵਰ ਕੀਤਾ ਜਾ ਚੁੱਕਾ ਹੈ। ਇਸ ਰਕਬੇ ਦੀ ਬਾਜ਼ਾਰੀ ਕੀਮਤ 3080 ਕਰੋੜ ਰੁਪਏ ਤੋਂ ਵੱਧ ਬਣਦੀ ਹੈ। ਇਸ ਵਿੱਚੋਂ ਕਰੀਬ 6000 ਏਕੜ ਰਕਬੇ ਨੂੰ ਚਕੌਤੇ 'ਤੇ ਦੇਣ ਉਪਰੰਤ ਸਾਲ 2024-25 ਦੌਰਾਨ 10.76 ਕਰੋੜ ਰੁਪਏ ਸਾਲਾਨਾ ਆਮਦਨ ਪ੍ਰਾਪਤ ਹੋਈ ਹੈ। ਇਸ ਤੋਂ ਇਲਾਵਾ ਵਿਭਾਗ ਵੱਲੋਂ ਸ਼ਾਮਲਾਤ ਜ਼ਮੀਨਾਂ ਦੀ ਸਾਲ 2024-25 ਦੌਰਾਨ 1.36 ਲੱਖ ਏਕੜ ਰਕਬੇ ਦੀ ਨਿਲਾਮੀ 469 ਕਰੋੜ ਰੁਪਏ 'ਚ ਕਰਵਾਈ ਗਈ। ਇਸੇ ਤਰ੍ਹਾਂ 2024-25 ਦੌਰਾਨ ਵਿਭਾਗ ਵੱਲੋਂ ਪਸ਼ੂ ਮੇਲਿਆਂ ਨੂੰ ਈ-ਆਕਸ਼ਨ ਰਾਹੀਂ ਠੇਕੇ 'ਤੇ ਦੇਣ ਉਪਰੰਤ 93.90 ਕਰੋੜ ਰੁਪਏ ਦੀ ਆਮਦਨ ਪ੍ਰਾਪਤ ਹੋਈ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਪਿੰਡਾਂ 'ਚ ਲਾਇਬ੍ਰੇਰੀਆਂ ਸ਼ੁਰੂ ਕਰਨ ਦੇ ਸੁਫਨੇ ਨੂੰ ਸਾਕਾਰ ਕਰਦਿਆਂ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੇ ਸਾਲ 2024 ਦੌਰਾਨ ਪਿੰਡ ਈਸੜੂ (ਖੰਨਾ) ਤੋਂ ਪੇਂਡੂ ਲਾਇਬ੍ਰੇਰੀ ਸਕੀਮ ਦੀ ਸ਼ੁਰੂਆਤ ਕੀਤੀ। ਮੁੱਖ ਮੰਤਰੀ ਨੇ 15 ਅਗਸਤ ਵਾਲੇ ਦਿਨ ਖੁਦ ਇਸ ਲਾਇਬ੍ਰੇਰੀ ਦਾ ਉਦਘਾਟਨ ਕੀਤਾ ਅਤੇ ਸਕੂਲੀ ਬੱਚਿਆਂ ਨਾਲ ਗੱਲਬਾਤ ਵੀ ਕੀਤੀ। ਇਸ ਵੇਲੇ ਪੰਜਾਬ ਭਰ 'ਚ 114 ਪੇਂਡੂ ਲਾਇਬ੍ਰੇਰੀਆਂ ਕਾਰਜਸ਼ੀਲ ਹਨ ਅਤੇ 179 ਕਾਰਜ ਅਧੀਨ



ਹਨ। ਲੋਕਤੰਤਰ ਦੀ ਮਜ਼ਬੂਤੀ ਲਈ ਸਾਲ 2024 ਦੌਰਾਨ ਪੰਚਾਇਤੀ ਚੋਣਾਂ ਕਰਵਾਈਆਂ ਗਈਆਂ। ਸੌਂਧ ਨੇ ਦੱਸਿਆ ਕਿ ਇਨ੍ਹਾਂ ਚੋਣਾਂ ਦੌਰਾਨ 3044 ਪੰਚਾਇਤਾਂ ਸਰਬ ਸੰਮਤੀ ਨਾਲ ਚੁਣੀਆਂ ਗਈਆਂ, ਜਿਨ੍ਹਾਂ ਨੂੰ ਮੁੱਖ ਮੰਤਰੀ ਵੱਲੋਂ ਕੀਤੇ ਐਲਾਨ ਅਨੁਸਾਰ ਭਲਾਈ ਕੰਮਾਂ ਲਈ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪਿੰਡਾਂ 'ਚ ਬਣੇ ਸੈਲਫ ਹੈਲਪ ਗਰੁੱਪਾਂ ਦੀ ਵਿੱਤੀ ਸਹਾਇਤਾ ਲਈ ਵਿਭਾਗ ਨੇ ਬੈਂਕਾਂ ਤੋਂ 94.35 ਕਰੋੜ ਰੁਪਏ ਦਾ ਕਰਜ਼ਾ ਅਜਿਹੇ ਗਰੁੱਪਾਂ ਨੂੰ ਮੁਹੱਈਆ ਕਰਵਾਇਆ ਹੈ। ਇਸੇ ਤਰ੍ਹਾਂ ਮਗਨਰੇਗਾ ਸਕੀਮ ਤਹਿਤ ਵਿੱਤੀ ਸਾਲ 2024-25 ਦੌਰਾਨ ਹੁਣ ਤੱਕ 983.98 ਕਰੋੜ ਰੁਪਏ ਖਰਚ ਕਰਦੇ ਹੋਏ 2.15 ਕਰੋੜ ਮਨੁੱਖੀ ਦਿਹਾੜੀਆਂ ਪੈਦਾ ਕੀਤੀਆਂ ਗਈਆਂ ਹਨ। ਵਿੱਤੀ ਸਾਲ 2024-25 ਦੌਰਾਨ ਔਸਤਨ 7.02 ਲੱਖ ਪੇਂਡੂ ਪਰਿਵਾਰਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਗਿਆ ਹੈ। ਵਿਭਾਗ ਵੱਲੋਂ ਇਸ ਸਾਲ ਕੁੱਲ 95.03 ਲੱਖ ਪੌਦੇ ਲਗਾਏ ਗਏ ਹਨ। ਇਸ ਤੋਂ ਇਲਾਵਾ ਪਿੰਡਾਂ 'ਚ ਕੁੱਲ 2461 ਖੇਡ ਮੈਦਾਨ ਮੁਕੰਮਲ ਹੋ ਚੁੱਕੇ ਹਨ ਅਤੇ 1623 ਖੇਡ ਮੈਦਾਨਾਂ ਦਾ ਕੰਮ ਚੱਲ ਰਿਹਾ ਹੈ। ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ (ਗ੍ਰਾਮੀਣ) ਦੇ ਤਹਿਤ, ਮੌਜੂਦਾ ਵਿੱਤੀ ਸਾਲ ਦੌਰਾਨ ਕੁੱਲ 5166 ਘਰ ਬਣਾਏ ਗਏ ਹਨ, ਜਿਨ੍ਹਾਂ ਦਾ ਕੁੱਲ ਖਰਚ 62 ਕਰੋੜ ਰੁਪਏ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਮੌਜੂਦਾ ਵਿੱਤੀ ਸਾਲ ਦੇ ਅੰਤ ਤੱਕ ਕੁੱਲ 18,000 ਘਰ ਬਣਾਏ ਜਾਣਗੇ, ਜਿਨ੍ਹਾਂ ਦਾ ਕੁੱਲ ਖਰਚ 220 ਕਰੋੜ ਰੁਪਏ ਹੋਵੇਗਾ। ਵਿੱਤੀ ਸਾਲ 2025-26 'ਚ ਹੋਰ 25,000 ਘਰ ਬਣਾਏ ਜਾਣਗੇ। ਇਸ ਸਕੀਮ ਤਹਿਤ ਨਵੇਂ ਲਾਭਪਾਤਰੀ ਜੋੜਨ ਲਈ 1 ਨਵੰਬਰ 2024 ਤੋਂ ਨਵਾਂ ਸਰਵੇਖਣ ਕੀਤਾ ਜਾ ਰਿਹਾ ਹੈ, ਜਿਸ ਲਈ ਹਰ ਪਿੰਡ 'ਚ ਵੱਖਰਾ ਸਰਵੇਅਰ ਲਗਾਇਆ ਗਿਆ ਹੈ। ਇਸ ਤੋਂ ਇਲਾਵਾ ਪਿੰਡਾਂ ਦੀ ਦਿੱਖ ਸੰਵਾਰਨ ਲਈ ਅਤੇ ਠੋਸ ਤੇ ਤਰਲ ਕੂੜੇ ਦੇ ਪ੍ਰਬੰਧਨ ਲਈ ਵੀ ਕਈ ਸਕੀਮਾਂ ਤਹਿਤ ਕੰਮ ਕੀਤਾ ਜਾ ਰਿਹਾ ਹੈ।

## 57 ਡੰਪਰਾਂ ਤੇ ਲੋਡਡ ਮਾਲ ਗੱਡੀ ਨਾਲ ਹੋਇਆ ਦੇਸ਼ ਦੇ ਪਹਿਲੇ ਕੇਬਲ ਸਟੇਅ ਬ੍ਰਿਜ ਦਾ ਲੋਡ ਟੈਸਟ

ਰਿਆਸੀ 31 ਦਸੰਬਰ। ਕਟੜਾ-ਬਨਿਹਾਲ ਰੇਲ ਪ੍ਰਾਜੈਕਟ ਦੇ ਰਿਆਸੀ - ਕਟੜਾ ਸੈਕਸਨ ਦਰਮਿਆਨ ਅੰਜੀ ਖੱਡ 'ਤੇ ਬਣੇ ਦੇਸ ਦੇ ਪਹਿਲੇ ਕੇਬਲ ਸਟੇਅ ਬ੍ਰਿਜ ਦਾ ਸੁੱਕਰਵਾਰ ਲੋਡ ਟੈਸਟ ਕੀਤਾ ਗਿਆ। ਇਸ ਵਿਚ 2 ਇੰਜਣ ਤੇ 2 ਬ੍ਰੇਕ ਕੋਚਾਂ ਦੇ ਨਾਲ ਹੀ ਬੱਜਰੀ ਨਾਲ ਭਰੇ ਮਾਲ ਗੱਡੀ ਦੇ 32 ਕੋਚ ਵੀ ਸਨ। 57 ਡੰਪਰ ਵੀ ਖੜ੍ਹੇ ਸਨ। 2 ਘੰਟੇ ਤੱਕ ਚੱਲੀ ਇਸ ਪ੍ਰਕਿਰਿਆ ਤੋਂ ਬਾਅਦ ਟਰੇਨ ਨੂੰ ਇੰਜਣ ਤੇ ਬ੍ਰੇਕ ਕੋਚ ਸਮੇਤ ਦੋ ਹਿੱਸਿਆਂ 'ਚ ਵੰਡਿਆ ਗਿਆ। 19 ਡੱਬੇ ਪੁਲ ਦੇ ਰਿਆਸੀ ਸਿਰੇ 'ਤੇ ਖੜ੍ਹੇ ਕੀਤੇ ਗਏ ਤੇ 13 ਡੱਬੇ ਕਟੜਾ ਦੇ ਸਿਰੇ 'ਤੇ ਕਰੀਬ 2 ਘੰਟੇ ਖੜ੍ਹੇ ਰੱਖੇ ਗਏ। ਲੋਡ ਟੈਸਟ ਦੀ ਇਸ ਪ੍ਰਕਿਰਿਆ ਨੂੰ ਪੂਰਾ ਕਰਨ ਤੋਂ ਬਾਅਦ ਮਾਲ ਗੱਡੀ ਰਿਆਸੀ ਸਟੇਸਨ ਲਈ ਵਾਪਸ ਚਲੀ ਗਈ। ਹੁਣ ਸਨੀਵਾਰ ਨੂੰ ਫਿਰ ਇਸੇ ਤਰ੍ਹਾਂ ਦਾ ਲੋਡ ਟੈਸਟ ਕੀਤਾ ਜਾਵੇਗਾ। ਦੱਸਣ ਯੋਗ ਹੈ ਕਿ 25 ਦਸੰਬਰ ਨੂੰ ਪਹਿਲੀ ਵਾਰ ਕਟੜਾ ਤੋਂ ਰਿਆਸੀ ਸਟੇਸਨ ਤੱਕ ਇੰਜਣ ਦਾ ਸਫਲਤਾਪੂਰਵਕ ਟ੍ਰਾਇਲ ਕੀਤਾ ਗਿਆ ਸੀ। ਇਸ ਤੋਂ ਬਾਅਦ ਕਟੜਾ ਤੋਂ ਰਿਆਸੀ ਸਟੇਸਨ ਤੱਕ ਇਕ ਮਾਲ ਗੱਡੀ ਲਿਆਂਦੀ ਗਈ ਜਿਸ ਵਿੱਚ 32 ਡੱਬਿਆਂ ਵਿੱਚ ਬੱਜਰੀ ਲੱਦੀ ਹੋਈ ਸੀ, ਜਿਸ ਦਾ ਕੁੱਲ ਭਾਰ 3300



ਟਨ ਦੱਸਿਆ ਜਾਂਦਾ ਹੈ। ਵਿਦੇਸਾਂ ਵਿੱਚ ਕਈ ਕੇਬਲ ਸਟੇਅ ਬ੍ਰਿਜਾਂ ਦਾ ਅਧਿਐਨ ਕਰ ਕੇ ਜਾਣਕਾਰੀ ਇਕੱਠੀ ਕੀਤੀ ਗਈ ਢਾਂਚੇ ਦੇ ਕਾਰਨ ਅੰਜੀ ਘਾਟੀ 'ਤੇ ਪੁਲ ਦਾ ਨਿਰਮਾਣ ਆਸਾਨ ਨਹੀਂ ਸੀ। ਇਸ ਤੋਂ ਪਹਿਲਾਂ ਆਰਕ ਬ੍ਰਿਜ ਬਣਾਇਆ ਜਾਣਾ ਸੀ, ਜਿਸ ਲਈ ਡਿਜਾਈਨ ਮੁਤਾਬਕ ਕਾਫੀ ਕੰਮ ਕੀਤਾ ਗਿਆ ਸੀ ਪਰ ਫਿਰ ਕਈ ਕਾਰਨਾਂ ਕਰ ਕੇ ਸਾਲ 2012 'ਚ ਕੰਮ ਬੰਦ ਕਰਨਾ ਪਿਆ । ਨਿਰਮਾਣ ਕੰਪਨੀ ਨੇ ਕੰਮ ਛੱਡ ਦਿੱਤਾ। ਉਸ ਤੋਂ ਬਾਅਦ ਸ੍ਰੀਧਰਨ ਕਮੇਟੀ ਨੇ ਮੌਕੇ ਦਾ ਦੌਰਾ ਕੀਤਾ ਤੇ ਆਰਕ ਬ੍ਰਿਜ ਦੀ ਬਜਾਏ ਕੇਬਲ ਸਟੇਅ ਬ੍ਰਿਜ ਬਣਾਉਣ ਦਾ ਸੁਝਾਅ ਦਿੱਤਾ, ਜਿਸ ਲਈ ਦੇਸ ਵਿਦੇਸ ਤੋਂ ਕਈ ਕੇਬਲ ਸਟੇਅ ਬ੍ਰਿਜਾਂ ਦਾ ਅਧਿਐਨ ਕੀਤਾ ਗਿਆ ਤੇ ਜਾਣਕਾਰੀ ਇਕੱਠੀ ਕੀਤੀ ਗਈ ਜੋ ਕੇਬਲ ਲਾਉਣ ਲਈ ਜਰੂਰੀ ਸਮਝੀ ਗਈ ਸੀ। . ਉਸ ਤੋਂ ਬਾਅਦ ਕੇਬਲ ਸਟੇਅ ਬ੍ਰਿਜ ਦੀ ਉਸਾਰੀ ਦਾ ਕੰਮ ਸਾਲ 2017 ਵਿਚ ਨਵੇਂ ਸਿਰੇ ਤੋਂ ਸੁਰੂ ਕੀਤਾ ਗਿਆ। ਇਸ ਨੂੰ 3 ਸਾਲਾਂ ਵਿਚ ਪੂਰਾ ਕਰਨ ਦਾ ਟੀਚਾ ਸੀ। ਸੁਰੂ ਵਿਚ ਕਈ ਮੁਸਕਲਾਂ ਕਾਰਨ ਕੰਮ ਦੀ ਰਫਤਾਰ ਮੱਠੀ ਰਹੀ ਪਰ ਫਿਰ ਚੁਣੌਤੀਆਂ ਨੂੰ ਪਾਰ ਕਰਦਿਆਂ ਉਸਾਰੀ ਦਾ ਕੰਮ ਕਰ ਰਹੀ ਹਿੰਦੁਸਤਾਨ ਕੰਸਟਰਕਸਨ ਕੰਪਨੀ ਨੇ ਉਸਾਰੀ ਦੀ ਰਫਤਾਰ ਵਧਾ ਦਿੱਤੀ।

## ਪੰਜਾਬ ਦੇ ਥਾਣੇ 'ਚ ਧਮਾਕਾ ਕਰਨ ਵਾਲੇ ਗ੍ਰਿਫਤਾਰ, ਇਹ ਕੁਝ ਹੋਇਆ ਬਰਾਮਦ

ਅੰਮ੍ਰਿਤਸਰ 31 ਦਸੰਬਰ। ਅੰਮ੍ਰਿਤਸਰ ਪੁਲਸ ਨੂੰ ਵੱਡੀ ਸਫਲਤਾ ਹਾਸਲ ਹੋਈ ਹੈ, ਜਿਸ ਦੀ ਜਾਣਕਾਰੀ ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਸੋਸ਼ਲ ਮੀਡੀਆ ਅਕਾਊਂਟ 'ਤੇ ਸਾਂਝੀ ਕੀਤੀ ਹੈ। ਡੀ. ਜੀ. ਪੀ ਨੇ ਦੱਸਿਆ ਕਿ ਸਟੇਟ ਸਪੈਸਲ ਆਪ੍ਰੇਸਨ ਸੈੱਲ ()ਅੰਮ੍ਰਿਤਸਰ ਨੇ ਇੱਕ ਨਾਰਕੋ-ਟੇਰਰ ਮਾਡਿਊਲ ਦਾ ਪਰਦਾਫਾਸ ਕੀਤਾ ਹੈ, ਜਿਸਨੂੰ ਵਿਦੇਸਾਂ ਤੋਂ ਕੰਟਰੋਲਰਾਂ ਦੁਆਰਾ ਚਲਾਇਆ ਜਾ ਰਿਹਾ ਸੀ। ਉਨ੍ਹਾਂ ਦੱਸਿਆ ਕਿ ਇਸ ਮਾਮਲੇ 'ਚ ਗੁਰਜੀਤ ਸਿੰਘ ਵਾਸੀ ਡਾਂਡੇ ਅੰਮ੍ਰਿਤਸਰ ਦਿਹਾਤੀ ਅਤੇ ਬਲਜੀਤ ਸਿੰਘ ਵਾਸੀ ਛਾਪਾ ਤਰਨਤਾਰਨ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਗ੍ਰਿਫਤਾਰ ਵਿਅਕਤੀਆਂ ਨੇ 17 ਦਸੰਬਰ 2024 ਨੂੰ ਇਸਲਾਮਾਬਾਦ ਦੇ ਪੁਲਸ ਸਟੇਸਨ 'ਤੇ ਗ੍ਰੇਨੇਡ ਹਮਲਾ ਕੀਤਾ ਸੀ। ਡੀ. ਜੀ. ਪੀ. ਨੇ ਦੱਸਿਆ ਕਿ ਹੁਣ ਤੱਕ 1.4 ਕਿਲੋ ਹੈਰੋਇਨ, 01 ਹੈਂਡ ਗ੍ਰੇਨੇਡ ਅਤੇ 02 ਪਿਸਤੌਲ ਬਰਾਮਦ ਕੀਤੇ ਗਏ ਹਨ। ਇਸ ਮਾਮਲੇ 'ਚ ਪੂਰੇ ਨੈੱਟਵਰਕ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

# ਰੇਡੀਓ ਜੌਕੀ ਸਿਮਰਨ ਨੇ ਕਿਉਂ ਕੀਤੀ ਖੁਦਕੁਸ਼ੀ?

**ਕਿਸ਼ਨ ਪਾਲ**

ਐਂਟਰਟੇਨਮੈਂਟ ਡੈਸਕ 31 ਦਸੰਬਰ। ਹਰਿਆਣਾ ਦੇ ਗੁਰੂਗ੍ਰਾਮ 'ਚ ਫ੍ਰੀਲਾਂਸਰ ਰੇਡੀਓ ਜੌਕੀ ਸਿਮਰਨ ਸਿੰਘ ਨੇ ਕਥਿਤ ਤੌਰ ਤੇ ਸੈਕਟਰ 47 'ਚ ਆਪਣੇ ਕਿਰਾਏ ਦੇ ਮਕਾਨ 'ਚ ਫਾਹਾ ਲੈ ਕੇ ਖੁਦਕੁਸੀ ਕਰ ਲਈ। ਬੁੱਧਵਾਰ ਦੇਰ ਰਾਤ ਉਨ੍ਹਾਂ ਦੀ ਲਾਸ ਉਨ੍ਹਾਂ ਦੇ ਕਮਰੇ 'ਚ ਲਟਕਦੀ ਮਿਲੀ। ਹਾਲਾਂਕਿ ਮੌਕੇ ਤੋਂ ਕੋਈ ਸੁਸਾਈਡ ਨੋਟ ਨਹੀਂ ਮਿਲਿਆ ਹੈ। ਸਿਮਰਨ ਮੂਲ ਰੂਪ ਤੋਂ ਜੰਮੂ-ਕਸਮੀਰ ਦੀ ਰਹਿਣ ਵਾਲੀ ਸੀ। ਫਿਲਹਾਲ ਉਹ ਗੁਰੂਗ੍ਰਾਮ ਦੇ ਸੈਕਟਰ-47 'ਚ ਕਿਰਾਏ ਦੇ ਮਕਾਨ 'ਚ ਆਪਣੇ ਕੁਝ ਦੋਸਤਾਂ ਨਾਲ ਰਹਿ ਰਹੀ ਸੀ। ਪੁਲਸ ਨੇ ਪੋਸਟਮਾਰਟਮ ਕਰਵਾਉਣ ਤੋਂ ਬਾਅਦ ਲਾਸ ਪਰਿਵਾਰਕ ਮੈਂਬਰਾਂ ਨੂੰ ਸੌਂਪ ਦਿੱਤੀ। ਪੁਲਸ ਅਨੁਸਾਰ, 26 ਸਾਲਾ ਆਰਜੇ ਸਿਮਰਨ ਸਿੰਘ ਪਿਛਲੇ ਕਈ ਮਹੀਨਿਆਂ ਤੋਂ ਸੈਕਟਰ-47 ਦੀ ਕੋਠੀ ਨੰਬਰ 58 'ਚ ਆਪਣੇ ਹੋਰ ਦੋਸਤਾਂ ਨਾਲ ਕਿਰਾਏ 'ਤੇ ਰਹਿੰਦੀ ਸੀ। ਬੁੱਧਵਾਰ ਰਾਤ ਨੂੰ ਉਹ ਆਪਣੇ ਕਮਰੇ 'ਚ ਮ੍ਰਿਤਕ ਪਾਈ ਗਈ। ਇਕ ਸੀਨੀਅਰ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਬੁੱਧਵਾਰ ਰਾਤ ਕਰੀਬ 9.30 ਵਜੇ ਉਸੇ ਘਰ 'ਚ ਰਹਿੰਦੇ ਆਰਜੇ ਸਿਮਰਨ ਸਿੰਘ ਦੇ ਇਕ ਦੋਸਤ ਤੋਂ ਸੂਚਨਾ ਮਿਲੀ। ਉਨ੍ਹਾਂ ਨੇ ਪੁਲਸ ਨੂੰ ਦੱਸਿਆ ਕਿ ਸਿਮਰਨ ਨੇ ਆਪਣੇ ਆਪ ਨੂੰ ਅੰਦਰੋਂ ਬੰਦ ਕਰ ਲਿਆ ਸੀ ਅਤੇ ਦਰਵਾਜਾ ਨਹੀਂ ਖੋਲ੍ਹ ਰਹੀ ਸੀ। ਮੌਕੇ 'ਤੇ ਪੁੱਜੀ ਪੁਲਸ ਟੀਮ ਨੇ ਕਿਸੇ ਤਰ੍ਹਾਂ ਉਸ ਦੇ ਕਮਰੇ ਦਾ ਦਰਵਾਜਾ ਖੋਲ੍ਹਿਆ। ਸਿਮਰਨ ਦੀ ਲਾਸ ਸਾਹਮਣੇ ਲਟਕ ਰਹੀ ਸੀ। ਪੁਲਸ ਨੇ ਲਾਸ ਨੂੰ ਕਬਜੇ 'ਚ ਲੈ ਕੇ ਮੁਰਦਾਘਰ 'ਚ ਭੇਜ ਦਿੱਤਾ ਹੈ। ਉਸ ਦੇ ਪਰਿਵਾਰ ਨੂੰ ਸੂਚਨਾ ਦਿੱਤੀ ਗਈ। ਮੌਕੇ ਤੋਂ ਕੋਈ ਸੁਸਾਈਡ ਨੋਟ ਬਰਾਮਦ ਨਹੀਂ ਹੋਇਆ ਹੈ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹ ਪਿਛਲੇ ਕੁਝ ਸਮੇਂ ਤੋਂ ਕਿਸੇ



ਗੱਲ ਨੂੰ ਲੈ ਕੇ ਚਿੰਤਤ ਸੀ। ਸਦਰ ਥਾਣਾ ਇੰਚਾਰਜ ਇੰਸਪੈਕਟਰ ਸੁਨੀਲ ਕੁਮਾਰ ਨੇ ਦੱਸਿਆ ਕਿ ਮ੍ਰਿਤਕ ਆਰਜੇ ਸਿਮਰਨ ਸਿੰਘ ਆਪਣੇ ਕੁਝ ਦੋਸਤਾਂ ਨਾਲ ਕਿਰਾਏ ਦੇ ਮਕਾਨ 'ਚ ਰਹਿੰਦੀ ਸੀ। ਉਸ ਦੇ ਮਾਪਿਆਂ ਵੱਲੋਂ ਕੋਈ ਸਿ਼ਕਾਇਤ ਨਹੀਂ ਕੀਤੀ ਗਈ। ਪੁਲਸ ਨੇ ਪੋਸਟਮਾਰਟ ਤੋਂ ਬਾਅਦ ਲਾਸ ਵਾਰਸਾਂ ਦੇ ਹਵਾਲੇ ਕਰ ਦਿੱਤੀ ਹੈ ਜਦਕਿ ਮਾਮਲੇ ਦੀ ਜਾਂਚ ਜਾਰੀ ਹੈ। ਸਿਮਰਨ ਇੱਕ ਰੇਡੀਓ ਚੈਨਲ 'ਚ ਆਰ.ਜੇ. ਸੀ। ਹਾਲਾਂਕਿ, ਉਨ੍ਹਾਂ ਨੇ ਆਪਣੀ ਨੌਕਰੀ ਛੱਡ ਦਿੱਤੀ ਸੀ ਅਤੇ ਹੁਣ ਫ੍ਰੀਲਾਂਸਿੰਗ ਕਰ ਰਹੀ ਸੀ। ਸਿਮਰਨ ਦਾ ਇੱਕ ਯੂਟਿਊਬ ਚੈਨਲ ਵੀ ਹੈ। ਜੰਮੂ-ਕਸਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਪ੍ਰਸਿੱਧ ਰੇਡੀਓ ਜੌਕੀ ਦੀ ਦੁਖਦਾਈ ਅਤੇ ਬੇਵਕਤੀ ਮੌਤ 'ਤੇ ਦੁੱਖ ਪ੍ਰਗਟ ਕੀਤਾ ਹੈ। ਸਿਮਰਨ ਦੇ ਪ੍ਰਸੰਸਕ ਉਨ੍ਹਾਂ ਨੂੰ 'ਜੰਮੂ ਦੀ ਧੜਕਣ' ਕਹਿੰਦੇ ਸੀ। ਇੰਨਾ ਹੀ ਨਹੀਂ ਸਿਮਰਨ ਸਿੰਘ ਇਕ ਮਸ਼ਹੂਰ ਰੇਡੀਓ ਸਟੇਸਨ ਨਾਲ ਵੀ ਜੁੜੀ ਹੋਈ ਸੀ ਪਰ ਬਾਅਦ 'ਚ ਉਨ੍ਹਾਂ ਨੇ ਉਥੇ ਛੱਡ ਕੇ ਫ੍ਰੀਲਾਂਸ ਰੇਡੀਓ ਜੌਕੀ ਵਜੋਂ ਕੰਮ ਕਰਨਾ ਸੁਰੂ ਕਰ ਦਿੱਤਾ।

## ਭਾਰੀ ਮੀਂਹ ਕਾਰਨ 52 ਸ਼ਰਧਾਲੂਆਂ ਨਾਲ ਭਰੀ ਬੱਸ ਪਲਟੀ

ਚੇਨਈ 31 ਦਸੰਬਰ। ਤਾਮਿਲਨਾਡੂ 'ਚ ਚੇਨਈ ਨੇੜੇ ਦੇਵੀ ਮੇਲਮਾਰੂਵਾਥੁਰ ਅੰਮਾਨ ਮੰਦਰ ਦੀ ਯਾਤਰਾ 'ਤੇ ਆਏ ਕਰੀਬ 40 ਲੋਕ ਸੜਕ ਹਾਦਸੇ 'ਚ ਜਖਮੀ ਹੋ ਗਏ। ਮਿਲੀ ਜਾਣਕਾਰੀ ਮੁਤਾਬਕ, ਜਿਹੜੇ ਨਿੱਜੀ ਬੱਸ 'ਚ ਪੀੜਤ ਲੋਕ ਸਵਾਰ ਸਨ, ਸੁੱਕਰਵਾਰ ਨੂੰ ਤਾਮਿਲਨਾਡੂ ਦੇ ਕ੍ਰਿਸਨਾਗਿਰੀ ਜਿ਼ਲ੍ਹੇ 'ਚ ਉਥਾਨਗਰਾਈ ਨੇੜੇ ਭਾਰੀ ਮੀਂਹ ਕਾਰਨ ਪਲਟ ਗਈ। ਜਾਣਕਾਰੀ ਮੁਤਾਬਕ ਬੱਸ 'ਚ ਕੁੱਲ 52 ਲੋਕ ਸਵਾਰ ਸਨ। ਬੱਸ ਨੂੰ ਇਕ ਸਮੂਹ ਨੇ ਤੀਰਥ ਯਾਤਰਾ ਲਈ ਕਿਰਾਏ 'ਤੇ ਲਿਆ ਸੀ। ਭਾਰੀ ਮੀਂਹ ਕਾਰਨ ਡਰਾਈਵਰ ਬੱਸ ਤੋਂ ਕੰਟਰੋਲ ਗੁਆ ਬੈਠਾ ਅਤੇ ਬੱਸ ਪਲਟ ਗਈ, ਜਿਸ ਕਾਰਨ ਕਰੀਬ 40 ਸਰਧਾਲੂ ਜਖਮੀ ਹੋ ਗਏ। ਜਖਮੀਆਂ ਨੂੰ ਕ੍ਰਿਸਨਾਗਿਰੀ ਦੇ ਸਰਕਾਰੀ ਹਸਪਤਾਲ ਅਤੇ ਹੋਰ ਹਸਪਤਾਲਾਂ 'ਚ ਇਲਾਜ ਲਈ ਦਾਖਲ ਕਰਵਾਇਆ ਗਿਆ ਹੈ। ਹਾਦਸੇ ਕਾਰਨ ਕ੍ਰਿਸਨਾਗਿਰੀ ਹਾਈਵੇਅ 'ਤੇ ਕੁਝ ਘੰਟਿਆਂ ਲਈ ਆਵਾਜਾਈ ਠੱਪ ਰਹੀ।

## ਪੇਟ 'ਚ ਲੁਕਾਏ ਹੋਏ ਸਨ ਕੋਕੀਨ ਨਾਲ ਭਰੇ 156 ਕੈਪਸੂਲ, ਏਅਰਪੋਰਟ ਤੋਂ 2 ਵਿਦੇਸ਼ੀ ਨਾਗਰਿਕ ਗ੍ਰਿਫਤਾਰ

ਨਵੀਂ ਦਿੱਲੀ 31 ਦਸੰਬਰ। ਇੰਦਰਾ ਗਾਂਧੀ ਇੰਟਰਨੈਸਨਲ ਹਵਾਈ ਅੱਡੇ 'ਤੇ ਕਸਟਮ ਵਿਭਾਗ ਨੇ 2 ਫਿਲੀਪੀਨਜ ਦੇ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਨੇ ਆਪਣੇ ਪੇਟ 'ਚ ਕੋਕੀਨ ਨਾਲ ਭਰੇ 156 ਕੈਪਸੂਲ ਲੁਕਾਏ ਹੋਏ ਸਨ। ਸੁੱਕਰਵਾਰ ਨੂੰ ਕਸਟਮ ਵਿਭਾਗ ਨੇ ਇਸ ਮਾਮਲੇ ਦੀ ਜਾਣਕਾਰੀ ਦਿੱਤੀ। ਦੋਵਾਂ ਮੁਲਜਮਾਂ ਨੂੰ 13 ਦਸੰਬਰ ਨੂੰ ਬੈਂਕਾਕ ਤੋਂ ਅਦੀਸ ਅਬਾਬਾ ਰਾਹੀਂ ਦਿੱਲੀ ਪਹੁੰਚਣ ਤੋਂ ਬਾਅਦ ਹਿਰਾਸਤ ਵਿਚ ਲਿਆ ਗਿਆ ਸੀ। ਪੁੱਛਗਿੱਛ ਦੌਰਾਨ ਉਨ੍ਹਾਂ ਨੇ ਕੋਕੀਨ ਨਾਲ ਭਰੇ ਕੈਪਸੂਲ ਨਿਗਲਣ ਦੀ



ਗੱਲ ਕਬੂਲੀ, ਜਿਸ ਦੀ ਕੀਮਤ 17 ਕਰੋੜ ਰੁਪਏ ਤੋਂ ਵੱਧ ਦੱਸੀ ਜਾਂਦੀ ਹੈ। ਕਸਟਮ ਵਿਭਾਗ ਅਨੁਸਾਰ, ਟਰਮੀਨਲ-3 ਦੇ ਆਗਮਨ ਹਾਲ ਵਿਚ ਬਣੇ ਪ੍ਰਿਵੇਂਟਿਵ ਰੂਮ ਦੀ ਟਾਇਲਟ ਵਿਚ ਇਕ ਯਾਤਰੀ ਦੇ ਪੇਟ ਵਿਚੋਂ 35 ਕੈਪਸੂਲ ਕੱਢੇ ਗਏ। ਇਸ ਤੋਂ ਬਾਅਦ ਉਸ ਨੂੰ ਸਫਦਰਜੰਗ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਨੇ 31 ਹੋਰ ਕੈਪਸੂਲ ਕੱਢ ਲਏ। ਇਸ ਯਾਤਰੀ ਕੋਲੋਂ ਕੁੱਲ 66 ਕੈਪਸੂਲ ਬਰਾਮਦ ਹੋਏ। ਜਦੋਂ ਇਨ੍ਹਾਂ ਕੈਪਸੂਲਾਂ ਨੂੰ ਖੋਲ੍ਹਿਆ ਗਿਆ ਤਾਂ ਉਨ੍ਹਾਂ 'ਚ ਚਿੱਟਾ ਪਾਊਡਰ ਅਤੇ ਦਾਣੇਦਾਰ ਪਦਾਰਥ ਪਾਇਆ ਗਿਆ, ਜੋ ਟੈਸਟ 'ਚ ਕੋਕੀਨ ਪਾਇਆ ਗਿਆ। ਇਸ ਦਾ ਭਾਰ 503 ਗ੍ਰਾਮ ਸੀ। ਦੂਜੇ ਯਾਤਰੀ ਨੇ ਏਅਰਪੋਰਟ ਦੇ ਕਸਟਮ ਰੂਮ ਵਿਚ 77 ਕੈਪਸੂਲ ਕੱਢ ਲਏ। ਬਾਅਦ ਵਿਚ ਉਸ ਨੂੰ ਸਫਦਰਜੰਗ ਹਸਪਤਾਲ ਵੀ ਲਿਜਾਇਆ ਗਿਆ, ਜਿੱਥੇ ਉਸ ਨੇ 13 ਹੋਰ ਕੈਪਸੂਲ ਕੱਢ ਲਏ। ਇਸ ਯਾਤਰੀ ਕੋਲੋਂ ਕੁੱਲ 90 ਕੈਪਸੂਲ ਬਰਾਮਦ ਹੋਏ, ਜਿਨ੍ਹਾਂ 'ਚ 676 ਗ੍ਰਾਮ ਕੋਕੀਨ ਬਰਾਮਦ ਹੋਈ। ਇਸ ਮਾਮਲੇ 'ਚ ਜਬਤ ਕੀਤੀ ਗਈ ਕੋਕੀਨ ਦੀ ਕੀਮਤ 10.14 ਕਰੋੜ ਰੁਪਏ ਦੱਸੀ ਜਾ ਰਹੀ ਹੈ।

## ਭਾਰਤੀ ਫੌਜ ਨੇ 14,300 ਫੁੱਟ ਦੀ ਉੱਚਾਈ 'ਤੇ ਲਾਇਆ ਛਤਰਪਤੀ ਸ਼ਿਵਾਜੀ ਦਾ ਬੁੱਤ

ਨਵੀਂ ਦਿੱਲੀ , 31 ਦਸੰਬਰ। ਭਾਰਤ ਨੇ ਇਕ ਵਾਰ ਫਿਰ ਚੀਨ ਨੂੰ ਆਪਣਾ ਜੋਰ ਦਿਖਾਇਆ ਹੈ। ਭਾਰਤੀ ਫੌਜ ਨੇ ਲੱਦਾਖ ਵਿਚ ਛਤਰਪਤੀ ਸਿ਼ਵਾਜੀ ਮਹਾਰਾਜ ਦੇ ਇਕ ਵਿਸ਼ਾਲ ਬੁੱਤ ਦਾ ਉਦਘਾਟਨ ਕੀਤਾ ਹੈ। ਛਤਰਪਤੀ ਸਿ਼ਵਾਜੀ ਦਾ ਇਹ ਸਾਨਦਾਰ ਬੁੱਤ 26 ਦਸੰਬਰ 2024 ਨੂੰ ਪੈਂਗੌਂਗ ਤਸੋ ਝੀਲ ਦੇ ਕੰਢੇ 'ਤੇ 14,300 ਫੁੱਟ ਦੀ ਉੱਚਾਈ 'ਤੇ ਸਥਾਪਤ ਕੀਤਾ ਗਿਆ ਹੈ। ਪ੍ਰੋਗਰਾਮ ਦੌਰਾਨ ਭਾਰਤੀ ਫੌਜ ਦੇ ਕਈ ਸੀਨੀਅਰ ਫੌਜੀ ਅਧਿਕਾਰੀ ਮੌਜੂਦ ਸਨ। ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਫੌਜ ਦੇ ਇਸ ਸ਼ਲਾਘਾਯੋਗ ਕੰਮ ਦੀ ਜਾਣਕਾਰੀ ਦਿੱਤੀ ਗਈ ਹੈ। ਫੌਜ ਮੁਤਾਬਕ ਇਹ ਬੁੱਤ ਬਹਾਦਰੀ, ਦੂਰਅੰਦੇਸੀ ਅਤੇ ਦ੍ਰਿੜ੍ਹ ਨਿਆਂ ਦਾ ਪ੍ਰਤੀਕ ਹੈ। ਇਸ ਬੁੱਤ ਦਾ ਉਦਘਾਟਨ ਲੈਫਟੀਨੈਂਟ ਜਨਰਲ ਹਿਤੇਸ ਭੱਲਾ ਨੇ ਕੀਤਾ। ਭਾਰਤੀ ਸਾਸਕ ਛਤਰਪਤੀ ਸਿ਼ਵਾਜੀ ਮਹਾਰਾਜ ਬੇਮਿਸਾਲ ਬਹਾਦਰੀ ਦੇ ਪ੍ਰਤੀਕ ਹਨ, ਜਿਨ੍ਹਾਂ ਦੀ ਵਿਰਾਸਤ ਪੀੜ੍ਹੀ-ਦਰ-ਪੀੜ੍ਹੀ ਪ੍ਰੇਰਣਾਸਰੋਤ ਬਣੀ ਹੋਈ ਹੈ। ਲੱਦਾਖ ਦੇ ਕੁਝ ਖੇਤਰਾਂ ਨੂੰ ਲੈ ਕੇ ਭਾਰਤ ਤੇ ਚੀਨ ਵਿਚਾਲੇ ਤਣਾਅ ਰਹਿੰਦਾ ਹੈ। ਅਜਿਹੇ ਵਿਚ ਭਾਰਤ ਨੇ ਲੱਦਾਖ ਵਿਚ ਛਤਰਪਤੀ ਸਿ਼ਵਾਜੀ ਮਹਾਰਾਜ ਦਾ ਵਿਸ਼ਾਲ ਬੁੱਤ ਲਗਾ ਕੇ ਚੀਨ ਨੂੰ ਸਖਤ ਸੰਦੇਸ ਦਿੱਤਾ ਹੈ। ਭਾਰਤ ਦੇ ਇਸ ਕਦਮ ਨੂੰ ਉਸ ਦੀ ਪ੍ਰਭੂਸੱਤਾ ਅਤੇ ਅਖੰਡਤਾ ਦੀ ਰੱਖਿਆ ਦੇ ਸੰਕਲਪ ਦੇ ਪ੍ਰਤੀਕ ਵਜੋਂ ਦੇਖਿਆ ਜਾ ਸਕਦਾ ਹੈ।

# ਕੜਾਕੇ ਦੀ ਠੰਡ ਦਰਮਿਆਨ ਸਿਹਤ ਮਹਿਕਮੇ ਵੱਲੋਂ ਐਡਵਾਈਜਰੀ ਜਾਰੀ

**ਏਜੰਸੀਆਂ**

ਨਵਾਂਸ਼ਹਿਰ 31 ਦਸੰਬਰ। ਮੌਸਮ ਵਿਚ ਆਏ ਬਦਲਾਅ ਕਾਰਨ ਠੰਡ ਵਿਚ ਵਾਧਾ ਹੋਣ ਲੱਗਾ ਹੈ। ਉਥੇ ਹੀ ਠੰਡ ਤੋਂ ਬਚਣ ਲਈ ਲੋਕ ਘਰਾਂ ਅੰਦਰ ਬੰਦ ਕਮਰੇ ਵਿਚ ਅੰਗੀਠੀ ਬਾਲਦੇ ਹਨ, ਜੋਕਿ ਜਾਨਲੇਵਾ ਸਾਬਤ ਹੋ ਸਕਦੀ ਹੈ। ਸਿਵਲ ਸਰਜਨ ਡਾ. ਜਸਵੀਰ ਕੌਰ ਨੇ ਪ੍ਰੈੱਸ ਜਾਣਕਾਰੀ ਵਿੱਚ ਦੱਸਿਆ ਕਿ ਪਿਛਲੇ 2 ਦਿਨਾਂ ਤੋਂ ਸੂਬੇ ਭਰ ਵਿੱਚ ਲਗਾਤਾਰ ਪੈ ਰਹੇ ਮੀਂਹ ਕਾਰਨ ਜਿੱਥੇ ਆਮ ਜਨ-ਜੀਵਨ ਪ੍ਰਭਾਵਿਤ ਹੋਇਆ ਹੈ। ਉੱਥੇ ਹੀ ਖੁਸ਼ਕ ਸ਼ਰਦੀ ਦੇ ਮੌਸਮ ਤੋਂ ਛੁਟਕਾਰੇ ਨਾਲ ਲੋਕਾਂ ਨੂੰ ਬੀਮਾਰੀਆਂ ਤੋਂ ਰਾਹਤ ਮਿਲੀ ਹੈ ਪਰ ਇਸ ਦੇ ਨਾਲ ਹੀ ਮੀਂਹ ਕਾਰਨ ਇਲਾਕੇ ਵਿੱਚ ਠੰਡ ਦੀ ਲਹਿਰ ਨੇ ਹੋਰ ਜ਼ੋਰ ਫੜ ਲਿਆ ਹੈ। ਸੀਤ ਲਹਿਰ ਦੇ ਚੱਲਦਿਆਂ ਇਸ ਤੋਂ ਬਚਾਅ ਸਬੰਧੀ ਉਨ੍ਹਾਂ ਸਿਹਤ ਐਡਵਾਈਜ਼ਰੀ ਜਾਰੀ ਕਰਦਿਆਂ ਕਿਹਾ ਕਿ ਖੁਸ਼ਕ ਸਰਦੀ ਦੇ ਮੌਸਮ ਵਿਚ ਬੱਚੇ, ਬਜ਼ੁਰਗ ਅਤੇ ਨੌਜਵਾਨ ਖੰਘ, ਜ਼ੁਕਾਮ, ਗਲਾ ਖਰਾਬ ਅਤੇ ਬੁਖਾਰ ਦੀ ਲਪੇਟ ਵਿੱਚ ਆ ਰਹੇ ਸਨ। ਮੌਸਮ ਵਿੱਚ ਤਬਦੀਲੀ ਨਾਲ ਲਗਾਤਾਰ ਘਟ ਰਹੇ ਤਾਪਮਾਨ ਵਿੱਚ ਸਿਹਤ ਪ੍ਰਤੀ ਲਾਹਪ੍ਰਵਾਹੀ ਖਤਰਨਾਕ ਸਾਬਤ ਹੋ ਸਕਦੀ ਹੈ। ਆਮ ਲੋਕਾਂ ਖਾਸ ਕਰ ਬਜ਼ੁਰਗਾਂ ਅਤੇ ਬੱਚਿਆਂ ਲਈ ਠੰਡ ਵਿੱਚ ਜ਼ਿਆਦਾ ਦੇਰ ਰਹਿਣ ਨਾਲ ਗੰਭੀਰ ਮੈਡੀਕਲ ਸਥਿਤੀ ਪੈਦਾ ਹੋ ਸਕਦੀ ਹੈ। ਇਸ ਲਈ ਬਜ਼ੁਰਗ, ਬੱਚੇ ਅਤੇ ਦਿਲ ਦੇ ਰੋਗਾਂ ਦੇ ਮਰੀਜ਼ ਸਵੇਰ ਅਤੇ ਦੇਰ ਸ਼ਾਮ ਦੇ ਸਮੇਂ ਜ਼ਿਆਦਾ ਠੰਡ ਅਤੇ ਧੁੰਦ ਹੋਣ 'ਤੇ ਸੈਰ ਕਰਨ ਜਾਂ ਘਰੋਂ ਬਾਹਰ ਜਾਣ ਤੋਂ ਗੁਰੇਜ ਕਰਨ। ਛੋਟੇ ਬੱਚਿਆਂ ਨੂੰ ਇਸ ਮੌਸਮ ਵਿੱਚ ਨਿਮੋਨੀਆ ਹੋਣ ਦਾ ਖਤਰਾ ਜ਼ਿਆਦਾ ਰਹਿੰਦਾ ਹੈ ਅਤੇ ਠੰਡ ਲੱਗਣ ਨਾਲ ਛੋਟੇ ਬੱਚਿਆਂ ਨੂੰ ਉਲਟੀ, ਦਸਤ ਵੀ ਲੱਗ ਸਕਦੇ ਹਨ। ਇਸ ਲਈ ਬੱਚਿਆਂ ਦੀ ਸੰਭਾਲ ਵੱਲ ਖਾਸ ਧਿਆਨ ਦਿੰਦੇ ਹੋਏ ਸਰਦੀ ਤੋਂ ਬਚਾਅ ਲਈ ਛੋਟੇ ਬੱਚਿਆਂ ਨੂੰ ਪੂਰੀ ਤਰ੍ਹਾਂ ਸਰੀਰ ਢੱਕਣ ਵਾਲੇ ਗਰਮ ਕੱਪੜੇ ਪਾਉਣ ਦੇ ਨਾਲ ਸਿਰ ਤੇ ਟੋਪੀ ਅਤੇ ਪੈਰਾਂ ਵਿੱਚ ਜੁਰਾਬਾਂ ਜ਼ਰੂਰ ਪਾਈਆਂ ਜਾਣ।



ਉਨ੍ਹਾਂ ਦੱਸਿਆ ਕਿ ਸਰੀਰ ਦੇ ਤਾਪਮਾਨ ਵਿੱਚ ਗਿਰਾਵਟ ਨਾਲ ਬੋਲਣ ਵਿੱਚ ਕੰਬਣੀ, ਨੀਂਦ ਆਉਣਾ, ਮਾਸਪੇਸ਼ੀਆਂ ਦੀ ਕਠੋਰਤਾ ਅਤੇ ਸਾਹ ਲੈਣ ਵਿੱਚ ਮੁਸ਼ਕਿਲ ਹੋ ਸਕਦੀ ਹੈ। ਇਸ ਲਈ ਉਨ੍ਹਾਂ ਸੁਝਾਅ ਦਿੱਤਾ ਹੈ ਕਿ ਕਾਂਬੇ ਨੂੰ ਨਜ਼ਰਅੰਦਾਜ਼ ਨਾ ਕਰੋ, ਕਿਉਂਕਿ ਇਹ ਸਰੀਰ ਵਿੱਚ ਗਰਮੀ ਦੀ ਕਮੀ ਦੇ ਸ਼ੁਰੂਆਤੀ ਲੱਛਣਾਂ ਵਿੱਚੋਂ ਇਕ ਹੈ। ਡਾ. ਕੌਰ ਨੇ ਦੱਸਿਆ ਕਿ ਠੰਡ ਤੋਂ ਬਚਾਅ ਲਈ ਢੁੱਕਵੇਂ ਪ੍ਰਬੰਧ ਬਹੁਤ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਠੰਢ ਤੋਂ ਬਚਾਅ ਲਈ ਗਰਮ ਕੱਪੜੇ ਪਾਉਣੇ ਚਾਹੀਦੇ ਹਨ। ਉਨ੍ਹਾਂ ਭਾਰੀ ਕੱਪੜਿਆਂ ਦੀ ਇਕ ਪਰਤ ਦੀ ਬਜਾਏ ਹਲਕੇ ਭਾਰ ਵਾਲੇ ਕੱਪੜਿਆਂ ਦੀਆਂ ਕਈ ਪਰਤਾਂ ਪਹਿਨਣ ਦਾ ਸੁਝਾਅ ਦਿੱਤਾ ਹੈ, ਕਿਉਂਕਿ ਤੰਗ ਕੱਪੜੇ ਖੂਨ ਦੇ ਪ੍ਰਵਾਹ ਨੂੰ ਘਟਾਉਂਦੇ ਹਨ। ਉਨ੍ਹਾਂ ਨੇ ਕਿਹਾ ਕਿ ਠੰਡ ਵਿਚ ਗਰਮ ਤਰਲ ਪਦਾਰਥਾਂ ਦੀ ਜ਼ਿਆਦਾ ਵਰਤੋਂ ਕੀਤੀ ਜਾਵੇ, ਕਿਉਂਕਿ ਇਹ ਠੰਡ ਦੀ ਲਹਿਰ ਨਾਲ ਲੜਨ ਲਈ ਸਰੀਰ ਦੀ ਗਰਮੀ ਨੂੰ ਬਰਕਰਾਰ ਰੱਖੇਗਾ। ਲੋੜੀਂਦੀ ਪ੍ਰਤੀਰੋਧਕ ਸ਼ਕਤੀ ਬਣਾਈ ਰੱਖਣ ਲਈ ਵਿਟਾਮਿਨ-ਸੀ ਨਾਲ ਭਰਪੂਰ ਫਲ ਅਤੇ ਸਬਜ਼ੀਆਂ ਖਾਓ। ਉਨ੍ਹਾਂ ਇਹ ਵੀ ਕਿਹਾ ਕਿ ਬਿਨਾਂ ਕੰਮ ਤੋਂ ਬਾਹਰ ਨਾ ਨਿਕਲਣ, ਸਿਹਤਮੰਦ ਖਾਣ ਪੀਣ, ਮੌਸਮ ਵਿਭਾਗ ਦੀਆਂ ਚਿਤਾਵਨੀਆਂ 'ਤੇ ਅਮਲ ਕਰਨ, ਸੰਚਾਰ ਰਾਬਤਾ ਕਾਇਮ ਰੱਖਣ, ਰੂਮ ਹੀਟਰ ਦੀ ਵਰਤੋਂ ਕਰਦੇ ਸਮੇਂ ਹਵਾ ਦੀ ਆਵਾਜਾਈ ਦਾ ਖਿਆਲ ਰੱਖਣ 'ਤੇ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਠੰਡ ਵਿੱਚ ਘਰਾਂ ਅੰਦਰ ਬੰਦ ਕਮਰੇ ਵਿੱਚ ਅੰਗੀਠੀ ਬਾਲ ਕੇ ਕਦੇ ਵੀ ਅੱਗ ਨਾ ਸੇਕੀ ਜਾਵੇ, ਕਿਉਂਕਿ ਅੱਗ ਬਲਣ ਨਾਲ ਕਾਰਬਨ ਮੋਨੋਆਕਸਾਈਡ ਗੈਸ ਬਣਦੀ ਹੈ ਅਤੇ ਜਿਸ ਨਾਲ ਬੰਦ ਕਮਰੇ ਵਿੱਚ ਆਕਸੀਜਨ ਦੀ ਕਮੀ ਹੋ ਜਾਂਦੀ ਹੈ, ਜੋਕਿ ਸਾਡੇ ਲਈ ਜਾਨਲੇਵਾ ਵੀ ਸਾਬਤ ਹੋ ਸਕਦੀ ਹੈ। ਅਲਕੋਹਲ ਤੋਂ ਬਚਣਾ ਚਾਹੀਦਾ ਹੈ, ਕਿਉਂਕਿ ਇਹ ਮਨੁੱਖੀ ਸਰੀਰ ਦਾ ਤਾਪਮਾਨ ਘਟਾਉਂਦਾ ਹੈ ਅਤੇ ਹਾਈਪੋਥਰਮੀਆ ਦੇ ਜੋਖਮ ਨੂੰ ਵਧਾਉਂਦਾ ਹੈ।

# ਨਵੇਂ ਮੇਅਰ ਨੂੰ ਜਲੰਧਰ ਸਮਾਰਟ ਸਿਟੀ 'ਚ ਹੋਈਆਂ ਗੜਬੜੀਆਂ 'ਤੇ ਲੈਣਾ ਹੋਵੇਗਾ ਐਕਸ਼ਨ

**ਏਜੰਸੀਆਂ**

ਜਲੰਧਰ 31 ਦਸੰਬਰ। ਅੱਜ ਤੋਂ ਲਗਭਗ 10 ਸਾਲ ਪਹਿਲਾਂ ਤਤਕਾਲੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸ਼ੁਰੂ ਕੀਤੇ ਗਏ ਸਮਾਰਟ ਸਿਟੀ ਮਿਸ਼ਨ ਨਾਲ ਜਲੰਧਰ ਸ਼ਹਿਰ ਨੂੰ ਤਾਂ ਕੋਈ ਖਾਸ ਫਾਇਦਾ ਨਹੀਂ ਹੋਇਆ ਪਰ ਇਹ ਮਿਸ਼ਨ ਪੰਜਾਬ ਦੇ ਕਈ ਅਫਸਰਾਂ ਅਤੇ ਠੇਕੇਦਾਰਾਂ ਨੂੰ ਜਰੂਰ ਮਾਲਾਮਾਲ ਕਰ ਗਿਆ। ਜਦੋਂ ਸਮਾਰਟ ਸਿਟੀ ਬਣਨ ਜਾ ਰਹੇ ਸ਼ਹਿਰਾਂ ਦੀ ਸੂਚੀ ਵਿਚ ਜਲੰਧਰ ਦਾ ਨਾਂ ਸ਼ਾਮਲ ਹੋਇਆ ਸੀ, ਉਦੋਂ ਸ਼ਹਿਰ ਵਾਸੀਆਂ ਨੂੰ ਲੱਗਾ ਸੀ ਕਿ ਕੇਂਦਰ ਸਰਕਾਰ ਦੀ ਇਸ ਯੋਜਨਾ ਤਹਿਤ ਉਨ੍ਹਾਂ ਨੂੰ ਅਜਿਹੀਆਂ ਸਹੂਲਤਾਂ ਮਿਲਣਗੀਆਂ, ਜੋ ਨਾ ਸਿਰਫ ਵਿਸ਼ਵ ਪੱਧਰੀ ਹੋਣਗੀਆਂ, ਸਗੋਂ ਇਸ ਮਿਸ਼ਨ ਨਾਲ ਸ਼ਹਿਰ ਦੀ ਨੁਹਾਰ ਹੀ ਬਦਲ ਜਾਵੇਗੀ ਪਰ ਸਮਾਰਟ ਸਿਟੀ ਦੇ ਵਧੇਰੇ ਕੰਮ ਖਤਮ ਹੋਣ ਤੋਂ ਬਾਅਦ ਲੋਕਾਂ ਨੂੰ ਲੱਗ ਰਿਹਾ ਹੈ ਕਿ ਜਲੰਧਰ ਵਿਚ ਕੋਈ ਖਾਸ ਸੁਧਾਰ ਹੋਇਆ ਨਹੀਂ ਹੈ। ਪਿਛਲੇ 5 ਸਾਲ ਪੰਜਾਬ ਅਤੇ ਜਲੰਧਰ ਨਿਗਮ ਦੀ ਸੱਤਾ 'ਤੇ ਕਾਬਜ ਰਹੀ ਕਾਂਗਰਸ ਸਰਕਾਰ ਦੇ ਰਾਜ ਦੌਰਾਨ ਸਮਾਰਟ ਸਿਟੀ ਦੇ ਵਧੇਰੇ ਪ੍ਰਾਜੈਕਟਾਂ ਵਿਚ ਨਾ ਸਿਰਫ ਖੁੱਲ੍ਹ ਕੇ ਮਨਮਰਜੀ ਹੋਈ, ਸਗੋਂ ਚਹੇਤੇ ਠੇਕੇਦਾਰਾਂ ਨੂੰ ਹੀ ਵਧੇਰੇ ਪ੍ਰਾਜੈਕਟ ਅਲਾਟ ਕਰ ਦਿੱਤੇ ਗਏ, ਜਿਸ ਕਾਰਨ ਕਰੋੜਾਂ ਰੁਪਏ ਦੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਅੱਜ ਤਕ ਕਿਸੇ ਵੀ ਸਬੰਧਤ ਅਫਸਰ ਦੀ ਕੋਈ ਜਵਾਬਦੇਹੀ ਫਿਕਸ ਨਹੀਂ ਕੀਤੀ ਗਈ, ਉਸ 'ਤੇ ਕਾਰਵਾਈ ਤਾਂ ਬਹੁਤ ਦੂਰ ਦੀ ਗੱਲ ਹੈ। ਉਥੇ ਹੀ, ਦੂਜੇ ਪਾਸੇ ਇਹ ਵੀ ਇਕ ਤੱਥ ਹੈ ਕਿ ਕਾਂਗਰਸ ਸਰਕਾਰ ਦੌਰਾਨ ਉਸ ਸਮੇਂ ਦੀ ਨਿਗਮ ਅਤੇ ਸਮਾਰਟ ਸਿਟੀ ਦੀ ਅਫਸਰਸ਼ਾਹੀ ਨੇ ਨਵੇਂ ਚੁਣੇ ਪ੍ਰਤੀਨਿਧੀਆਂ ਅਤੇ ਮੇਅਰ ਤਕ ਦੀ ਕੋਈ ਪ੍ਰਵਾਹ ਨਹੀਂ ਕੀਤੀ। ਉਸ ਸਮੇਂ ਦੇ ਮੇਅਰ ਅਤੇ ਕੌਂਸਲਰ ਹਾਊਸ ਨੂੰ ਸਮਾਰਟ ਸਿਟੀ ਦੇ ਪ੍ਰਾਜੈਕਟਾਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਭਾਵੇਂ ਉਸ ਸਮੇਂ ਦੇ ਮੇਅਰ ਵੀ ਸਮਾਰਟ ਸਿਟੀ ਦੇ ਡਾਇਰੈਕਟਰ ਸਨ ਪਰ ਫਿਰ ਵੀ ਉਨ੍ਹਾਂ ਸਮਾਰਟ ਸਿਟੀ ਦੇ ਅਫਸਰਾਂ 'ਤੇ ਨਾ ਖੁਦ ਕੋਈ ਐਕਸ਼ਨ ਲਿਆ ਅਤੇ ਨਾ ਹੀ ਪਾਰਟੀ ਹਾਈਕਮਾਨ ਨੇ ਇਸ ਮਾਮਲੇ ਵਿਚ ਕੁਝ ਕੀਤਾ। ਹੁਣ ਕਿਉਂਕਿ ਜਲੰਧਰ ਵਿਚ ਆਮ ਆਦਮੀ ਪਾਰਟੀ ਆਪਣਾ ਮੇਅਰ ਬਣਾਉਣ ਜਾ ਰਹੀ ਹੈ ਅਤੇ 'ਆਪ' ਲੀਡਰਸ਼ਿਪ ਨੇ ਸਮਾਰਟ ਸਿਟੀ ਵਿਚ ਹੋਏ ਸਕੈਂਡਲਾਂ ਦੀ ਜਾਂਚ ਦਾ ਕੰਮ ਵਿਜੀਲੈਂਸ ਨੂੰ ਵੀ ਸੌਂਪਿਆ ਹੋਇਆ ਹੈ, ਇਸ ਲਈ ਨਵੇਂ ਮੇਅਰ ਦੀ ਇਹ ਜਿ਼ੰਮੇਵਾਰੀ ਬਣਦੀ ਹੈ ਕਿ ਉਹ ਪਾਰਟੀ ਦਾ ਅਕਸ ਸੁਧਾਰਨ ਲਈ ਜਲੰਧਰ ਸਮਾਰਟ ਸਿਟੀ ਵਿਚ ਹੋਈਆਂ ਗੜਬੜੀਆਂ 'ਤੇ ਕੋਈ ਨਾ ਕੋਈ ਐਕਸ਼ਨ ਲਵੇ ਅਤੇ ਵਿਜੀਲੈਂਸ ਦੇ ਸਾਹਮਣੇ ਕੇਸ ਦ੍ਰਿੜ੍ਹਤਾ ਨਾਲ ਰੱਖੇ ਤਾਂ ਕਿ ਭ੍ਰਿਸ਼ਟ ਅਫਸਰਾਂ ਨੂੰ ਕੋਈ ਨਾ ਕੋਈ ਸਜਾ ਮਿਲ ਸਕੇ। ਸ਼ਹਿਰ ਵਿਚ ਆਮ ਚਰਚਾ ਹੈ ਕਿ ਕਰੋੜਾਂ ਰੁਪਏ ਦੀ ਗੜਬੜੀ ਨੂੰ ਲੈ ਕੇ ਅਫਸਰ ਹੀ ਅਫਸਰਾਂ ਨੂੰ ਬਚਾਅ ਰਹੇ ਹਨ ਅਤੇ ਕਿਸੇ ਨੂੰ ਜਵਾਬਦੇਹ ਤਕ ਨਹੀਂ ਬਣਾਇਆ ਜਾ ਰਿਹਾ। ਪੰਜਾਬ ਵਿਚ ਸਮਾਰਟ ਸਿਟੀ ਮਿਸ਼ਨ ਦੀ ਦੇਖ-ਰੇਖ ਦਾ ਜਿ਼ੰਮਾ ਪੰਜਾਬ ਮਿਊਂਸੀਪਲ ਇਨਫਰਾਸਟਰੱਕਚਰ ਡਿਵੈੱਲਪਮੈਂਟ ਕੰਪਨੀ (ਪੀ. ਐੱਮ. ਆਈ. ਡੀ. ਸੀ.) ਦੇ




ਜਿ਼ੰਮੇ ਰਿਹਾ। ਪੀ. ਐੱਮ. ਆਈ. ਡੀ. ਸੀ. ਦੇ ਅਧਿਕਾਰੀਆਂ ਨੇ ਜਲੰਧਰ ਸਮਾਰਟ ਸਿਟੀ ਦੇ ਪ੍ਰਾਜੈਕਟ ਦੀ ਹਰ ਫਾਈਲ ਨੂੰ ਕਲੀਅਰੈਂਸ ਦਿੱਤੀ ਅਤੇ ਵਿੱਤੀ ਰੂਪ ਨਾਲ ਵੀ ਸਮਾਰਟ ਸਿਟੀ ਦੇ ਕੰਮਾਂ 'ਤੇ ਪੂਰੀ ਨਜਰ ਰੱਖੀ। ਇਸ ਦੇ ਬਾਵਜੂਦ ਜਲੰਧਰ ਵਿਚ ਸਮਾਰਟ ਸਿਟੀ ਦੇ ਨਾਂ 'ਤੇ ਖੁੱਲ੍ਹ ਕੇ ਪੈਸਾ ਵਹਾਇਆ ਗਿਆ ਅਤੇ ਕਈ ਅਜਿਹੇ ਪ੍ਰਾਜੈਕਟ ਰਹੇ, ਜਿਥੇ ਖੁੱਲ੍ਹ ਕੇ ਘਟੀਆ ਕੰਮ ਹੋਇਆ। ਚੰਡੀਗੜ੍ਹ ਬੈਠੇ ਅਫਸਰਾਂ ਨੇ ਸਮਾਰਟ ਸਿਟੀ ਜਲੰਧਰ ਬਾਰੇ ਆਈ ਹਰ ਸ਼ਿਕਾਇਤ ਨੂੰ ਸਫਾਈ ਨਾਲ ਦਬਾ ਦਿੱਤਾ ਅਤੇ ਕੋਈ ਸਖਤ ਕਾਰਵਾਈ ਨਹੀਂ ਕੀਤੀ। ਭ੍ਰਿਸ਼ਟਾਚਾਰ ਦਾ ਜਿ਼ਆਦਾ ਰੌਲਾ ਪੈਣ 'ਤੇ ਜਲੰਧਰ ਸਮਾਰਟ ਸਿਟੀ ਦੇ ਕੰਮਾਂ ਦੀ ਜਾਂਚ ਲਈ ਪੰਜਾਬ ਸਰਕਾਰ ਨੇ ਥਰਡ ਪਾਰਟੀ ਏਜੰਸੀ ਸ਼੍ਰੀਖੰਡੇ ਕੰਸਲਟੈਂਸੀ ਨੂੰ ਲੱਖਾਂ ਰੁਪਏ ਦੇ ਕੇ ਜਾਂਚ ਵੀ ਕਰਵਾਈ। ਇਸ ਕੰਪਨੀ ਨੇ ਸਮਾਰਟ ਸਿਟੀ ਜਲੰਧਰ ਦੇ ਵੱਖ-ਵੱਖ ਪ੍ਰਾਜੈਕਟਾਂ ਵਿਚ ਕਰਮਚਾਰੀਆਂ ਬਾਰੇ ਆਪਣੀ ਰਿਪੋਰਟ ਚੰਡੀਗੜ੍ਹ ਬੈਠੇ ਅਫਸਰਾਂ ਨੂੰ ਸੌਂਪੀ। ਐੱਲ. ਈ. ਡੀ. ਸਟਰੀਟ ਲਾਈਟ ਪ੍ਰਾਜੈਕਟ ਵਿਚ ਠੇਕੇਦਾਰਾਂ ਨੂੰ ਵਧੇਰੇ ਪੇਮੈਂਟ ਕਰਨ, ਜੀ. ਐੱਸ. ਟੀ. ਦਾ ਵਾਧੂ ਭੁਗਤਾਨ ਕਰਨ ਅਤੇ ਕਾਂਟਰੈਕਟ ਦੇ ਉਲਟ ਜਾ ਕੇ ਕਈ ਕੰਮ ਕਰਨ ਬਾਰੇ ਜੋ ਰਿਪੋਰਟ ਦਿੱਤੀ ਗਈ, ਉਸ 'ਤੇ ਵੀ ਚੰਡੀਗੜ੍ਹ ਬੈਠੇ ਅਫਸਰਾਂ ਨੇ ਕੋਈ ਐਕਸ਼ਨ ਨਹੀਂ ਲਿਆ। ਬਾਕੀ ਪ੍ਰਾਜੈਕਟਾਂ ਵਿਚ ਵੀ ਗੜਬੜੀ ਸਬੰਧੀ ਕਈ ਤੱਥ ਦਿੱਤੇ ਗਏ ਪਰ ਕਿਸੇ ਅਫਸਰ ਨੂੰ ਗੜਬੜੀ ਲਈ ਜਵਾਬਦੇਹ ਨਹੀਂ ਬਣਾਇਆ ਗਿਆ। ਉਸ ਤੋਂ ਬਾਅਦ ਕੈਗ ਨੇ ਵੀ ਸਮਾਰਟ ਸਿਟੀ ਦਾ ਆਡਿਟ ਕਰਕੇ ਕਈ ਕਮੀਆਂ ਨੂੰ ਕੱਢਿਆ ਅਤੇ ਵਿਸਥਾਰ ਵਿਚ ਰਿਪੋਰਟ ਦਿੱਤੀ ਪਰ ਉਸ ਦੇ ਆਧਾਰ 'ਤੇ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਮਿਸ਼ਨ ਦੌਰਾਨ ਸਮਾਰਟ ਸਿਟੀ ਦੇ ਕੰਮ ਲਿਮਟਿਡ ਕੰਪਨੀ ਬਣ ਕੇ ਕੀਤੇ ਗਏ, ਜਿਸ ਦੌਰਾਨ ਸਰਕਾਰੀ ਨਿਯਮਾਂ ਦਾ ਪਾਲਣ ਨਹੀਂ ਕੀਤਾ ਗਿਆ। ਕੰਪਨੀ ਦੇ ਵਧੇਰੇ ਰਿਟਾਇਰਡ ਅਫਸਰਾਂ ਨੂੰ ਭਰਤੀ ਕਰ ਲਿਆ ਗਿਆ, ਜਿਨ੍ਹਾਂ ਵਿਚੋਂ ਕਈਆਂ ਦੇ ਅਕਸ ਤਕ ਸਾਫ ਨਹੀਂ ਸਨ। ਸਮਾਰਟ ਸਿਟੀ ਕੰਪਨੀ ਜਲੰਧਰ ਵਿਚ ਰਹੇ ਪੁਰਾਣੇ ਅਧਿਕਾਰੀਆਂ ਨੇ ਆਪਣੇ ਕਾਰਜਕਾਲ ਦੌਰਾਨ ਖੂਬ ਮਨਮਰਜੀਆਂ ਕੀਤੀਆਂ, ਜਿਸ ਦੀ ਸਭ ਤੋਂ ਵੱਡੀ ਉਦਾਹਰਣ ਐੱਲ. ਈ. ਡੀ. ਸਟਰੀਟ ਲਾਈਟ ਪ੍ਰਾਜੈਕਟ ਹੈ, ਜਿਸ ਵਿਚ ਸਭ ਤੋਂ ਵੱਧ ਗੜਬੜੀ ਹੋਈ। ਦੋਸ਼ ਲੱਗਦੇ ਰਹੇ ਹਨ ਕਿ ਚੰਡੀਗੜ੍ਹ ਬੈਠੇ ਅਧਿਕਾਰੀਆਂ ਨਾਲ ਗੱਲ ਕਰਨ ਤੋਂ ਬਾਅਦ ਨਗਰ ਨਿਗਮਾਂ ਤੋਂ ਰਿਟਾਇਰਡ ਹੋਏ ਅਧਿਕਾਰੀਆਂ ਨੂੰ ਹੀ ਜਲੰਧਰ ਸਮਾਰਟ ਸਿਟੀ ਵਿਚ ਭਰਤੀ ਕਰ ਲਿਆ ਗਿਆ। ਜਿਹੜੇ ਅਧਿਕਾਰੀਆਂ 'ਤੇ ਨਿਗਮ ਵਿਚ ਰਹਿੰਦੇ ਹੋਏ ਕਰੋੜਾਂ ਰੁਪਏ ਦੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ, ਉਨ੍ਹਾਂ ਨੂੰ ਦੁਬਾਰਾ ਮਲਾਈਦਾਰ ਅਹੁਦਿਆਂ 'ਤੇ ਨੌਕਰੀ ਦੇ ਦਿੱਤੀ ਗਈ। ਉਨ੍ਹਾਂ ਸਮਾਰਟ ਸਿਟੀ ਵਿਚ ਵੀ ਨਿਗਮਾਂ ਵਰਗਾ ਮਾਹੌਲ ਪੈਦਾ ਕਰ ਦਿੱਤਾ ਅਤੇ ਆਪਣੇ ਚਹੇਤੇ ਠੇਕੇਦਾਰ ਫਿੱਟ ਕਰ ਕੇ ਖੂਬ ਗੋਲਮਾਲ ਕੀਤਾ। ਅਫਸਰਾਂ ਨੇ ਸਵਾ-ਸਵਾ ਲੱਖ ਤਨਖਾਹ ਤਾਂ ਲਈ ਪਰ ਕਦੀ ਸਾਈਟ ਵਿਜਿ਼ਟ ਨਹੀਂ ਕੀਤੀ, ਜਿਸ ਕਾਰਨ ਵਧੇਰੇ ਪ੍ਰਾਜੈਕਟਾਂ ਵਿਚ ਜੰਮ ਕੇ ਘਟੀਆ ਮਟੀਰੀਅਲ ਦੀ ਵਰਤੋਂ ਹੋਈ।